ਮੰਗਲਵਾਰ, 3 ਅਕਤੂਬਰ, 2023
17 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 123

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • TUESDAY, 3 OCTOBER, 2023 ਜਲੰਧਰ

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਬਿਹਾਰ ਦੀ ਤਸਵੀਰ ਸਾਫ਼

## ਪੱਛੜੇ ਵਰਗ ਦੀ ਆਬਾਦੀ 27 ਤੇ ਅੱਤ ਪੱਛੜੇ ਵਰਗ ਦੀ 36 ਫੀਸਦੀ

**ਪਟਨਾ** : ਬਿਹਾਰ 'ਚ ਜਾਤੀ ਅਧਾਰਤ ਗਣਨਾ ਦੀ ਰਿਪੋਰਟ ਸੋਮਵਾਰ ਜਾਰੀ ਕਰ ਦਿੱਤੀ ਗਈ ਹੈ। ਇਸ ਗਣਨਾ ਮੁਤਾਬਕ ਬਿਹਾਰ 'ਚ ਹਿੰਦੂਆਂ ਦੀ ਸਭ ਤੋਂ ਵੱਧ ਆਬਾਦੀ ਹੈ। ਇਹ ਆਬਾਦੀ 81.9986 ਫੀਸਦੀ ਹੈ। ਉਥੇ ਹੀ ਅੱਤ ਪੱਛੜਾ ਵਰਗ ਦੀ ਆਬਾਦੀ 36.01 ਫੀਸਦੀ, ਪੱਛੜਾ ਵਰਗ 27.12 ਫੀਸਦੀ, ਐੱਸ ਸੀ 19.65 ਫੀਸਦੀ, ਐੱਸ ਟੀ 1.6 ਫੀਸਦੀ ਅਤੇ ਮੁਸਹਰ ਦੀ ਆਬਾਦੀ 3 ਫੀਸਦੀ ਦੱਸੀ ਗਈ ਹੈ। ਇਸ ਰਿਪੋਰਟ ਦਾ ਸਿਆਸੀ ਗਲਿਆਰਿਆਂ ਦੇ ਨਾਲ-ਨਾਲ ਆਮ ਲੋਕਾਂ ਨੂੰ ਵੀ ਬੇਸਬਰੀ ਨਾਲ ਇੰਤਜ਼ਾਰ ਸੀ। ਲੋਕ ਸਭਾ ਚੋਣਾਂ 2024 ਤੋਂ ਪਹਿਲਾਂ ਇਸ ਰਿਪੋਰਟ ਨੂੰ ਨਿਤਿਸ਼ ਸਰਕਾਰ ਦਾ ਸਭ ਤੋਂ ਵੱਡਾ ਦਾਅ ਮੰਨਿਆ ਜਾ ਰਿਹਾ ਹੈ। ਬਿਹਾਰ ਸਰਕਾਰ ਦੀ ਜਾਤੀ ਅਧਾਰਤ ਗਣਨਾ ਦੀ ਰਿਪੋਰਟ ਮੁਤਾਬਕ ਸੂਬੇ ਦੀ ਕੁੱਲ ਆਬਾਦੀ 13,07,25,310 ਹੈ।

ਬਿਹਾਰ 'ਚ ਜਾਤੀ ਜਨਗਣਨਾ ਦੇ ਜੋ ਅੰਕੜੇ ਜਾਰੀ ਕੀਤੇ ਗਏ ਹਨ, ਉਸ ਮੁਤਾਬਕ ਸੂਬੇ 'ਚ ਸਭ ਤੋਂ ਜ਼ਿਆਦਾ ਆਬਾਦੀ ਅੱਤ ਪੱਛੜਾ ਵਰਗ ਦੀ ਹੈ। ਇਸ ਰਿਪੋਰਟ ਮੁਤਾਬਕ ਬਿਹਾਰ 'ਚ ਜਨਰਲ ਇੱਕ ਤਰ੍ਹਾਂ ਨਾਲ ਬਹੁਤ ਘੱਟ ਆਬਾਦੀ 'ਚ ਸਿਮਟ ਕੇ ਰਹਿ ਗਏ ਹਨ। ਆਬਾਦੀ ਦੇ ਹਿਸਾਬ ਨਾਲ ਪੱਛੜਾ ਵਰਗ 36.01 ਫੀਸਦੀ ਹੈ, ਜਿਸ ਦੀ ਗਿਣਤੀ 4,70,80,514 ਹੈ। ਉਥੇ ਹੀ ਪੱਛੜਾ ਵਰਗ 27.12 ਫੀਸਦੀ ਦੇ ਨਾਲ 3, 54, 63, 936 ਹੈ, ਜਦਕਿ ਅਨੁਸੂਚਿਤ ਜਾਤੀ 19.6518 ਫੀਸਦੀ ਦੇ ਨਾਲ 2,5689,820 ਹੈ। ਉਥੇ ਹੀ ਅਨੁਸੂਚਿਤ ਜਨਜਾਤੀ ਦੀ ਆਬਾਦੀ 21,99,361 ਹੈ, ਜੋ ਕਿ ਕੁੱਲ ਆਬਾਦੀ ਦਾ 1.6824 ਫੀਸਦੀ ਹੈ। ਜਨਰਲ ਕੈਟਾਗਰੀ, ਜਿਸ 'ਚ ਸਵਰਨ ਵੀ ਕਹਿ ਸਕਦੇ ਹਾਂ, ਦੀ ਆਬਾਦੀ 2, 02, 91, 679 ਹੈ, ਇਹ ਬਿਹਾਰ ਦੀ ਕੁੱਲ ਆਬਾਦੀ ਦਾ 15.5224 ਫੀਸਦੀ ਹੈ। ਬਿਹਾਰ ਸਰਕਾਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਬਿਹਾਰ 'ਚ 82 ਫੀਸਦੀ ਹਿੰਦੂ, 17.7 ਫੀਸਦੀ ਮੁਸਲਮਾਨ, .05 ਈਸਾਈ, .08 ਫੀਸਦੀ ਬੁੱਧ ਧਰਮ, .0016 ਕੋਈ ਧਰਮ ਨਹੀਂ। ਬ੍ਰਾਹਮਣ 3.65 ਫੀਸਦੀ, ਰਾਜਪੂਤ 3.45 ਫੀਸਦੀ, ਕਸ਼ਅਪ 0.6011 ਫੀਸਦੀ, ਕੁਰਮੀ 2.8785 ਫੀਸਦੀ, ਕੁਸ਼ਵਾਹਾ 4.2 ਫੀਸਦੀ, ਤੇਲੀ 2.8131 ਫੀਸਦੀ, ਯਾਦਵ 14.26 ਫੀਸਦੀ, ਨਾਈ 1.59 ਫੀਸਦੀ ਹਨ। ਇਸ ਰਿਪੋਰਟ 'ਚ ਨਿਤਿਸ਼ ਸਰਕਾਰ ਨੇ ਕੁੱਲ 215 ਜਾਤੀਆਂ ਦਾ ਅੰਕੜਾ ਜਾਰੀ ਕੀਤਾ ਹੈ। ਰਿਪੋਰਟ ਅਨੁਸਾਰ ਮਰਦਾਂ ਦੀ ਕੁੱਲ ਗਿਣਤੀ 6 ਕਰੋੜ 41 ਲੱਖ 31 ਹਜ਼ਾਰ ਹੈ, ਜਦਕਿ ਔਰਤਾਂ ਦੀ ਗਿਣਤੀ 6 ਕਰੋੜ 11 ਲੱਖ 38 ਹਜ਼ਾਰ 460 ਹੈ। ਗਣਨਾ ਅਨੁਸਾਰ 1000 ਮਰਦਾਂ ਪਿੱਛੇ 953 ਔਰਤਾਂ ਹਨ।



## ਗਣਨਾ ਨਾਲ ਜਾਤੀਆਂ ਹੀ ਨਹੀਂ, ਆਰਥਕ ਸਥਿਤੀ ਦੀ ਜਾਣਕਾਰੀ ਵੀ ਮਿਲੀ : ਨਿਤਿਸ਼

**ਪਟਨਾ** : ਨਿਤਿਸ਼ ਕੁਮਾਰ ਨੇ ਟਵੀਟ ਕਰਕੇ ਕਿਹਾ, 'ਅੱਜ ਗਾਂਧੀ ਜੈਅੰਤੀ ਦੇ ਸ਼ੁਭ ਮੌਕੇ 'ਤੇ ਬਿਹਾਰ 'ਚ ਕਰਾਈ ਗਈ ਜਾਤੀ ਅਧਾਰਤ ਗਣਨਾ ਦੇ ਅੰਕੜੇ ਪ੍ਰਕਾਸ਼ਤ ਕਰ ਦਿੱਤੇ ਗਏ। ਜਾਤੀ ਅਧਾਰਤ ਗਣਨਾ ਦੇ ਕੰਮ 'ਚ ਲੱਗੀ ਪੂਰੀ ਟੀਮ ਨੂੰ ਬਹੁਤ-ਬਹੁਤ ਵਧਾਈ।

ਜਾਤੀ ਅਧਾਰਤ ਗਣਨਾ ਲਈ ਸਹਿਮਤੀ ਨਾਲ ਵਿਧਾਨ ਮੰਡਲ 'ਚ ਪ੍ਰਸਤਾਵ ਪਾਸ ਕੀਤਾ ਗਿਆ ਸੀ। ਬਿਹਾਰ ਵਿਧਾਨ ਸਭਾ ਦੇ ਸਾਰੇ 9 ਦਲਾਂ ਦੀ ਸਹਿਮਤੀ ਨਾਲ ਫੈਸਲਾ ਲਿਆ ਗਿਆ ਸੀ ਕਿ ਸੂਬਾ ਸਰਕਾਰ ਆਪਣੇ ਸਾਧਨਾਂ ਨਾਲ ਜਾਤੀ ਅਧਾਰਤ ਗਣਨਾ ਕਰਾਏ ਅਤੇ 2 ਜੂਨ 2022 ਨੂੰ ਮੰਤਰੀ ਪ੍ਰੀਸ਼ਦ ਤੋਂ ਇਸ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਦੇ ਅਧਾਰ 'ਤੇ ਸੂਬਾ ਸਰਕਾਰ ਨੇ ਆਪਣੇ ਸਾਧਨਾਂ ਨਾਲ ਜਾਤੀ ਅਧਾਰਤ ਗਣਨਾ ਕਰਾਈ ਹੈ। ਜਾਤੀ ਅਧਾਰਤ ਗਣਨਾ ਨਾਲ ਨਾਲ ਸਿਰਫ਼ ਜਾਤੀਆਂ ਬਾਰੇ ਪਤਾ ਚੱਲਿਆ ਹੈ, ਬਲਕਿ ਸਾਰਿਆਂ ਦੀ ਆਰਥਕ ਸਥਿਤੀ ਦੀ ਜਾਣਕਾਰੀ ਵੀ ਮਿਲੀ ਹੈ। ਇਸ ਦੇ ਅਧਾਰ 'ਤੇ ਸਾਰੇ ਵਰਗਾਂ ਦੇ ਵਿਕਾਸ ਲਈ ਅਗਾਊਂ ਕਾਰਵਾਈ ਕੀਤੀ ਜਾਵੇਗੀ।

ਬਿਹਾਰ 'ਚ ਕਰਾਈ ਗਈ ਗਣਨਾ ਨੂੰ ਲੈ ਕੇ ਜਲਦ ਹੀ ਬਿਹਾਰ ਵਿਧਾਨ ਸਭਾ ਦੇ ਉਹੀ 9 ਦਲਾਂ ਦੀ ਮੀਟਿੰਗ ਬੁਲਾਈ ਜਾਵੇਗੀ ਅਤੇ ਜਾਤੀ ਅਧਾਰਤ ਗਣਨਾ ਦੇ ਨਤੀਜਿਆਂ ਨਾਲ ਉਨ੍ਹਾਂ ਨੂੰ ਜਾਣੂ ਕਰਾਇਆ ਜਾਵੇਗਾ।

# ਸਰਕਾਰੀ ਖੇਤਰ ਦਾ ਆਪਣੀ ਕਿਸਮ ਦਾ ਪਹਿਲਾ ਮਾਤਾ ਕੌਸ਼ੱਲਿਆ ਹਸਪਤਾਲ ਲੋਕਾਂ ਨੂੰ ਸਮਰਪਿਤ

**ਪਟਿਆਲਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**

ਸੂਬੇ 'ਚ ਸਿਹਤ ਕ੍ਰਾਂਤੀ ਦੇ ਨਵੇਂ ਦੌਰ ਦੀ ਸ਼ੁਰੂਆਤ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸੋਮਵਾਰ ਪਟਿਆਲਾ ਵਿਖੇ ਸਰਕਾਰੀ ਖੇਤਰ ਦਾ ਆਪਣੀ ਕਿਸਮ ਦਾ ਪਹਿਲਾ ਮਾਤਾ ਕੌਸ਼ੱਲਿਆ ਹਸਪਤਾਲ ਲੋਕਾਂ ਨੂੰ ਸਮਰਪਿਤ ਕੀਤਾ। ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਇਹ ਹਸਪਤਾਲ ਇਤਿਹਾਸਕ ਸ਼ਹਿਰ ਪਟਿਆਲਾ ਅਤੇ ਇਸ ਦੇ ਆਸ-ਪਾਸ ਦੀ ਲਗਭਗ 20 ਲੱਖ ਲੋਕਾਂ ਦੀ ਆਬਾਦੀ ਨੂੰ ਸਿਹਤ ਸਹੂਲਤਾਂ ਦੇਵੇਗਾ। ਇਸ ਹਸਪਤਾਲ 'ਚ 300 ਬੈੱਡ ਹਨ ਅਤੇ ਹੁਣ ਇਸ ਵੱਕਾਰੀ ਸਿਹਤ ਸੰਸਥਾ 'ਚ 66 ਬੈੱਡਾਂ ਦਾ ਵਾਧਾ ਕੀਤਾ ਜਾ ਰਿਹਾ ਹੈ। ਹਸਪਤਾਲ ਨੂੰ 13.80 ਕਰੋੜ ਰੁਪਏ ਦੀ ਲਾਗਤ ਨਾਲ ਅੱਪਗ੍ਰੇਡ ਕੀਤਾ ਗਿਆ ਹੈ ਅਤੇ ਆਈ ਸੀ ਯੂ, ਐੱਨ ਆਈ ਸੀ ਯੂ ਅਤੇ ਹੋਰ ਸਹੂਲਤਾਂ ਨਾਲ ਲੈਸ ਕੀਤਾ ਗਿਆ ਹੈ। ਸੂਬੇ 'ਚ ਸਿਹਤ ਕ੍ਰਾਂਤੀ ਦੇ ਯੁੱਗ ਦੀ ਸ਼ੁਰੂਆਤ ਕਰਦਿਆਂ ਸਰਕਾਰ ਨੇ ਵਿੱਤੀ ਸਾਲ 2023-24 ਦੇ ਆਪਣੇ ਬਜਟ 'ਚ ਕਮਿਊਨਿਟੀ ਹੈਲਥ ਸੈਂਟਰਾਂ, ਸਬ ਡਿਵੀਜਨਲ ਹਸਪਤਾਲਾਂ ਅਤੇ ਜਿਲ੍ਹਾ ਹਸਪਤਾਲਾਂ ਦੀ ਮਜ਼ਬੂਤੀ ਲਈ 1300 ਕਰੋੜ ਰੁਪਏ ਦੀ ਅੰਦਾਜਨ ਲਾਗਤ ਨਾਲ ਵਿਸ਼ੇਸ਼ ਪ੍ਰਾਜੈਕਟ ਦਾ ਐਲਾਨ ਕੀਤਾ ਹੈ ਅਤੇ ਇਸ ਪ੍ਰਾਜੈਕਟ ਨੂੰ ਪੜਾਅਵਾਰ ਪੂਰਾ ਕੀਤਾ ਜਾਵੇਗਾ। ਸੋਮਵਾਰ 19 ਜਿਲ੍ਹਾ ਹਸਪਤਾਲਾਂ, 6 ਸਬ ਡਿਵੀਜਨਲ ਹਸਪਤਾਲਾਂ ਅਤੇ 15 ਸੀ ਐਚ ਸੀ ਨੂੰ ਕਵਰ ਕਰਨ ਵਾਲੇ ਪ੍ਰਾਜੈਕਟ ਦੇ ਪਹਿਲੇ ਪੜਾਅ ਦੀ ਸ਼ੁਰੂਆਤ ਕੀਤੀ ਗਈ, ਜਿਸ 'ਤੇ 402 ਕਰੋੜ ਦੀ ਲਾਗਤ ਆਵੇਗੀ। ਇਸ ਪ੍ਰਾਜੈਕਟ ਤਹਿਤ ਸਰਕਾਰ ਨੇ ਹਸਪਤਾਲਾਂ 'ਚ ਸੇਵਾਵਾਂ ਜਿਵੇਂ ਵੱਖ-ਵੱਖ ਸਹੂਲਤਾਂ ਸੰਬੰਧੀ ਮਰੀਜਾਂ ਦੀ ਸਹਾਇਤਾ ਅਤੇ ਮਾਰਗਦਰਸ਼ਨ ਲਈ ਇੱਕ ਸਮਰਪਿਤ ਮਰੀਜ ਸੁਵਿਧਾ ਕੇਂਦਰ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਮਾਨ ਨੇ ਕਿਹਾ ਕਿ ਪੰਜਾਬ ਨੇ ਸਿਹਤ ਸੰਭਾਲ ਦੇ ਖੇਤਰ 'ਚ ਇੱਕ ਨਵੀਂ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾ ਐਲਾਨ ਕੀਤਾ ਕਿ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣ ਲਈ ਇੱਕ ਸਾਲ ਦੇ ਅੰਦਰ ਰਾਜ ਭਰ ਦੇ ਸਾਰੇ ਹਸਪਤਾਲਾਂ 'ਚ ਐਮਰਜੈਂਸੀ ਸੇਵਾਵਾਂ ਚਾਲੂ ਕਰ ਦਿੱਤੀਆਂ ਜਾਣਗੀਆਂ। ਉਹਨਾ ਕਿਹਾ ਕਿ ਸੂਬਾ ਸਰਕਾਰ ਦੂਰ-ਦੁਰਾਡੇ ਅਤੇ ਪੇਂਡੂ ਖੇਤਰਾਂ ਦੇ ਗੰਭੀਰ ਮਰੀਜ਼ਾਂ ਲਈ ਅਤਿ ਉੱਨਤ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਇਲੈਕਟ੍ਰਾਨਿਕ ਇੰਟੈਂਸਿਵ ਕੇਅਰ ਯੂਨਿਟ (ਈ ਆਈ ਸੀ ਯੂ) ਸਿਸਟਮ ਸ਼ੁਰੂ ਕਰਨ ਜਾ ਰਹੀ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਦੀ ਭਲਾਈ ਲਈ 550 ਕਰੋੜ ਰੁਪਏ ਦਾ ਸਿਹਤਮੰਦ ਮਿਸ਼ਨ ਪੰਜਾਬ ਸ਼ੁਰੂ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਪੰਜਾਬ ਨੂੰ ਸਿੱਖਿਆ ਅਤੇ ਸਿਹਤ ਸੇਵਾਵਾਂ ਦੇ ਖੇਤਰ 'ਚ ਮੋਹਰੀ ਸੂਬਾ ਬਣਾਇਆ ਜਾਵੇਗਾ।

ਮੁੱਖ ਮੰਤਰੀ ਨੇ ਦੱਸਿਆ ਕਿ ਸਿਹਤਮੰਦ ਪੰਜਾਬ ਐਪ ਵੀ ਲਾਂਚ ਕੀਤੀ ਗਈ ਹੈ, ਜਿਸ ਨਾਲ ਮੋਬਾਇਲ 'ਤੇ ਕਲਿੱਕ ਕਰਨ 'ਤੇ ਲੋਕ ਨੇੜਲੇ ਆਮ ਆਦਮੀ ਕਲੀਨਿਕਾਂ ਦਾ ਪਤਾ ਲਾ ਸਕਣਗੇ। ਉਨ੍ਹਾ ਕਿਹਾ ਕਿ ਰਾਜ ਸਰਕਾਰ ਦਾ ਟੀਚਾ ਹੈ ਕਿ ਆਮ ਆਦਮੀ ਕਲੀਨਿਕਾਂ ਵਾਂਗ ਲੋਕਾਂ ਨੂੰ ਮੁਫਤ ਦਵਾਈਆਂ ਮੁਹੱਈਆ ਕਰਵਾਉਣ ਲਈ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਆਯੂਸ਼ ਫਾਰਮੇਸੀ ਸ਼ੁਰੂ ਕੀਤੀ ਜਾਵੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਭਰ 'ਚ ਸਥਾਪਤ ਕੀਤੇ ਗਏ ਆਮ ਆਦਮੀ ਕਲੀਨਿਕਾਂ 'ਚ ਲੋਕਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾ ਐਲਾਨ ਕੀਤਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੋਵੇਗਾ, ਜੋ ਸਰਕਾਰੀ ਹਸਪਤਾਲਾਂ 'ਚ 'ਮਰੀਜ਼ ਸੁਵਿਧਾ ਕੇਂਦਰ' ਸ਼ੁਰੂ ਕਰਨ ਜਾ ਰਿਹਾ ਹੈ। ਹਸਪਤਾਲ 'ਚ ਐੱਨ ਆਈ ਸੀ ਯੂ ਵਾਰਡ ਨੂੰ ਅੱਪਗ੍ਰੇਡ ਕਰਕੇ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਗਿਆ ਹੈ। ਦਿੱਲੀ ਦੇ ਮੁੱਖ ਮੰਤਰੀ ਨੇ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੂਬੇ 'ਚ ਸਿਹਤ ਕ੍ਰਾਂਤੀ ਦਾ ਦੌਰ ਸ਼ੁਰੂ ਹੋ ਗਿਆ ਹੈ। ਇਸ ਦਾ ਉਦੇਸ਼ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਫਤ ਮੁਹੱਈਆ ਕਰਵਾਉਣਾ ਹੈ। ਕੇਜਰੀਵਾਲ ਨੇ ਕਿਹਾ ਕਿ ਪਹਿਲਾਂ ਅਮੀਰ ਵਰਗ ਦੀ ਹੀ ਪ੍ਰਾਈਵੇਟ ਹਸਪਤਾਲਾਂ 'ਚ ਮਿਆਰੀ ਸਿਹਤ ਸੇਵਾਵਾਂ ਤੱਕ ਪਹੁੰਚ ਸੀ, ਪਰ ਹੁਣ ਆਮ ਆਦਮੀ ਨੂੰ ਉਹ ਸਾਰੀਆਂ ਸਹੂਲਤਾਂ ਇੱਥੇ ਸਰਕਾਰੀ ਸਿਹਤ ਸੰਸਥਾ ਵਿੱਚ ਮਿਲਣਗੀਆਂ। ਕੇਜਰੀਵਾਲ ਨੇ ਕਿਹਾ ਕਿ ਆਮ ਆਦਮੀ ਕਲੀਨਿਕਾਂ ਅਤੇ ਸਕੂਲ ਆਫ ਐਮੀਨੈਂਸ ਵਾਂਗ ਇਨ੍ਹਾਂ ਹਸਪਤਾਲਾਂ ਦੀ ਗਿਣਤੀ ਵੀ ਸੂਬੇ ਭਰ 'ਚ ਵਧਾਈ ਜਾਵੇਗੀ। ਪੰਜਾਬ ਸਰਕਾਰ ਸਰਕਾਰੀ ਹਸਪਤਾਲਾਂ 'ਚ ਸਟਾਫ ਵਧਾਉਣ 'ਤੇ ਧਿਆਨ ਦੇ ਰਹੀ ਹੈ ਅਤੇ ਹੁਣ ਤੱਕ ਸਿਹਤ ਵਿਭਾਗ 'ਚ 9 ਸੁਪਰ ਸਪੈਸ਼ਲਿਸਟ, 299 ਸਪੈਸ਼ਲਿਸਟ, 1094 ਸਟਾਫ ਨਰਸਾਂ, 122 ਪੈਰਾ ਮੈਡੀਕਲ, 113 ਕਲਰਕ ਅਤੇ ਹੋਰ ਸਟਾਫ ਭਰਤੀ ਕੀਤਾ ਚੁੱਕਾ ਹੈ। ਹੁਣ 1866 ਮੈਡੀਕਲ ਅਤੇ ਪੈਰਾ-ਮੈਡੀਕਲ ਸਟਾਫ ਦੀ ਭਰਤੀ ਨਾਲ ਸੂਬੇ 'ਚ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਪਿਛਲੀਆਂ ਸਰਕਾਰਾਂ ਵਿੱਚ 88 ਹਾਊਸ ਸਰਜਨਾਂ ਦੀ ਗਿਣਤੀ ਦੇ ਮੁਕਾਬਲੇ 300 ਹਾਊਸ ਸਰਜਨਾਂ ਦੀ ਰਿਕਾਰਡ ਗਿਣਤੀ ਵੱਖ-ਵੱਖ ਜ਼ਿਲ੍ਹਾ ਹਸਪਤਾਲਾਂ ਤੇ ਉਪ ਮੰਡਲ ਹਸਪਤਾਲਾਂ ਨਾਲ ਜੁੜ ਚੁੱਕੀ ਹੈ। ਇਸ ਤੋਂ ਇਲਾਵਾ ਸਰਕਾਰ ਨੇ ਪ੍ਰਤੀ ਮਰੀਜ਼ ਦੇ ਆਧਾਰ 'ਤੇ 633 ਮੈਡੀਕਲ ਅਫਸਰ, 636 ਫਾਰਮਾਸਿਸਟ, 429 ਕਲੀਨਿਕ ਅਸਿਸਟੈਂਟ ਅਤੇ 172 ਸਵੀਪਰ-ਕਮ-ਹੈਲਪਰਾਂ ਨੂੰ ਇਸ ਦੁਆਰਾ ਸਥਾਪਤ ਕੀਤੇ ਆਮ ਆਦਮੀ ਕਲੀਨਿਕਾਂ 'ਚ ਨਾਗਰਿਕਾਂ ਨੂੰ ਨਿਰਵਿਘਨ ਅਤੇ ਉੱਚ ਗੁਣਵੱਤਾ ਵਾਲੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਸੂਚੀਬੱਧ ਕੀਤਾ ਹੈ। ਜੀ ਐੱਮ ਸੀ, ਪਟਿਆਲਾ ਅਤੇ ਫਰੀਦਕੋਟ ਮੈਡੀਕਲ ਕਾਲਜਾਂ 'ਚ ਐੱਮ ਬੀ ਬੀ ਐੱਸ ਦੀਆਂ ਸੀਟਾਂ ਦੀ ਗਿਣਤੀ 'ਚ 25-25 ਦਾ ਵਾਧਾ ਕੀਤਾ ਗਿਆ ਹੈ। ਇਸੇ ਤਰ੍ਹਾਂ ਸੂਬਾ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਡੀ ਐੱਨ ਬੀ ਸੀਟਾਂ 1922 'ਚ 42 ਤੋਂ ਵਧ ਕੇ 2023 ਵਿੱਚ 85 ਹੋ ਗਈਆਂ ਹਨ ਅਤੇ ਅੱਠ ਨਵੇਂ ਜ਼ਿਲ੍ਹਿਆਂ ਜਿਵੇਂ ਫਤਿਹਗੜ੍ਹ ਸਾਹਿਬ, ਐੱਸ ਬੀ ਐੱਸ ਨਗਰ, ਹੁਸ਼ਿਆਰਪੁਰ, ਗੁਰਦਾਸਪੁਰ, ਪਠਾਨਕੋਟ, ਬਰਨਾਲਾ, ਕਪੂਰਥਲਾ ਅਤੇ ਐੱਸ ਏ ਐੱਸ ਨਗਰ ਨੂੰ ਡੀ ਐੱਨ ਬੀ ਸੀਟਾਂ ਮਿਲੀਆਂ ਹਨ, ਜਿਸ ਨਾਲ ਪਹਿਲੇ 6 ਜ਼ਿਲ੍ਹਿਆਂ ਦੇ ਮੁਕਾਬਲੇ ਹੁਣ 14 ਜ਼ਿਲ੍ਹਿਆਂ 'ਚ ਡੀ ਐਨ ਬੀ ਸੀਟਾਂ ਹਨ। ਪੰਜਾਬ ਨੂੰ ਮੈਡੀਕਲ ਸਿੱਖਿਆ ਦੇ ਧੁਰੇ ਵਜੋਂ ਉਭਾਰਨ ਲਈ ਕਪੂਰਥਲਾ ਅਤੇ ਹੁਸ਼ਿਆਰਪੁਰ ਵਿਖੇ 415 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ 100 ਐੱਮ ਬੀ ਬੀ ਐੱਸ ਸੀਟਾਂ ਵਾਲੇ ਨਵੇਂ ਮੈਡੀਕਲ ਕਾਲਜ ਸਥਾਪਤ ਕੀਤੇ ਜਾ ਰਹੇ ਹਨ।

ਇਸੇ ਤਰ੍ਹਾਂ ਮਾਲੇਰਕੋਟਲਾ ਵਿਖੇ 100 ਐੱਮ ਬੀ ਬੀ ਐੱਸ ਸੀਟਾਂ ਵਾਲਾ ਮਾਇਨਿਓਰਿਟੀ ਮੈਡੀਕਲ ਕਾਲਜ ਅਤੇ ਐੱਸ ਏ ਐੱਸ ਨਗਰ ਵਿਖੇ ਵਿਸ਼ੇਸ਼ ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਾਇਲਰੀ ਸਾਇੰਸਿਜ਼ ਦੀ ਸਥਾਪਨਾ ਕੀਤੀ ਜਾ ਰਹੀ ਹੈ। ਸਮਾਜ ਦੀ ਸਿਹਤ 'ਚ ਸੁਧਾਰ ਦੇ ਉਦੇਸ਼ ਨਾਲ ਨਾਗਰਿਕਾਂ ਨੂੰ ਨਿਯਮਤ ਯੋਗਾ ਸੈਸ਼ਨਾਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ 'ਚ ਵਿਸ਼ੇਸ਼ ਪ੍ਰੋਜੈਕਟ 'ਸੀ ਐੱਮ ਦੀ ਯੋਗਸ਼ਾਲਾ' ਸ਼ੁਰੂ ਕੀਤਾ ਗਿਆ ਹੈ।



## ਰਾਹੁਲ ਨੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ

**ਅੰਮ੍ਰਿਤਸਰ** : ਰਾਹੁਲ ਗਾਂਧੀ ਨੇ ਸੋਮਵਾਰ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ ਤੇ ਭਾਂਡੇ ਸਾਫ ਕਰਨ ਦੀ ਸੇਵਾ ਕੀਤੀ। ਉਨ੍ਹਾ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡੀਨ ਸਰਬਜੋਤ ਸਿੰਘ ਬਹਿਲ ਵੀ ਸਨ। ਰਾਹੁਲ ਦੇ ਨਾਲ ਐੱਸ ਜੀ ਪੀ ਸੀ ਦਾ ਕੋਈ ਅਧਿਕਾਰੀ ਜਾਂ ਗਾਈਡ ਨਜ਼ਰ ਨਹੀਂ ਆਇਆ। ਪ੍ਰੋਫੈਸਰ ਬਹਿਲ ਨੇ ਪਰਕਰਮਾ ਦੌਰਾਨ ਉਨ੍ਹਾ ਨੂੰ 'ਬੇਰੀਆਂ' ਦਾ ਇਤਿਹਾਸ ਦੱਸਿਆ। ਬਾਹਰ ਨਿਕਲਦਿਆਂ ਰਾਹੁਲ ਨੇ ਹੁਕਮਨਾਮਾ ਵੀ ਪੜ੍ਹਿਆ, ਜਿਸ ਦਾ ਅੰਗਰੇਜ਼ੀ ਤਰਜਮਾ ਵੀ ਉਪਲੱਬਧ ਸੀ।

## ਅਰਬਪਤੀ ਕਾਰੋਬਾਰੀ ਹਰਪਾਲ ਰੰਧਾਵਾ, ਬੇਟੇ ਤੇ ਚਾਰ ਹੋਰਨਾਂ ਦੀ ਜਹਾਜ਼ ਹਾਦਸੇ 'ਚ ਮੌਤ



**ਜੋਹਾਨਸਬਰਗ** : ਪਛੜ ਕੇ ਮਿਲੀ ਖਬਰ ਮੁਤਾਬਕ ਅਰਬਪਤੀ ਕਾਰੋਬਾਰੀ ਹਰਪਾਲ ਰੰਧਾਵਾ (60), ਉਨ੍ਹਾ ਦਾ ਪੁੱਤਰ ਆਮੇਰ ਕਬੀਰ ਸਿੰਘ ਰੰਧਾਵਾ (22) ਤੇ ਚਾਰ ਹੋਰ ਮਾਰੇ ਗਏ, ਜਦੋਂ ਉਨ੍ਹਾਂ ਦਾ ਨਿੱਜੀ ਜਹਾਜ਼ ਤਕਨੀਕੀ ਨੁਕਸ ਪੈਣ ਕਰਕੇ ਦੱਖਣ-ਪੱਛਮੀ ਜ਼ਿੰਬਾਬਵੇ ਵਿਚ ਮੁਰੋਵਾ ਹੀਰਿਆਂ ਦੀ ਖਾਣ ਕੋਲ ਡਿੱਗ ਗਿਆ। ਰਿਓਜ਼ਿਮ ਕੰਪਨੀ ਦੇ ਮਾਲਕ ਰੰਧਾਵਾ, ਜਿਹੜੇ ਸੋਨੇ, ਕੋਲੇ, ਨਿਕਲ ਤੇ ਤਾਂਬੇ ਦਾ ਕਾਫੀ ਵੱਡਾ ਕਾਰੋਬਾਰ ਚਲਾ ਰਹੇ ਸਨ, ਦੇ ਸਿੰਗਲ ਇੰਜਣ ਵਾਲੇ ਸੇਸਨਾ-206 ਜਹਾਜ਼ ਨੂੰ ਹਾਦਸਾ ਜ਼ਿੰਬਾਬਵੇ ਦੀ ਰਾਜਧਾਨੀ ਕੋਲ ਮਸ਼ਾਵਾ ਇਲਾਕੇ ਵਿਚ ਪੈਂਦੇ ਵਾਮਾਹਾਂਦੇ ਵਿਖੇ ਵਾਪਰਿਆ। ਰੰਧਾਵਾ ਦੀ ਕੰਪਨੀ ਦਾ ਮੁਰੋਵਾ ਹੀਰਿਆਂ ਦੀ ਖਾਣ ਵਿਚ ਵੀ ਹਿੱਸਾ ਹੈ। ਜ਼ਿੰਬਾਬਵੇ ਦੀ ਪੁਲਸ ਮੁਤਾਬਕ ਹਾਦਸਾ 29 ਸਤੰਬਰ ਨੂੰ ਸਵੇਰੇ ਸਾਢੇ 7 ਤੋਂ 8 ਵਜੇ ਦੇ ਵਿਚਾਲੇ ਹੋਇਆ। ਹਾਲਾਂਕਿ ਪੁਲਸ ਨੇ ਮਰਨ ਵਾਲਿਆਂ ਦੇ ਨਾਂਅ ਹਾਲੇ ਜਾਰੀ ਨਹੀਂ ਕੀਤੇ, ਪੱਤਰਕਾਰ ਤੇ ਫਿਲਮਸਾਜ਼ ਹੋਪਵੈੱਲ ਚਿਨੋਨੋ, ਜਿਸ ਨੇ ਖੁਦ ਨੂੰ ਰੰਧਾਵਾ ਦਾ ਦੋਸਤ ਦੱਸਿਆ ਹੈ, ਨੇ ਪੁਸ਼ਟੀ ਕੀਤੀ ਹੈ ਕਿ ਹਾਦਸੇ ਵਿਚ ਰੰਧਾਵਾ, ਉਨ੍ਹਾ ਦਾ ਪੁੱਤਰ ਤੇ ਚਾਰ ਹੋਰ ਮਾਰੇ ਗਏ ਹਨ।

## ਭਾਰਤ ਹਾਕੀ ਦੇ ਸੈਮੀਫਾਈਨਲ 'ਚ



**ਹਾਂਗਜ਼ੂ** : ਇੱਥੇ ਏਸ਼ੀਆਈ ਖੇਡਾਂ 'ਚ ਹਾਕੀ ਮੁਕਾਬਲੇ ਵਿੱਚ ਭਾਰਤੀ ਪੁਰਸ਼ਾਂ ਦੀ ਟੀਮ ਨੇ ਬੰਗਲਾਦੇਸ਼ ਨੂੰ 12-0 ਨਾਲ ਹਰਾ ਦਿੱਤਾ। ਪੂਲ ਏ 'ਚ ਆਪਣੇ ਆਖਰੀ ਮਕਾਬਲੇ 'ਚ ਟੀਮ ਇੰਡੀਆ ਨੇ ਸੋਮਵਾਰ ਸ਼ਾਨਦਾਰ ਪ੍ਰਦਰਸ਼ਨ ਕੀਤਾ। ਭਾਰਤ ਦੀ ਪੂਲ ਏ 'ਚ ਇਹ ਲਗਾਤਾਰ ਪੰਜਵੀਂ ਜਿੱਤ ਹੈ। ਇਸ ਜਿੱਤ ਨਾਲ ਭਾਰਤ ਸਿਖਰਲੇ ਸਥਾਨ 'ਤੇ ਹੈ। ਭਾਰਤ ਦਾ ਹੁਣ ਸੈਮੀਫਾਈਨਲ 3 ਅਕਤੂਬਰ ਨੂੰ ਮੇਜ਼ਬਾਨ ਚੀਨ ਨਾਲ ਹੋ ਸਕਦਾ ਹੈ। ਭਾਰਤ ਨੇ ਹੁਣ ਤੱਕ 58 ਗੋਲ ਕੀਤੇ ਅਤੇ ਉਸ ਖਿਲਾਫ਼ ਸਿਰਫ਼ ਪੰਜ ਗੋਲ ਹੋਏ। ਕਪਤਾਨ ਹਰਮਨਪ੍ਰੀਤ ਸਿੰਘ ਅਤੇ ਮਨਦੀਪ ਸਿੰਘ ਨੇ ਤਿੰਨ ਤਿੰਨ ਗੋਲ ਕੀਤੇ। ਲਲਿਤ ਉਪਧਿਆਏ, ਅਮਿਤ ਰੋਹਿਦਾਸ, ਅਭਿਸ਼ੇਕ ਅਤੇ ਨਿਲਕਾਂਤਾ ਸ਼ਰਮਾ ਨੇ ਇੱਕ-ਇੱਕ ਗੋਲ ਕੀਤਾ। ਮਹਿਲਾ 3000 ਸਟੀਪਲਚੇਜ਼ ਵਿਚ ਪਾਰੁਲ ਚੌਧਰੀ ਨੇ 9: 27. 63 ਮਿੰਟ ਨਾਲ ਚਾਂਦੀ ਤੇ ਪ੍ਰੀਤੀ ਲਾਂਬਾ ਨੇ 9:43.32 ਮਿੰਟ ਨਾਲ ਕਾਂਸੀ ਦਾ ਤਮਗਾ ਜਿੱਤਿਆ।

## ਡੇਢ ਲੱਖ ਦਾ ਮੰਗਲ ਸੂਤਰ ਲੱਭਣ ਲਈ ਮੱਝ ਦਾ ਅਪ੍ਰੇਸ਼ਨ



**ਮੁੰਬਈ** : ਮਹਾਰਾਸ਼ਟਰ ਦੇ ਵਾਸ਼ਿਮ ਜ਼ਿਲ੍ਹੇ ਵਿਚ ਡੇਢ ਲੱਖ ਰੁਪਏ ਦਾ ਮੰਗਲ ਸੂਤਰ ਲੱਭਣ ਲਈ ਐਤਵਾਰ ਮੱਝ ਦਾ ਅਪ੍ਰੇਸ਼ਨ ਕਰਨਾ ਪਿਆ। ਕਰੀਬ ਦੋ ਘੰਟੇ ਚੱਲੇ ਅਪ੍ਰੇਸ਼ਨ ਤੋਂ ਬਾਅਦ ਮੱਝ ਦੇ 60-65 ਟੀਕੇ ਲਾਉਣੇ ਪਏ। ਕਿਸਾਨ ਦੀ ਪਤਨੀ ਰਾਮਹਰੀ ਨੇ ਨਹਾਉਣ ਵੇਲੇ ਮੰਗਲ ਸੂਤਰ ਸੋਇਆਬੀਨ ਤੇ ਮੂੰਗਫਲੀ ਦੇ ਛਿਲਕਿਆਂ ਦੀ ਪਲੇਟ ਵਿਚ ਰੱਖ ਦਿੱਤਾ ਸੀ। ਨਹਾਉਣ ਤੋਂ ਬਾਅਦ ਉਸ ਨੇ ਛਿਲਕੇ ਮੱਝ ਨੂੰ ਪਾ ਦਿੱਤੇ। ਕਾਫੀ ਲੱਭਣ ਤੋਂ ਬਾਅਦ ਉਸ ਨੂੰ ਚੇਤੇ ਆਇਆ ਕਿ ਮੰਗਲ ਸੂਤਰ ਤਾਂ ਉਸ ਨੇ ਪਲੇਟ ਵਿਚ ਰੱਖਿਆ ਸੀ। ਡਾਕਟਰ ਨੇ ਮੈਟਲ ਡਿਟੈਕਟਰ ਲਾਇਆ ਤਾਂ ਸੰਕੇਤ ਮਿਲਿਆ ਕਿ ਮੱਝ ਦੇ ਸਰੀਰ ਵਿਚ ਕੋਈ ਧਾਤ ਹੈ।

# ਤਿੰਨ ਬੱਚੀਆਂ ਦੀਆਂ ਟਰੰਕ 'ਚੋਂ ਲਾਸ਼ਾਂ ਮਿਲੀਆਂ, ਮਾਤਾ-ਪਿਤਾ ਗ੍ਰਿਫ਼ਤਾਰ

**ਜਲੰਧਰ (ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਭੀ)**



ਪਠਾਨਕੋਟ ਜੀ ਟੀ ਰੋਡ 'ਤੇ ਪੈਂਦੇ ਪਿੰਡ ਕਾਹਨਪੁਰ ਦੀ ਨਵੀਂ ਅਬਾਦੀ 'ਚ ਸੋਮਵਾਰ ਟਰੰਕ ਵਿੱਚੋਂ ਤਿੰਨ ਛੋਟੀ ਉਮਰ ਦੀਆਂ ਭੈਣਾਂ ਦੀਆਂ ਲਾਸ਼ਾਂ ਮਿਲਣ ਦਾ ਮਾਮਲਾ ਫੁਰਤੀ ਨਾਲ ਹੱਲ ਕਰਦਿਆਂ ਪੁਲਸ ਨੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਗ੍ਰਿਫਤਾਰ ਕਰ ਲਿਆ।

ਜਲੰਧਰ ਦਿਹਾਤੀ ਦੇ ਐੱਸ ਐੱਸ ਪੀ ਮੁਖਵਿੰਦਰ ਸਿੰਘ ਭੁੱਲਰ ਨੇ ਥਾਣਾ ਮਕਸੂਦਾਂ 'ਚ ਕੀਤੀ ਪ੍ਰੈੱਸ ਕਾਨਫਰੰਸ 'ਚ ਦੱਸਿਆ ਕਿ ਸਾਕਸ਼ੀ, ਅੰਮ੍ਰਿਤਾ ਤੇ ਕੰਚਨ ਦੇ ਲਾਪਤਾ ਹੋਣ ਦੀ ਸੂਚਨਾ ਐਤਵਾਰ ਸੁਰਿੰਦਰ ਸਿੰਘ ਨੇ ਹੈੱਲਪਲਾਈਨ 112 'ਤੇ ਦਿੰਦਿਆਂ ਦੱਸਿਆ ਕਿ ਉਨ੍ਹਾ ਦੇ ਕਿਰਾਏਦਾਰ ਸੁਸ਼ੀਲ ਮੰਡਲ ਤੇ ਮਾਤਾ ਮੰਜੂ ਮੰਡਲ ਦੀਆਂ ਤਿੰਨ ਬੇਟੀਆਂ ਗੁੰਮ ਹੋ ਗਈਆਂ ਹਨ। ਥਾਣਾ ਮਕਸੂਦਾਂ ਤੋਂ ਸਬ-ਇੰਸਪੈਕਟਰ ਸਿਕੰਦਰ ਸਿੰਘ ਪੁਲਸ ਪਾਰਟੀ ਸਮੇਤ ਮਾਤਾ-ਪਿਤਾ ਨੂੰ ਨਾਲ ਲੈ ਕੇ ਬੱਚੀਆਂ ਦੀ ਭਾਲ 'ਚ ਲੱਗ ਪਏ, ਪਰ ਉਹ ਨਹੀਂ ਮਿਲੀਆਂ। ਸੋਮਵਾਰ ਸਵੇਰੇ 8 ਵਜੇ ਸਿਕੰਦਰ ਸਿੰਘ ਮੁੜ ਮੌਕੇ 'ਤੇ ਗਏ। ਉੱਥੇ ਕਾਫੀ ਲੋਕ ਇਕੱਠੇ ਮਿਲੇ, ਜਿਨ੍ਹਾਂ ਕਮਰੇ ਵਿੱਚੋਂ ਟਰੰਕ ਬਾਹਰ ਕੱਢ ਕੇ ਰੱਖਿਆ ਹੋਇਆ ਸੀ। ਉਸ 'ਚ ਤਿੰਨਾਂ ਬੱਚੀਆਂ ਦੀਆਂ ਲਾਸ਼ਾਂ ਸਨ। ਉਨ੍ਹਾਂ ਦੇ ਮੂੰਹ ਵਿੱਚੋਂ ਝੱਗ ਨਿਕਲੀ ਹੋਈ ਸੀ। ਸੁਸ਼ੀਲ ਕਹਿਣ ਲੱਗਾ ਕਿ ਬੱਚੀਆਂ ਖੇਡਦੀਆਂ ਟਰੰਕ ਵਿੱਚ ਵੜ ਗਈਆਂ ਹੋਣੀਆਂ ਤੇ ਟਰੰਕ ਬੰਦ ਹੋਣ ਕਰਕੇ ਇਨ੍ਹਾਂ ਦੀ ਮੌਤ ਹੋ ਗਈ ਹੋਣੀ। ਸੁਸ਼ੀਲ ਨੇ ਉਦੋਂ ਸ਼ਰਾਬ ਪੀਤੀ ਹੋਈ ਸੀ। ਸਖਤੀ ਨਾਲ ਪੁੱਛਣ 'ਤੇ ਉਸ ਨੇ ਮੰਨਿਆ ਕਿ ਉਸ ਨੇ ਤੇ ਪਤਨੀ ਨੇ ਐਤਵਾਰ ਸਵੇਰੇ ਦੁੱਧ ਵਿਚ ਜ਼ਹਿਰੀਲੀ ਦਵਾਈ ਮਿਲਾ ਕੇ ਤਿੰਨਾਂ ਨੂੰ ਪਿਲਾ ਦਿੱਤੀ ਸੀ। ਬੇਹੋਸ਼ ਹੋਣ 'ਤੇ ਟਰੰਕ ਵਿੱਚ ਬੰਦ ਕਰਕੇ ਚੌਥੀ ਬੇਟੀ ਅਨੁਸ਼ਕਾ ਨੂੰ ਨਾਲ ਲੈ ਕੇ ਤੇ ਬੇਟੇ ਸੰਨੀ ਨੂੰ ਕਮਰੇ ਵਿੱਚ ਛੱਡ ਕੇ ਕੰਮ 'ਤੇ ਚਲੇ ਗਏ। ਸ਼ਾਮ ਨੂੰ ਆ ਕੇ ਬੱਚੀਆਂ ਦੇ ਗੁੰਮ ਹੋਣ ਦਾ ਨਾਟਕ ਕੀਤਾ। ਉਸ ਨੇ ਕਿਹਾ ਕਿ ਗਰੀਬੀ ਹੋਣ ਕਰਕੇ ਉਸ ਲਈ ਬੱਚੀਆਂ ਨੂੰ ਪਾਲਣਾ ਔਖਾ ਸੀ। ਉਧਰ ਲੋਕਾਂ ਦਾ ਕਹਿਣਾ ਹੈ ਕਿ ਸੁਸ਼ੀਲ ਅਕਸਰ ਪੀਤੀ ਰੱਖਦਾ ਸੀ ਤੇ ਘਰ 'ਚ ਲੜਾਈ-ਝਗੜਾ ਕਰਦਾ ਰਹਿੰਦਾ ਸੀ।

# ਗਦਰੀ ਬਾਬਿਆਂ ਦੇ ਮੇਲੇ 'ਚ ਖਿੱਚ ਦਾ ਕੇਂਦਰ ਹੋਏਗੀ ਕਲਾ ਪ੍ਰਦਰਸ਼ਨੀ



**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਚਿੱਤਰ, ਫੋਟੋ ਕਲਾ ਪ੍ਰਦਰਸ਼ਨੀ ਦੇ ਕਨਵੀਨਰ ਡਾ. ਸੈਲੇਸ਼ ਨੇ ਦੱਸਿਆ ਕਿ ਕਲਾ ਪ੍ਰਦਰਸ਼ਨੀ ਸੰਬੰਧੀ ਹੋਈ ਮੀਟਿੰਗ 'ਚ ਲਾਇਬ੍ਰੇਰੀ ਹਾਲ ਵਿੱਚ 30, 31 ਅਕਤੂਬਰ ਅਤੇ ਪਹਿਲੀ ਨਵੰਬਰ ਨੂੰ ਗਦਰੀ ਬਾਬਿਆਂ ਦੇ ਮੇਲੇ ਮੌਕੇ ਲੱਗ ਰਹੀ ਪ੍ਰਦਰਸ਼ਨੀ ਦੀਆਂ ਲੋੜਾਂ ਦੀ ਪੂਰਤੀ ਲਈ ਗੰਭੀਰ ਵਿਚਾਰ-ਚਰਚਾ ਕੀਤੀ ਗਈ। ਉਹਨਾਂ ਦੱਸਿਆ ਕਿ ਮੇਲੇ ਵਿੱਚ ਆਉਣ ਵਾਲੇ ਨੰਨ੍ਹੇ-ਮੁੰਨੇ ਬੱਚੇ, ਨੌਜਵਾਨ, ਵਿਦਿਆਰਥੀ ਅਤੇ ਸਮੂਹ ਮੇਲਾ ਪ੍ਰੇਮੀਆਂ ਦੀ ਜ਼ਿੰਦਗੀ ਦੀ ਇਹ

• ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਹਰ ਇੱਕ ਪਾਰਟੀ ਇਹੀ ਆ ਕਹੀ ਜਾਂਦੀ,
ਭਲਾਈ ਲੋਕਾਂ ਦੀ ਅਸੀਂ ਹਾਂ ਕਰਨ ਵਾਲੇ।
ਬਾਕੀ ਜਿੰਨੇ ਵੀ ਲੀਡਰ ਹਨ ਤੁਰੇ ਫਿਰਦੇ,
ਬੁਗਨੀ ਆਪਣੀ ਸਿਰਫ ਹਨ ਭਰਨ ਵਾਲੇ।
ਜਿਹੜੀ ਲੋਕਾਂ ਲਈ ਕੋਈ ਸਕੀਮ ਬਣਦੀ,
ਮਿਲਦਾ ਮਾਲ ਤਾਂ ਏਹੀ ਹਨ ਚਰਨ ਵਾਲੇ।
ਠੱਗਣੀਆਂ ਚਾਲਾਂ ਤੋਂ ਆਏ ਨੇ ਤੰਗ ਲੋਕੀਂ,
ਬਹੁਤੀ ਦੇਰ ਉਹ ਹੋਰ ਨਹੀਂ ਜਰਨ ਵਾਲੇ।
ਖਬਰ ਕੋਈ ਪੜ੍ਹੋ ਧਿਆਨ ਦੇ ਨਾਲ ਜੇਕਰ,
ਹੁੰਦਾ ਇੱਕੋ ਜਿਹਾ ਨਿਰਾ ਵਖਿਆਨ ਮੀਆਂ।
ਨਾਂਅ ਆਗੂ ਦਾ ਖਬਰ ਵਿੱਚ ਬਦਲ ਜਾਂਦਾ,
ਹੁੰਦਾ ਇੱਕੋ ਜਿਹਾ ਅੰਦਰ ਬਿਆਨ ਮੀਆਂ।

-ਤੀਸ ਮਾਰ ਖਾਂ

## ਜੀ ਪੀ ਐੱਸ ਨੇ ਨਦੀ ਨੂੰ ਦੱਸਿਆ ਸੜਕ, ਦੋ ਡਾਕਟਰਾਂ ਦੀ ਮੌਤ

**ਕੋਚੀ** : ਟੈਕਨਾਲੋਜੀ 'ਤੇ ਅੱਖਾਂ ਬੰਦ ਕਰਕੇ ਵਿਸ਼ਵਾਸ ਕਰਨਾ ਵੀ ਤੁਹਾਡੀ ਜਾਨ ਲੈ ਸਕਦਾ ਹੈ। ਇਸ ਤਰ੍ਹਾਂ ਦਾ ਹੀ ਕੁਝ ਕੇਰਲ 'ਚ ਹੋਇਆ, ਜਿੱਥੇ ਗੂਗਲ ਮੈਪ ਦੇ ਗਲਤ ਗਾਈਡ ਤੋਂ ਬਾਅਦ ਦੋ ਲੋਕਾਂ ਦੀ ਮੌਤ ਹੋ ਗਈ। ਅਸਲ 'ਚ ਕੋਚੀ ਦੇ ਕੋਲ ਗੋਥੁਰਥ 'ਚ ਪੇਰੀਆਰ ਨਦੀ 'ਚ ਕਾਰ ਡਿੱਗਣ ਤੋਂ ਬਾਅਦ ਦੋ ਡਾਕਟਰਾਂ ਦੀ ਮੌਤ ਹੋ ਗਈ। ਇਸ ਦਾ ਕਾਰਨ ਗੂਗਲ ਮੈਪ ਬਣਿਆ। ਕਾਰ 'ਚ ਮੌਜੂਦ ਨੌਜਵਾਨ ਗੂਗਲ ਮੈਪ ਦੇ ਸਹਾਰੇ ਅੱਗੇ ਵਧ ਰਹੇ ਸਨ, ਜਿੱਥੇ ਗਲਤ ਗਾਈਡ ਤੋਂ ਬਾਅਦ ਉਨ੍ਹਾਂ ਦੀ ਕਾਰ ਖਾਈ 'ਚ ਜਾ ਡਿੱਗੀ। ਖ਼ਬਰਾਂ ਮੁਤਾਬਕ ਪੁਲਸ ਨੇ ਦੱਸਿਆ ਕਿ ਕੇਰਲ 'ਚ ਕੋਚੀ ਦੇ ਕੋਲ ਪੇਰੀਆਰ ਨਦੀ 'ਚ ਇੱਕ ਕਾਰ ਡਿੱਗ ਜਾਣ ਕਾਰਨ ਦੋ ਡਾਕਟਰਾਂ ਦੀ ਮੌਤ ਹੋ ਗਈ। ਡਾਕਟਰਾਂ ਦੀ ਪਛਾਣ ਉਦਿਤ ਅਤੇ ਅਜਮਲ ਦੇ ਤੌਰ 'ਤੇ ਹੋਈ। ਪੁਲਸ ਨੇ ਦੱਸਿਆ ਕਿ ਡਾਕਟਰਾਂ ਦੇ ਨਾਲ ਤਿੰਨ ਹੋਰ ਯਾਤਰੀ ਹਾਦਸੇ 'ਚ ਜ਼ਖਮੀ ਹੋ ਗਏ। ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਪੁਲਸ ਨੇ ਕਿਹਾ ਕਿ ਇਸ ਤਰ੍ਹਾਂ ਲੱਗਦਾ ਹੈ ਕਿ ਕਾਰ ਚਾਲਕ ਗੂਗਲ ਮੈਪ ਦੇ ਦਿਸ਼ਾ-ਨਿਰਦੇਸ਼ਾਂ ਦਾ ਪਾਲਣ ਕਰਦੇ ਹੋਏ ਉਸ ਨਦੀ ਤੱਕ ਪਹੁੰਚ ਗਏ, ਜਦਕਿ ਉਨ੍ਹਾਂ ਸੜਕ 'ਤੇ ਜਾਣਾ ਸੀ। ਪੁਲਸ ਨੇ ਦੱਸਿਆ ਕਿ ਭਾਰੀ ਮੀਂਹ ਕਾਰਨ ਉਸ ਸਮੇਂ ਉਹ ਗੂਗਲ ਮੈਪ ਦੇ ਦੱਸੇ ਰਸਤੇ 'ਤੇ ਜਾ ਰਹੇ ਸਨ, ਪਰ ਲੱਗਦਾ ਹੈ ਕਿ ਮੈਪ 'ਚ ਦੱਸੇ ਗਏ ਮੋੜ ਦੇ ਸਥਾਨ 'ਤੇ ਉਹ ਗਲਤੀ ਨਾਲ ਅੱਗੇ ਵਧ ਗਏ ਅਤੇ ਨਦੀ 'ਚ ਡਿੱਗ ਗਏ।

## ਮੈਦਾਨ ਖਾਲੀ ਕਰੋ ਕਿ ਜਨਤਾ ਆ ਰਹੀ ਹੈ!



**ਨਵੀਂ ਦਿੱਲੀ** : ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਦੇਸ਼ ਭਰ ਦੇ ਕਰੀਬ 10 ਲੱਖ ਮੁਲਾਜ਼ਮਾਂ ਨੇ ਐਤਵਾਰ ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿਚ ਰੈਲੀ ਕੀਤੀ। ਅੰਡੇਮਾਨ ਤੇ ਲੱਦਾਖ ਤੋਂ ਵੀ ਮੁਲਾਜ਼ਮ ਪੁੱਜੇ ਹੋਏ ਸਨ। ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਨੇ ਕਿਹਾ ਹੈ ਕਿ ਜੇ ਸਰਕਾਰ ਨੇ ਕੁਝ ਦਿਨਾਂ ਵਿਚ ਫੈਸਲਾ ਨਾ ਲਿਆ ਤਾਂ ਉਹ ਸਾਰੇ ਰਾਜਾਂ ਵਿਚ ਭਾਜਪਾ ਖਿਲਾਫ ਮੁਹਿੰਮ ਚਲਾ ਕੇ ਲੋਕਾਂ ਨੂੰ ਸੱਦਾ ਦੇਵੇਗੀ ਕਿ ਉਹ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਵੋਟਾਂ ਨਾ ਪਾਉਣ।

## ਕੈਟਾਲਿਨ ਕੈਰਿਕੋ ਤੇ ਡਰਿਊ ਵੀਸਮੈਨ ਨੂੰ ਮੈਡੀਸਨ 'ਚ ਨੋਬੇਲ ਪੁਰਸਕਾਰ



**ਵਾਸ਼ਿੰਗਟਨ** : ਮੈਡੀਕਲ ਦੇ ਖੇਤਰ 'ਚ ਨੋਬੇਲ ਪੁਰਸਕਾਰ ਦੇ ਨਾਲ ਹੀ ਪੁਰਸਕਾਰਾਂ ਦੇ ਐਲਾਨ ਦੀ ਸ਼ੁਰੂਆਤ ਹੋ ਗਈ। ਹੁਣ ਮੰਗਲਵਾਰ ਨੂੰ ਭੌਤਿਕ, ਬੁੱਧਵਾਰ ਨੂੰ ਰਸਾਇਣ ਵਿਗਿਆਨ ਅਤੇ ਵੀਰਵਾਰ ਨੂੰ ਸਾਹਿਤ ਦੇ ਖੇਤਰ 'ਚ ਦਿੱਤੇ ਜਾਣ ਵਾਲੇ ਨੋਬੇਲ ਪੁਰਸਕਾਰ ਵਿਜੇਤਾਵਾਂ ਦੇ ਨਾਂਵਾਂ ਦਾ ਐਲਾਨ ਹੋਵੇਗਾ। ਇਸ ਤੋਂ ਇਲਾਵਾ ਨੋਬੇਲ ਸ਼ਾਂਤੀ ਪੁਰਸਕਾਰ ਦਾ ਐਲਾਨ ਸ਼ੁੱਕਰਵਾਰ ਨੂੰ ਅਤੇ ਅਰਥ ਸ਼ਾਸਤਰ 'ਚ ਇਸ ਪੁਰਸਕਾਰ ਦੇ ਜੇਤੂਆਂ ਦਾ ਐਲਾਨ 9 ਅਕਤੂਬਰ ਨੂੰ ਕੀਤਾ ਜਾਵੇਗਾ।

ਸਾਲ 2023 ਦੇ ਨੋਬੇਲ ਪੁਰਸਕਾਰਾਂ ਦਾ ਐਲਾਨ ਸੋਮਵਾਰ ਤੋਂ ਸ਼ੁਰੂ ਹੋ ਗਿਆ। ਇਸ ਦੇ ਤਹਿਤ ਸੋਮਵਾਰ ਫਿਜ਼ਿਓਲਾਜੀ ਜਾਂ ਮੈਡੀਸਨ ਖੇਤਰ ਲਈ ਇਸ ਸਨਮਾਨ ਦੇ ਜੇਤੂਆਂ ਦੇ ਨਾਂਅ ਦਾ ਐਲਾਨ ਕੀਤਾ ਗਿਆ। ਇਸ ਸਾਲ ਕੈਟਾਲਿਨ ਕਾਰਿਕੋ ਅਤੇ ਡਰਿਊ ਵੀਸਮੈਨ ਨੂੰ ਮੈਡੀਸਨ ਦਾ ਨੋਬੇਲ ਦਿੱਤਾ ਗਿਆ। ਉਨ੍ਹਾਂ ਨੂੰ ਨਿਊਕਲੀਓਸਾਈਡ ਅਧਾਰਤ ਸੋਧ ਨਾਲ ਸੰਬੰਧਤ ਖੋਜਾਂ ਲਈ ਦਿੱਤਾ ਗਿਆ। ਇਸ ਖੋਜ ਕਾਰਨ ਕੋਰੋਨਾ ਵਾਇਰਸ (ਸੀ ਓ ਵੀ ਆਈ ਡੀ-19) ਖਿਲਾਫ਼ ਐੱਮ ਆਰ ਐੱਨ ਏ ਟੀਕੇ ਦੇ ਵਿਕਾਸ 'ਚ ਮਦਦ ਮਿਲੀ। ਨੋਬੇਲ ਕਮੇਟੀ ਦੇ ਸਕੱਤਰ ਥਾਮਸ ਪਾਰਲਮੈਨ ਨੇ ਕੋਰੋਲਿੰਸਕਾ ਸੰਸਥਾਨ 'ਚ ਜੇਤੂ ਦਾ ਐਲਾਨ ਕੀਤਾ।

## ਦੇਵ ਸਮਾਜ ਕਾਲਜ ਦੀਆਂ ਵਿਦਿਆਰਥਣਾਂ ਦਾ 'ਵਰਸਿਟੀ ਪ੍ਰੀਖਿਆ 'ਚ ਸ਼ਾਨਦਾਰ ਪ੍ਰਦਰਸ਼ਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਅਕਾਦਮਿਕ, ਸਮਾਜਿਕ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਪੰਜਾਬ ਯੂਨੀਵਰਸਿਟੀ ਦਾ ਏ+ ਗ੍ਰੇਡ ਪ੍ਰਾਪਤ ਦੇਵ ਸਮਾਜ ਕਾਲਜ ਕਾਲਜ ਫਿਰੋਜ਼ਪੁਰ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਤੇ ਪ੍ਰਿੰਸੀਪਲ ਡਾ. ਸੰਗੀਤਾ ਪ੍ਰਿੰਸੀਪਲ ਦੀ ਅਗਵਾਈ ਵਿੱਚ ਨਿਰੰਤਰ ਅਗਰਸਰ ਹੈ।ਇਸੇ ਲੜੀ ਤਹਿਤ ਇਸ ਕਾਲਜ ਦੇ ਫੈਸ਼ਨ ਡਿਜ਼ਾਇਨਿੰਗ ਵਿਭਾਗ ਦੇ ਬੀ-ਵਾਕ ਟੀਐਫਟੀ (ਬੈਚੂਲਰ ਆਫ ਵੋਕੇਸ਼ਨਲ ਟੈਕਸਟਾਇਲ ਐਂਡ ਫੈਸ਼ਨ ਟੈਕਨੋਲੋਜੀ) ਛੇਵੇਂ ਸਮੈਸਟਰ ਦੀ ਪ੍ਰੀਖਿਆ ਵਿੱਚ ਸਰਵਸ੍ਰੇਸ਼ਠ ਪ੍ਰਦਰਸ਼ਨ ਕਰਨ ਵਾਲੀਆਂ ਵਿਦਿਆਰਥਣਾਂ 'ਚ ਗਗਨਪ੍ਰੀਤ ਕੌਰ, ਹਰਜੀਤ ਕੌਰ ਤੇ ਸਿਮਰਨਪ੍ਰੀਤ ਕੌਰ ਨੇ ਸਿੱਖਿਆ ਦੇ ਖੇਤਰ ਵਿੱਚ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ।ਵਿਦਿਆਰਥਣ ਗਗਨਪ੍ਰੀਤ ਕੌਰ ਨੇ ਪੰਜਾਬ ਯੂਨੀਵਰਸਿਟੀ 'ਚ ਪਹਿਲਾ, ਹਰਜੀਤ ਕੌਰ ਨੇ ਦੂਸਰਾ ਤੇ ਸਿਮਰਨਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕਰਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ।ਇਸ ਮੌਕੇ ਪ੍ਰਿੰਸੀਪਲ ਡਾ. ਸੰਗੀਤਾ ਨੇ ਦੱਸਿਆ ਕਿ ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਦਾ ਸ਼ਾਨਦਾਰ ਇਤਿਹਾਸ ਹੈ।ਇੱਥੋਂ ਦੇ ਵਿਦਿਆਰਥਣਾਂ ਨੇ ਸਿੱਖਿਆ ਦੇ ਖੇਤਰ ਵਿੱਚ ਹਮੇਸ਼ਾ ਸਫਲਤਾ ਦੇ ਝੰਡੇ ਗੱਡੇ ਹਨ।ਉਨ੍ਹਾਂ ਵਿਦਿਆਰਥਣ ਗਗਨਪ੍ਰੀਤ ਕੌਰ, ਹਰਜੀਤ ਕੌਰ ਤੇ ਸਿਮਰਨਪ੍ਰੀਤ ਕੌਰ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਵਿਦਿਆਰਥਣਾਂ ਨੇ ਆਪਣੀ ਸਖਤ ਮਿਹਨਤ ਤੇ ਅਧਿਆਪਕਾਂ ਦਾ ਮਾਰਗ ਦਰਸ਼ਨ ਸਦਕਾ ਜੋ ਪੁਜ਼ੀਸ਼ਨ ਹਾਸਲ ਕੀਤੀ ਹੈ, ਉਹ ਕਾਲਜ ਦੇ ਨਾਲ ਨਾਲ ਮਾਪਿਆਂ ਲਈ ਵੀ ਮਾਣ ਵਾਲੀ ਗੱਲ ਹੈ।ਇਸ ਮੌਕੇ ਕਾਲਜ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੱਤੀ।

## ਟੇਬਲ ਟੈਨਿਸ ਕੋਚਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ



**ਬੁਢਲਾਡਾ (ਅਸ਼ੋਕ ਲਾਕੜਾ)**-ਜ਼ਿਲ੍ਹਾ ਮਾਨਸਾ ਟੇਬਲ ਟੈਨਿਸ ਐਸੋਸੀਏਸ਼ਨ ਵਲੋਂ ਸ਼ੁਰੂ ਕੀਤੇ ਜਾ ਰਹੇ ਟੇਬਲ ਟੈਨਿਸ ਕੋਚਿੰਗ ਸੈਂਟਰ ਦੇ ਕੋਚਾਂ, ਮਨੀਸ਼ ਗੋਇਲ ਅਤੇ ਅਮਿਤ ਸੂਦ ਨੇ ਖੇਲੋ ਪੰਜਾਬ ਦੇ ਟੇਬਲ ਟੈਨਿਸ ਮੁਕਾਬਲਿਆਂ 'ਚ ਆਪਣੇ ਆਪਣੇ ਉਮਰ ਵਰਗਾਂ ਵਿੱਚ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਪ੍ਰਾਪਤ ਕੀਤਾ। ਇਹ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਜਰਨਲ ਸਕੱਤਰ ਕੇਵਲ ਗਰਗ ਨੇ ਦੱਸਿਆ ਕਿ ਇਹ ਮੁਕਾਬਲੇ ਮਾਨਸਾ ਦੇ ਸਟੇਡੀਅਮ ਵਿਖੇ ਚੱਲ ਰਹੇ ਹਨ ਅਤੇ ਇਹ ਦੋਨੋਂ ਖਿਡਾਰੀ ਬਰਨਾਲਾ ਵਿਖੇ ਹੋਣ ਵਾਲੇ ਪੰਜਾਬ ਪੱਧਰ ਦੇ ਮੁਕਾਬਲਿਆਂ ਵਿੱਚ ਜ਼ਿਲ੍ਹਾ ਮਾਨਸਾ ਦੀ ਪ੍ਰਤੀਨਿਧਤਾ ਕਰਨਗੇ। ਇਸ ਤੋਂ ਐਸੋਸੀਏਸਨ ਦੇ ਪੁਰਾਣੇ ਖਿਡਾਰੀ ਵੀ ਸਮੇਂ ਸਮੇਂ 'ਤੇ ਖਿਡਾਰੀਆਂ ਦੀ ਖੇਡ ਪ੍ਰਤਿਭਾ ਨੂੰ ਨਿਖਾਰ ਕੇ ਉਨ੍ਹਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲਿਆਂ 'ਚ ਖੇਡਣ ਦੇ ਕਾਬਲ ਬਣਾਉਣ ਵਿੱਚ ਆਪਣਾ ਸਹਿਯੋਗ ਦੇਣਗੇ। ਖਿਡਾਰੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਜਾਵੇਗੀ। ਕੋਚਿੰਗ ਸੈਂਟਰ ਦੀ ਰਜਿਸਟ੍ਰੇਸ਼ਨ ਚਾਲੂ ਹੈ ਤੇ 2 ਅਕਤੂਬਰ ਤੋਂ ਗਾਂਧੀ ਜੈਯੰਤੀ ਦੇ ਸ਼ੁੱਭ ਦਿਹਾੜੇ ਸ਼ੁਰੂ ਕਰ ਦਿੱਤਾ ਜਾਵੇਗਾ।

## ਡੇਂਗੂ ਤੋਂ ਬਚਾਅ ਲਈ ਜਾਗਰੂਕਤਾ ਰੈਲੀ ਕੱਢੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਿਵਲ ਸਰਜਨ ਡਾ: ਹਤਿੰਦਰ ਕੌਰ ਤੇ ਐਸ.ਐਮ.ਓ. ਡਾ. ਜਸਦੇਵ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਐਨ.ਵੀ.ਬੀ.ਡੀ.ਸੀ.ਪੀ. ਇੰਚਾਰਜ ਡਾ. ਹਿਤੇਸ਼ ਸ਼ਰਮਾ ਦੀ ਅਗਵਾਈ ਵਿੱਚ ਸੀ.ਐਚ.ਸੀ. ਮਾਛੀਵਾੜਾ ਵਿੱਚ ਡੇਂਗੂ ਜਾਗਰੂਕਤਾ ਰੈਲੀ ਕੱਢੀ ਗਈ ਅਤੇ ਨਰਸਿੰਗ ਕਾਲਜ ਦੇ ਬੱਚਿਆਂ ਦੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ। ਇਹ ਜਾਗਰੂਕਤਾ ਰੈਲੀ ਹਸਪਤਾਲ ਤੋਂ ਬੱਸ ਸਟੈਂਡ ਤੇ ਫਿਰ ਬਾਜ਼ਾਰ ਵਿੱਚ ਕੱਢੀ ਗਈ। ਇਸ ਮੌਕੇ ਸੁਪਰਵਾਈਜ਼ਰ ਮਨਮੋਹਨ ਸਿੰਘ ਨੇ ਦੱਸਿਆ ਕਿ ਡੇਂਗੂ ਦਾ ਮੱਛਰ ਸਾਫ਼ ਪਾਣੀ ਉਤੇ ਪੈਦਾ ਹੁੰਦਾ ਹੈ ਤੇ ਅਕਸਰ ਦਿਨ ਵੇਲੇ ਜ਼ਿਆਦਾਤਰ ਸਵੇਰ ਅਤੇ ਸ਼ਾਮ ਦੇ ਟਾਈਮ ਕੱਟਦਾ ਹੈ। ਡੇਂਗੂ ਤੋਂ ਬਚਾਅ ਲਈ ਆਮ ਲੋਕਾਂ ਨੂੰ ਸਾਵਧਾਨੀ ਵਰਤਣ ਦੀ ਜ਼ਰੂਰਤ ਹੈ ਤੇ ਘਰਾਂ ਦੀਆਂ ਛੱਤਾਂ, ਖਾਲੀ ਪਲਾਟਾਂ, ਟੋਇਆਂ, ਖੁੱਲ੍ਹੇ ਅਸਮਾਨ ਹੇਠ ਪਏ ਕਬਾੜ ਦੇ ਸਾਮਾਨ ਅਤੇ ਟਾਇਰਾਂ ਆਦਿ ਵਿੱਚ ਜਮ੍ਹਾਂ ਹੋਏ ਸਾਫ਼ ਪਾਣੀ ਦੀ ਤੁਰੰਤ ਨਿਕਾਸੀ ਅਤਿ ਜ਼ਰੂਰੀ ਹੈ, ਨਹੀਂ ਤਾਂ ਇਨ੍ਹਾਂ 'ਚੋਂ ਪੈਦਾ ਹੋਇਆ ਮੱਛਰ ਸਾਡੇ ਲਈ ਘਾਤਕ ਸਿੱਧ ਹੋ ਸਕਦਾ ਹੈ। ਅੱਜ ਵਾਰਡ ਨੰ. 11 ਵਿੱਚ ਘਰ-ਘਰ ਜਾ ਕੇ ਸਾਫ਼ ਪਾਣੀ ਵਾਲੇ ਸ੍ਰੋਤਾਂ ਦੀ ਜਾਂਚ ਕੀਤੀ ਗਈ ਤੇ ਜਿੱਥੇ ਵੀ ਡੇਂਗੂ ਲਾਰਵਾ ਮਿਲਿਆ, ਉਸ ਨੂੰ ਮੌਕੇ 'ਤੇ ਨਸ਼ਟ ਕੀਤਾ ਗਿਆ। ਰੈਲੀ ਵਿੱਚ ਪਰਮਵੀਰ ਸਿੰਘ, ਸਤਵੰਤ ਸਿੰਘ, ਜਰਨੈਲ ਸਿੰਘ, ਕਟਾਣੀ ਨਰਸਿੰਗ ਕਾਲਜ ਦੇ ਅਧਿਆਪਕ ਤੇ ਬੱਚੇ ਹਾਜ਼ਰ ਸਨ।

## ਕੇਂਦਰੀ ਵਿਦਿਆਲਿਆ ਸਲਾਈਟ 'ਚ ਸਵੱਛਤਾ ਅਭਿਆਨ ਤਹਿਤ ਪ੍ਰੋਗਰਾਮ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਕੇਂਦਰੀ ਵਿਦਿਆਲਿਆ ਸਲਾਈਟ ਲੌਂਗੋਵਾਲ ਦੇ ਵਿਦਿਆਰਥੀਆਂ ਤੇ ਕਰਮਚਾਰੀਆਂ ਨੇ 1 ਅਕਤੂਬਰ 2023 ਨੂੰ 'ਸਵੱਛਤਾ ਹੀ ਸੇਵਾ' ਮੁਹਿੰਮ ਵਿੱਚ ਹਿੱਸਾ ਲਿਆ। ਇਸ ਪ੍ਰੋਗਰਾਮ ਵਿੱਚ 'ਇੱਕ ਘੰਟਾ ਇੱਕ ਦਿਨ ਇੱਕ ਸਾਥ' ਦੇ ਤਹਿਤ ਸਫਾਈ ਲਈ ਇੱਕ ਘੰਟਾ ਕਿਰਤ ਦਾਨ ਕਰਨ ਦਾ ਸੱਦਾ ਦਿੱਤਾ ਗਿਆ। ਵਿਦਿਆਰਥੀਆਂ ਵੱਲੋਂ ਬੈਨਰ ਤੇ ਪੋਸਟਰ ਲੈ ਕੇ ਰੈਲੀ ਕੱਢੀ ਗਈ। ਸਲਾਈਟ ਕੰਪਲੈਕਸ ਦੇ ਅੰਦਰ ਨਿਰਧਾਰਤ ਥਾਵਾਂ 'ਤੇ ਸਫਾਈ ਮੁਹਿੰਮ ਚਲਾਈ ਗਈ। ਇਸ ਪ੍ਰੋਗਰਾਮ ਵਿੱਚ 65 ਦੇ ਕਰੀਬ ਲੜਕੇ ਤੇ ਲੜਕੀਆਂ, ਸਕੂਲ ਦੇ ਅਧਿਆਪਕਾਂ, ਪ੍ਰਿੰਸੀਪਲ ਤੇ ਸਲਾਈਟ ਡਾਇਰੈਕਟਰ ਪ੍ਰੋਫੈਸਰ ਮਣੀਕਾਂਤ ਪਾਸਵਾਨ ਨੇ ਆਪਣੀ ਸ਼ਮੂਲੀਅਤ ਯਕੀਨੀ ਬਣਾਈ। ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਤੇ ਆਮ ਲੋਕਾਂ ਵਿੱਚ ਸਫਾਈ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਪ੍ਰੋਗਰਾਮ ਵਿੱਚ ਸਾਰਿਆਂ ਨੇ ਸਵੱਛਤਾ ਪ੍ਰਤੀ ਵਚਨਬੱਧ ਹੋਣ ਦੀ ਸਹੁੰ ਚੁੱਕੀ।

## ਆਦਰਸ਼ ਸਕੂਲ ਅਧਿਆਪਕਾਂ ਦੇ ਸੰਘਰਸ਼ ਦੀ ਜਨਵਾਦੀ ਨੌਜਵਾਨ ਸਭਾ ਵੱਲੋਂ ਹਮਾਇਤ



**ਸੰਗਰੂਰ (ਪ੍ਰਵੀਨ ਸਿੰਘ)**-ਅਦਰਸ਼ ਸਕੂਲ ਅਧਿਆਪਕਾਂ ਵੱਲੋਂ ਆਪਣੇ ਮਸਲਿਆਂ ਨੂੰ ਲੈ ਕੇ ਸੂਬਾ ਪੱਧਰੀ ਐਕਸ਼ਨ ਸੰਗਰੂਰ ਵਿਖੇ ਕੀਤਾ ਗਿਆ। ਅਦਰਸ਼ ਸਕੂਲ ਅਧਿਆਪਕ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਮੱਖਣ ਬੀਰ ਦੀ ਅਗਵਾਈ ਵਿੱਚ ਕੀਤੇ ਜਾ ਰਹੇ ਸੰਘਰਸ਼ ਦੀ ਅੱਜ ਜਨਵਾਦੀ ਨੌਜਵਾਨ ਸਭਾ ਜ਼ਿਲ੍ਹਾ ਸੰਗਰੂਰ ਵੱਲੋਂ ਵੀ ਹਮਾਇਤ ਕੀਤੀ ਗਈ। ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਅਦਰਸ਼ ਸਕੂਲ ਅਧਿਆਪਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਜਨਵਾਦੀ ਨੌਜਵਾਨ ਸਭਾ ਦੇ ਜ਼ਿਲ੍ਹਾ ਸਕੱਤਰ ਸਤਵੀਰ ਤੁੰਗਾਂ ਨੇ ਕਿਹਾ ਕਿ ਸਰਕਾਰ ਤੁਰੰਤ ਅਦਰਸ਼ ਸਕੂਲਾਂ ਦੇ ਅਧਿਆਪਕਾਂ ਦੇ ਮਸਲੇ ਹੱਲ ਕਰੇ। ਉਨ੍ਹਾਂ ਕਿਹਾ ਕਿ ਕਿ ਲੰਮੇ ਸਮੇਂ ਤੋਂ ਇਹ ਅਧਿਆਪਕ ਅਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਹਨ, ਪਰ ਸਰਕਾਰਾਂ ਉਨ੍ਹਾਂ ਦੀ ਕੋਈ ਸਾਰ ਨਹੀਂ ਲੈ ਰਹੀਆਂ। ਉਨ੍ਹਾਂ ਇਕੱਠੇ ਹੋਏ ਅਧਿਆਪਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਜਨਵਾਦੀ ਨੌਜਵਾਨ ਸਭਾ ਹਮੇਸ਼ਾ ਤੁਹਾਡੇ ਜਾਇਜ਼ ਮੰਗਾਂ ਤੇ ਮਸਲਿਆਂ ਲਈ ਤੁਹਾਡੇ ਸੰਘਰਸ਼ ਹਮਾਇਤ ਕਰਦੀ ਰਹੇਗੀ। ਉਨ੍ਹਾਂ ਕਿਹਾ ਕਿ ਜਦ ਤੱਕ ਬਦਲਵੀਆਂ ਨੀਤੀਆਂ ਵਾਲੀਆਂ ਸਰਕਾਰਾਂ ਨਹੀਂ ਬਣਦੀਆਂ, ਉਦੋਂ ਤੱਕ ਆਮ ਲੋਕਾਂ ਨੂੰ ਸੰਘਰਸ਼ਾਂ ਤੋਂ ਸਵਾਏ ਕੁਝ ਮਿਲਣ ਵਾਲਾ ਨਹੀਂ।

## ਜਨ ਸੁਣਵਾਈ ਕੈਂਪ ਦੌਰਾਨ ਡੀ ਸੀ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



**ਮੋਗਾ (ਅਮਰਜੀਤ ਬੱਬਰੀ)**-'ਪੰਜਾਬ ਸਰਕਾਰ ਤੁਹਾਡੇ ਦੁਆਰ' ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਰੇਕ ਸਬ ਡਵੀਜ਼ਨ ਪੱਧਰ 'ਤੇ ਪਿੰਡਾਂ ਵਿੱਚ ਜਨ ਸੁਣਵਾਈ ਕੈਂਪ ਲਗਾਏ ਜਾ ਰਹੇ ਹਨ। ਇਸੇ ਲੜੀ ਤਹਿਤ ਜ਼ਿਲ੍ਹਾ ਮੋਗਾ ਦੇ ਪਿੰਡ ਲੰਡੇ ਨੇੜੇ ਰੋਡੇ ਵਿਖੇ ਡਿਪਟੀ ਕਮਿਸ਼ਨਰ ਸ੍ਰ ਕੁਲਵੰਤ ਸਿੰਘ ਵੱਲੋਂ ਜਨ ਸੁਣਵਾਈ ਕੈਂਪ ਲਗਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ। ਇਸ ਮੌਕੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਕੈਂਪ ਦੌਰਾਨ ਲੋਕਾਂ ਪਾਸੋਂ ਸਾਹਮਣੇ ਆਏ ਮਸਲਿਆਂ ਦਾ ਮੌਕੇ ਉੱਤੇ ਨਿਪਟਾਰਾ ਕੀਤਾ ਗਿਆ ਤੇ ਬਾਕੀ ਰਹਿੰਦੇ ਮਸਲਿਆਂ ਬਾਰੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਮਾਂਬੱਧ ਢੰਗ ਨਾਲ ਨਜਿੱਠਣ ਲਈ ਕਿਹਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਆਦੇਸ਼ਾਂ ਤਹਿਤ ਲੋਕਾਂ ਨੂੰ ਉਨ੍ਹਾਂ ਦੇ ਦੁਆਰ ਉੱਤੇ ਜਾ ਕੇ ਸੇਵਾਵਾਂ ਦੇਣ ਦਾ ਕੰਮ ਜਾਰੀ ਰਹੇਗਾ। ਕਿਸੇ ਵੀ ਵਿਅਕਤੀ ਨੂੰ ਸਰਕਾਰੀ ਦਫਤਰਾਂ ਜਾਂ ਅਦਾਰਿਆਂ ਵਿੱਚ ਆਪਣੇ ਜਾਇਜ਼ ਕੰਮ ਕਰਾਉਣ ਲਈ ਰੁਲਣਾ ਨਹੀਂ ਪਵੇਗਾ। ਕੈਂਪ ਵਿੱਚ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਡਿਪਟੀ ਕਮਿਸ਼ਨਰ ਨੇ ਪਿੰਡ ਵਾਸੀਆਂ ਵੱਲੋਂ ਰੱਖੀਆਂ ਗਈਆਂ ਸਾਂਝੀਆਂ ਮੰਗਾਂ, ਜਿਵੇਂ ਕਿ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਸੜਕ ਨੂੰ ਚੌੜਾ ਕਰਨਾ, ਮੁੱਢਲੇ ਸਿਹਤ ਕੇਂਦਰ ਦੀ ਕਾਇਆ ਕਲਪ ਕਰਨੀ, ਸ਼ਾਮਲਾਤ ਜ਼ਮੀਨ ਲਈ ਮੋਟਰ ਕੁਨੈਕਸ਼ਨ, ਨਹਿਰੀ ਪਾਣੀ ਦੀ ਸਹੂਲਤ ਮੁਹੱਈਆ ਕਰਾਉਣ ਨੂੰ ਧਿਆਨ ਨਾਲ ਸੁਣਿਆ ਤੇ ਇਹ ਮੰਗਾਂ ਨੂੰ ਜਲਦ ਪੂਰਾ ਕਰਨ ਦਾ ਭਰੋਸਾ ਦਿੱਤਾ।

## ਰੱਤੋਕੇ ਨੇ ਖੋ-ਖੋ 'ਚ ਜਿੱਤਿਆ ਜ਼ਿਲ੍ਹਾ, ਟੀਮ ਦਾ ਸਕੂਲ ਪਹੁੰਚਣ 'ਤੇ ਭਰਵਾਂ ਸਵਾਗਤ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਖੋ-ਖੋ ਲੜਕਿਆਂ ਦੇ ਅੰਡਰ 14 ਵਰਗ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਰੱਤੋਕੇ ਦੀ ਟੀਮ ਨੇ ਘਨੌਰੀ, ਭੂਡੀਆਂ, ਲਹਿਰਾ ਤੇ ਸੁਨਾਮ ਆਦਿ ਦੀਆਂ ਟੀਮਾਂ ਨੂੰ ਗਹਿਗੱਚ ਮੁਕਾਬਲਿਆਂ ਵਿੱਚ ਹਰਾਉਂਦਿਆਂ ਜ਼ਿਲ੍ਹਾ ਸੰਗਰੂਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਅਧਿਆਪਕ ਸੁਖਪਾਲ ਸਿੰਘ, ਮੈਡਮ ਚਰਨਜੀਤ ਕੌਰ ਤੇ ਰੇਨੂੰ ਸਿੰਗਲਾ ਨੇ ਅਥਾਹ ਖੁਸੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਰੱਤੋਕੇ ਸਕੂਲ ਨੇ ਜਿੱਥੇ ਹੋਰ ਖੇਡ ਮੁਕਾਬਲਿਆਂ ਵਿੱਚ ਅਨੇਕਾਂ ਵਾਰ ਜਿੱਤ ਪ੍ਰਾਪਤ ਕੀਤੀ ਹੈ, ਉੱਥੇ ਖੋ-ਖੋ ਅੰਡਰ 14 ਵਿੱਚ ਜਿੱਤ ਹਾਸਲ ਕਰਨਾ ਉਨ੍ਹਾਂ ਦਾ ਇੱਕ ਸੁਫ਼ਨਾ ਹੀ ਰਿਹਾ ਹੈ। ਇਹ ਜਿੱਤ ਚਿਰਾਂ ਤੋਂ ਵਿਦਿਆਰਥੀਆਂ, ਅਧਿਆਪਕਾਂ ਤੇ ਪਿੰਡ ਵਾਸੀਆਂ ਦੁਆਰਾ ਬੇਸਬਰੀ ਨਾਲ ਉਡੀਕੀ ਜਾ ਰਹੀ ਸੀ। ਇਹ ਜਿੱਤ ਦਾ ਪੂਰਾ ਸਿਹਰਾ ਟੀਮ ਕੋਚ ਅੰਮ੍ਰਿਤਪਾਲ ਸਿੰਘ, ਸਹਾਇਕ ਕੋਚ ਸਾਹਿਲਪ੍ਰੀਤ ਸਿੰਘ ਨੂੰ ਦਿੰਦਿਆਂ ਪਿੰਡ ਵਾਸੀਆਂ ਤੇ ਸਕੂਲ ਸਟਾਫ਼ ਨੇ ਉਨ੍ਹਾਂ ਦੀ ਦਿਨ-ਰਾਤ ਇੱਕ ਕਰਕੇ ਕੀਤੀ ਮਿਹਨਤ ਦੀ ਰੱਜ ਕੇ ਪ੍ਰਸ਼ੰਸਾ ਕੀਤੀ। ਸਕੂਲ ਪਹੁੰਚਣ 'ਤੇ ਜੇਤੂ ਟੀਮ ਦਾ ਭਰਵਾਂ ਸੁਆਗਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸਕੂਲ ਕਮੇਟੀ ਪ੍ਰਧਾਨ ਗਿਆਨ ਸਿੰਘ ਭੁੱਲਰ, ਬਲਜੀਤ ਸਿੰਘ ਬੱਲੀ ਨੇ ਦੱਸਿਆ ਕਿ ਜੇਤੂ ਖਿਡਾਰੀਆਂ ਤੇ ਟੀਮ ਕੋਚ ਦਾ ਸਨਮਾਨ ਕਰਨ ਲਈ ਖਾਸ ਸਮਾਗਮ ਜਲਦ ਹੀ ਰੱਖਿਆ ਜਾਵੇਗਾ। ਟੀਮ ਦਾ ਸਕੂਲ ਪਹੁੰਚਣ 'ਤੇ ਸਵਾਗਤ ਕਰਨ ਮੌਕੇ ਕੁਲਦੀਪ ਕੌਰ ਸਰਪੰਚ, ਗੁਰਚਰਨ ਸਿੰਘ ਸਾਬਕਾ ਸਰਪੰਚ, ਸਾਹਿਬ ਸਿੰਘ, ਪਾਲ ਧਨੌਲਾ, ਜਗਪਾਲ ਸਾਹੋਕੇ, ਰਣਜੋਧ ਸਿੰਘ, ਸਲਵਿੰਦਰ ਮਨੀ, ਵਿਜੇ ਇੰਸਾਂ, ਮੈਡਮ ਪਰਵੀਨ ਕੌਰ, ਪ੍ਰਦੀਪ ਸਿੰਘ, ਰਣਜੀਤ ਕੌਰ ਤੇ ਹਰਮਿੰਦਰ ਰੂਮੀ ਆਦਿ ਹਾਜ਼ਰ ਸਨ।

## ਰਾਜ ਪੱਧਰੀ ਖੇਡਾਂ 'ਚ ਭਾਗ ਲੈਣ ਲਈ ਖੇਡਾਂ ਦੇ ਟਰਾਇਲ ਕਰਾਏ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਪੰਜਾਬ ਸਰਕਾਰ ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਖੇਡਾਂ ਵਤਨ ਪੰਜਾਬ ਦੀਆਂ 2023 ਸੀਜ਼ਨ-2 ਅਧੀਨ ਜ਼ਿਲ੍ਹਾ ਪੱਧਰੀ ਖੇਡਾਂ ਪਿਛਲੇ 3 ਦਿਨ ਤੋਂ ਨਹਿਰੂ ਸਟੇਡੀਅਮ ਵਿਖੇ ਚੱਲ ਰਹੀਆਂ ਹਨ।

ਇਸ ਮੌਕੇ ਸ਼੍ਰੀ ਬਲਜਿੰਦਰ ਸਿੰਘ ਜ਼ਿਲ੍ਹਾ ਖੇਡ ਅਫ਼ਸਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ (ਅਥਲੈਟਿਕਸ, ਬਾਸਕਿਟਬਾਲ, ਹਾਕੀ, ਫੁੱਟਬਾਲ, ਕਬੱਡੀ ਸਰਕਲ ਤੇ ਨੈਸ਼ਨਲ, ਵਾਲੀਬਾਲ ਸਮੈਸ਼ਿੰਗ ਤੇ ਸ਼ੂਟਿੰਗ ਕੁਸ਼ਤੀ, ਤੈਰਾਕੀ, ਟੇਬਲ ਟੈਨਿਸ, ਬੈਡਮਿੰਟਨ, ਖੋ-ਖੋ, ਵੇਟਲਿਫਟਿੰਗ, ਪਾਰਲਿਫਟਿੰਗ, ਹੈਂਡਬਾਲ, ਚੈੱਸ, ਗੱਤਕਾ, ਕਿੱਕ ਬਾਕਸਿੰਗ, ਜੂਡੋ ਗੇਮਾਂ ਕਰਾਈਆਂ ਗਈਆਂ। ਇਨ੍ਹਾਂ ਗੇਮਾਂ ਵਿੱਚ ਪੁਜੀਸ਼ਨ ਹਾਸਲ ਕਰਨ ਵਾਲੇ ਖਿਡਾਰੀ ਰਾਜ ਪੱਧਰ ਗੇਮਾਂ ਵਿੱਚ ਭਾਗ ਲੈਣਗੇ। ਇਸ ਤੋਂ ਇਲਾਵਾ ਜੋ ਖੇਡਾਂ ਜ਼ਿਲ੍ਹਾ ਪੱਧਰ 'ਤੇ ਨਹੀਂ ਕਰਾਈਆਂ ਗਈਆਂ। ਇਨ੍ਹਾਂ ਗੇਮਾਂ ਦੇ ਖਿਡਾਰੀਆਂ ਲਈ ਰਾਜ ਪੱਧਰੀ ਖੇਡਾਂ 2023 ਵਿੱਚ ਭਾਗ ਲੈਣ ਵਾਸਤੇ 04 ਖੇਡਾਂ (ਬਾਕਸਿੰਗ, ਲਾਅਨ ਟੈਨਿਸ, ਸੂਟਿੰਗ ਅਤੇ ਨੈਟਬਾਲ ਦੇ ਟ੍ਰਾਇਲ ਨਹਿਰੂ ਸਟੇਡੀਅਮ ਵਿਖੇ 06 ਅਕਤੂਬਰ ਨੂੰ ਰੱਖੇ ਗਏ ਹਨ। ਜ਼ਿਲ੍ਹਾ ਖੇਡ ਅਫ਼ਸਰ ਵੱਲੋਂ ਇਨ੍ਹਾਂ ਟਰਾਇਲਾਂ 'ਚ ਖਿਡਾਰੀਆਂ ਨੂੰ ਵਧ-ਚੜ੍ਹ ਕੇ ਟਰਾਇਲ ਦੇਣ ਦੀ ਅਪੀਲ ਕੀਤੀ ਗਈ ਹੈ।

# ਪੈਨਸ਼ਨਰਜ਼ ਐਸੋਸੀਏਸ਼ਨ ਨੇ ਚੰਡੀਗੜ੍ਹ ਰੈਲੀ ਲਈ ਕਮਰ ਕੱਸੀ

**ਲਹਿਰਾਗਾਗਾ (ਪਵਨ ਸ਼ਰਮਾ)**

ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ ਸ਼੍ਰੀ ਭਗਵਾਨ ਦਾਸ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ 14 ਅਕਤੂਬਰ ਨੂੰ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਚੰਡੀਗੜ੍ਹ ਕੀਤੀ ਜਾਣ ਵਾਲੀ ਸੂਬਾਈ ਰੈਲੀ ਵਿੱਚ ਵਧ-ਚੜ੍ਹ ਕੇ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ। ਸਮੂਹ ਪੈਨਸ਼ਨਰਾਂ ਨੇ ਪੰਜਾਬ ਸਰਕਾਰ ਦੇ ਟਾਲ-ਮਟੋਲ ਵਾਲੇ ਰਵੱਈਏ ਦੀ ਕਰੜੀ ਨਿੰਦਾ ਕੀਤੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਐਸੋਸੀਏਸ਼ਨ ਦੇ ਸਕੱਤਰ ਰਿਟਾਇਰਡ ਈ ਓ ਸ਼੍ਰੀ ਮਦਨ ਲਾਲ, ਮਾਸਟਰ ਹਰਭਗਵਾਨ ਦਾਸ, ਮਾਸਟਰ ਜਗਮੇਲ ਸਿੰਘ, ਡਾਕਟਰ ਬਿਹਾਰੀ ਮੰਡੇਰ, ਰਣਜੀਤ ਲਹਿਰਾ ਨੇ ਆਖਿਆ ਕਿ ਪੰਜਾਬ ਸਰਕਾਰ ਪੰਜਾਬ ਦੇ 7 ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਪ੍ਰਤੀ ਕੀਤੇ ਵਾਅਦਿਆਂ ਤੋਂ ਪੂਰੀ ਤਰ੍ਹਾਂ ਮੁੱਕਰ ਗਈ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਡੇਢ ਸਾਲ ਦੇ ਕਾਰਜਕਾਲ ਦੌਰਾਨ ਸਾਂਝੇ ਫਰੰਟ ਦੇ ਮੰਗ ਪੱਤਰ ਵਿੱਚ ਦਰਜ ਕਿਸੇ ਵੀ ਮੰਗ ਨੂੰ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਆਖਿਆ ਕਿ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ ਬਣੀ ਕੈਬਨਿਟ ਸਬ ਕਮੇਟੀ ਵੱਲੋਂ ਸਾਂਝੇ ਫਰੰਟ ਨੂੰ ਵਾਰ-ਵਾਰ ਮੀਟਿੰਗਾਂ ਦੇ ਕੇ ਮੁਲਤਵੀ ਕਰਨਾ ਸਾਬਤ ਕਰਦਾ ਹੈ ਕਿ ਪੰਜਾਬ ਸਰਕਾਰ ਮੁਲਾਜ਼ਮਾਂ, ਪੈਨਸ਼ਨਰਾਂ ਤੇ ਮਾਣਭੱਤਾ ਵਰਕਰਾਂ ਦੇ ਸਾਹਮਣੇ ਨੈਤਿਕ ਤੌਰ 'ਤੇ ਹਾਰ ਚੁੱਕੀ ਹੈ।

ਆਗੂਆਂ ਨੇ ਆਖਿਆ ਕਿ ਸਮੂਹ ਵਿਭਾਗਾਂ ਦੇ ਹਰ ਤਰ੍ਹਾਂ ਦੇ ਕੱਚੇ, ਠੇਕਾ, ਤੇ ਆਊਟਸੋਰਸ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਪੱਕਾ ਕਰਾਉਣ, ਮਾਣਭੱਤਾ ਵਰਕਰਾਂ ਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਕਰਾਉਣ, ਪੈਨਸ਼ਨਰਾਂ ਦੀ ਪੈਨਸ਼ਨ ਸੁਧਾਈ ਤੇ 2.59 ਦਾ ਗੁਣਾਕ ਲਾਗੂ ਕੀਤਾ ਜਾਵੇ, 1972 ਦੇ ਪੈਨਸ਼ਨ ਨਿਯਮਾਂ ਮੁਤਾਬਕ 01-01-2004 ਤੋਂ ਪੁਰਾਣੀ ਪੈਨਸਨ ਸਕੀਮ ਹੂਬਹੂ ਲਾਗੂ ਕੀਤੀ ਜਾਵੇ। ਪਰਖ ਸਮੇਂ ਦੌਰਾਨ ਮੁੱਢਲੀ ਤਨਖਾਹ ਦੇਣ ਦੇ ਨੋਟੀਫਿਕੇਸ਼ਨ 15-1-2015 ਅਤੇ 09-07-2016 ਨੂੰ ਰੱਦ ਕਰਾਉਣ, 17-7-2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਤੇ ਕੇਂਦਰ ਦੀ ਬਜਾਏ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਵਾਉਣ, ਪੇਂਡੂ ਤੇ ਬਾਰਡਰ ਭੱਤੇ ਸਮੇਤ ਕੱਟੇ ਗਏ 37 ਭੱਤੇ ਤੇ ਏ.ਸੀ.ਪੀ. ਬਹਾਲ ਕਰਵਾਉਣ ਲਈ ਸੰਘਰਸ਼ ਲੜਿਆ ਜਾਵੇਗਾ।

ਆਗੂਆਂ ਨੇ 01-01-16 ਤੋਂ 30-06-2021 ਤੱਕ ਸਕੇਲਾਂ ਦੀ ਰਵੀਜ਼ਨ ਦੇ ਬਕਾਏ ਯਕਮੁਸ਼ਤ ਅਦਾ ਕਰਾਉਣ, 01-01-2016 ਤੋਂ 113 ਫ਼ੀਸਦੀ ਡੀ.ਏ ਦੀ ਬਜਾਏ ਮਾਨਯੋਗ ਹਾਈਕੋਰਟ ਦੇ ਫੈਸਲੇ ਮੁਤਾਬਕ 119 ਫ਼ੀਸਦੀ ਡੀ.ਏ. ਨਾਲ ਪੈਨਸ਼ਨ ਅਤੇ ਤਨਖਾਹ ਦੁਹਰਾਈ ਕਰਾਉਣ, ਡੀ.ਏ 34% ਤੋਂ ਵਧਾ ਕੇ ਕੇਂਦਰੀ ਤਰਜ਼ 'ਤੇ 42% ਕਰਾਉਣ, 200 ਰੁਪਏ ਵਿਕਾਸ ਟੈਕਸ ਬੰਦ ਕਰਾਉਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਇੱਕ ਮਤਾ ਪਾਸ ਕਰਕੇ ਸਿੱਖਿਆ ਵਿਭਾਗ ਦੇ ਬੀਈਪੀਓ, ਜਲ ਸਪਲਾਈ ਤੇ ਸੈਨੀਟੇਸ਼ਨ ਦੇ ਉਪ ਮੰਡਲ ਇੰਜੀਨੀਅਰ ਸਮੇਤ ਹੋਰਨਾਂ ਵਿਭਾਗਾਂ ਦੇ ਅਫ਼ਸਰਾਂ ਤੋਂ ਮੰਗ ਕੀਤੀ ਗਈ ਕਿ ਜੁਲਾਈ, 2015 ਤੋਂ ਦਸੰਬਰ, 2015 ਤੱਕ ਦੇ ਬਕਾਏ ਤੁਰੰਤ ਪੈਨਸ਼ਨਰਾਂ ਦੇ ਖਾਤਿਆਂ ਜਮ੍ਹਾਂ ਕਰਾਏ ਜਾਣ।

## ਚਿਰਾਗ ਸਿੰਗਲਾ ਨੇ ਜਿੱਤਿਆ ਜ਼ਿਲ੍ਹਾ ਪੱਧਰੀ ਕਲਾ ਉਤਸਵ ਦਾ ਪੇਂਟਿੰਗ ਮੁਕਾਬਲਾ

**ਬਰੇਟਾ (ਗੋਬਿੰਦ ਸ਼ਰਮਾ)**-ਪ੍ਰਿੰਸੀਪਲ ਅਰੁਣ ਕੁਮਾਰ ਗਰਗ ਦੀ ਯੋਗ ਅਗਵਾਈ ਅਧੀਨ ਚੱਲ ਰਹੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦਾਤੇਵਾਸ (ਮਾਨਸਾ) ਦੇ ਵਿਦਿਆਰਥੀ ਚਿਰਾਗ ਸਿੰਗਲਾ ਸਪੁੱਤਰ ਸ੍ਰੀ ਮਨੀਸ਼ ਕੁਮਾਰ ਨੇ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ ਸਮੱਗਰਾ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦੇ ਆਦੇਸ਼ਾਂ ਅਨੁਸਾਰ ਜਿ਼ਲ੍ਹਾ ਸਿੱਖਿਆ ਦਫਤਰ (ਸੈਕੰਡਰੀ ਸਿੱਖਿਆ) ਮਾਨਸਾ ਵੱਲੋਂ ਕਰਵਾਏ ਕਲਾ ਉਤਸਵ ਮੁਕਾਬਲਿਆਂ ਵਿੱਚ ਸੋਲੋ ਟੂ-ਡਾਇਮੈਨਸ਼ਨਲ ਪੇਂਟਿੰਗ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਹ ਵਿਦਿਆਰਥੀ ਹੁਣ ਮੁਕਤਸਰ ਵਿਖੇ ਹੋਣ ਵਾਲੇ ਜ਼ੋਨ ਪੱਧਰੀ ਮੁਕਾਬਲਿਆਂ ਵਿੱਚ ਮਾਨਸਾ ਜ਼ਿਲ੍ਹੇ ਦੀ ਪ੍ਰਤੀਨਿਧਤਾ ਕਰੇਗਾ। ਇਸ ਮੌਕੇ ਵਧੇਰੇ ਜਾਣਕਾਰੀ ਦਿੰਦਿਆਂ ਗਾਈਡ ਅਧਿਆਪਕ ਵਧਾਵਾ ਸਿੰਘ ਨੇ ਦੱਸਿਆ ਕਿ ਸਕੂਲ ਸਿੱਖਿਆ ਵਿਭਾਗ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਯਤਨਸ਼ੀਲ ਹੈ। ਕਲਾ ਉਤਸਵ ਵਰਗੇ ਮੁਕਾਬਲਿਆਂ ਦਾ ਮੁੱਖ ਉਦੇਸ਼ ਵਿਦਿਆਰਥੀਆਂ ਅੰਦਰ ਆਪਣੇ ਅਮੀਰ ਵਿਰਸੇ ਸੰਬੰਧੀ ਜਾਗ੍ਰਤੀ ਪੈਦਾ ਕਰਨ ਤੇ ਸਰਬ ਸਾਂਝੇ ਭਾਈਚਾਰੇ ਵਾਲੇ ਨਰੋਏ ਸਮਾਜ ਦੀ ਸਿਰਜਣਾ ਕਰਨਾ ਹੈ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਸ੍ਰੀ ਹਰਿੰਦਰ ਸਿੰਘ ਭੁੱਲਰ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਅਸ਼ੋਕ ਕੁਮਾਰ ਤੇ ਡਾਕਟਰ ਨਰਿੰਦਰ ਸਿੰਘ (ਪ੍ਰਿੰਸੀਪਲ ਗੁਰੂ ਨਾਨਕ ਕਾਲਜ ਬੁਢਲਾਡਾ) ਵੱਲੋਂ ਵਿਸ਼ੇਸ਼ ਤੌਰ 'ਤੇ ਜੇਤੂ ਵਿਦਿਆਰਥੀ ਨੂੰ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

## ਨਸ਼ਾ ਵਿਰੋਧੀ ਜਾਗਰੂਕਤਾ ਵੈਨ ਨੂੰ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਹਰੀ ਝੰਡੀ ਦੇ ਕੇ ਕੀਤਾ ਰਵਾਨਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਕਾਰਜਕਾਰੀ ਚੇਅਰਮੈਨ ਸ੍ਰੀ ਗੁਰਮੀਤ ਸਿੰਘ ਸੰਧਾਵਾਲੀਆ ਜੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਸ੍ਰੀ ਰਾਜ ਕੁਮਾਰ ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਸ਼੍ਰੀਮਤੀ ਹਰਪ੍ਰੀਤ ਕੌਰ ਸੀ.ਜੇ.ਐਮ/ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ਿਲ੍ਹਾ ਕਚਹਿਰੀ ਕੰਪਲੈਕਸ ਸ੍ਰੀ ਮੁਕਤਸਰ ਸਾਹਿਬ ਤੋਂ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਤਹਿਤ ਐਸ.ਐਮ.ਐਲ. ਵੈਨ ਨੂੰ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਜੱਜ ਸਾਹਿਬ ਨੇ ਜ਼ਿਲ੍ਹੇ ਵਿੱਚੋਂ ਨਸ਼ੇ ਦੀ ਅਲਾਮਤ ਨੂੰ ਜੜ੍ਹੋਂ ਖਤਮ ਕਰਨ ਦੇ ਆਦੇਸ਼ ਨਾਲ ਸਿਹਤ ਵਿਭਾਗ ਤੇ ਹੋਰ ਵਿਭਾਗਾਂ ਦੇ ਸਹਿਯੋਗ ਨਾਲ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸਵਸਥ ਮਨ ਸਵਸਥ ਤਨ ਮੁਹਿੰਮ ਤਹਿਤ ਗੌਰਮੈਂਟ ਸੀਨੀਅਰ ਸੈਕੰਡਰੀ ਸਕੂਲ ਰੁੜਿਆਂਵਾਲੀ ਵਿਖੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਨੂੰ ਦਰਸਾਉਂਦੇ ਹੋਏ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ, ਜਿਸ 'ਚ ਵਿਦਿਆਰਥੀਆਂ ਵੱਲੋਂ ਨਸ਼ਿਆਂ ਨੂੰ ਦਰਸਾਉਂਦੇ ਹੋਏ ਪੋਸਟਰ ਬਣਾਏ ਗਏ। ਉਨ੍ਹਾਂ ਦੱਸਿਆ ਕਿ ਮਾਹਰ ਡਾਕਟਰ ਦੀ ਸਹਾਇਤਾ ਨਾਲ ਕੋਈ ਵੀ ਵਿਅਕਤੀ ਕਿੰਨਾ ਵੀ ਨਸ਼ਾ ਕਰਦਾ ਹੋਵੇ, ਬਿਨਾਂ ਤਕਲੀਫ ਤੋਂ ਨਸ਼ਾ ਛੱਡ ਸਕਦਾ ਹੈ।

ਇਸ ਸਬੰਧੀ ਸਰਕਾਰ ਵੱਲੋਂ ਨਸ਼ਾ ਛਡਾਓ ਕੇਂਦਰ ਵੀ ਚੱਲ ਰਹੇ ਹਨ, ਜਿਸ ਵਿੱਚ ਨਸ਼ਾ ਪੀੜਤ ਵਿਅਕਤੀਆਂ ਨੂੰ ਨਸ਼ਾ ਛਡਣ ਲਈ ਮੁਫਤ ਦਵਾਈ ਵੀ ਦਿੱਤੀ ਜਾਂਦੀ ਹੈ। ਮੈਡਮ ਹਰਪ੍ਰੀਤ ਕੌਰ ਨੇ ਦੱਸਿਆ ਕਿ ਉਹ ਜ਼ਿਲ੍ਹਾ ਕਚਹਿਰੀ ਕੰਪਲੈਕਸ ਸ੍ਰੀ ਮੁਕਤਸਰ ਸਾਹਿਬ ਵਿਖੇ ਆ ਕੇ ਕਾਨੂੰਨੀ ਸਲਾਹ/ ਸਹਾਇਤਾ ਲੈ ਸਕਦੇ ਹਨ। ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਟੋਲ ਫ੍ਰੀ ਨੰਬਰ 1968 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਸੈਂਟਰ ਪੱਧਰੀ ਖੇਡਾਂ 'ਚ ਚੰਨਣਵਾਲ ਨੇ ਜਿੱਤੀ ਓਵਰਆਲ ਟਰਾਫੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਜ਼ਿਲ੍ਹਾ ਸਿੱਖਿਆ ਅਫਸਰ ਸਮਸ਼ੇਰ ਸਿੰਘ ਐਲੀਮੈਂਟਰੀ ਸਿੱਖਿਆ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਪ੍ਰਾਇਮਰੀ ਸਕੂਲ ਚੰਨਣਵਾਲ ਵਿਖੇ ਸੈਂਟਰ ਪੱਧਰੀ ਖੇਡ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਸੈਂਟਰ ਦੇ ਅੱਠ ਸਕੂਲਾਂ ਦੇ ਖਿਡਾਰੀਆਂ ਨੇ ਭਾਗ ਲਿਆ। ਇਨ੍ਹਾਂ ਖੇਡਾਂ ਵਿੱਚ ਕਬੱਡੀ ਨੈਸ਼ਨਲ ਮੁੰਡੇ 'ਚ ਠੀਕਰੀਵਾਲਾ ਨੇ ਪਹਿਲਾ ਤੇ ਚੰਨਣਵਾਲ ਨੇ ਦੂਜਾ, ਕਬੱਡੀ ਸਰਕਲ 'ਚ ਮੂੰਮ ਨੇ ਪਹਿਲਾ, ਬੈਡਮਿੰਟਨ ਸਿੰਗਲ ਮੁੰਡੇ ਤੇ ਕੁੜੀਆਂ ਚੰਨਣਵਾਲ ਨੇ ਪਹਿਲਾ, ਰਿਲੇਅ ਰੇਸ 'ਚ ਮੁੰਡੇ ਤੇ ਕੁੜੀਆਂ ਚੰਨਣਵਾਲ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਕੁਸ਼ਤੀਆਂ, ਦੌੜਾਂ, ਲੰਬੀ ਛਾਲ, ਸ਼ਾਟ-ਪੁੱਟ, ਖੋ ਖੋ ਤੇ ਯੋਗਾ ਆਦਿ ਮੁਕਾਬਲੇ ਵੀ ਕਰਵਾਏ ਗਏ। ਓਵਰਆਲ ਟਰਾਫੀ ਸਰਕਾਰੀ ਪ੍ਰਾਇਮਰੀ ਸਕੂਲ ਚੰਨਣਵਾਲ ਦੇ ਹਿੱਸੇ ਆਈ। ਇਸ ਮੌਕੇ ਸੈਂਟਰ ਹੈੱਡ ਟੀਚਰ ਗੁਰਗੀਤ ਸਿੰਘ ਨੇ ਖੇਡਾਂ ਵਿੱਚ ਭਾਗ ਲੈਣ ਵਾਲੇ ਸਮੂਹ ਵਿਦਿਆਰਥੀਆਂ ਤੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਅੱਗੇ ਬਲਾਕ ਪੱਧਰੀ ਹੋਣ ਵਾਲੇ ਖੇਡ ਮੁਕਾਬਲਿਆਂ ਲਈ ਤਿਆਰੀ ਕਰਨ ਲਈ ਕਿਹਾ। ਇਸ ਮੌਕੇ ਸੈਂਟਰ ਦੇ ਸਾਰੇ ਸਕੂਲਾਂ ਦੇ ਅਧਿਆਪਕ ਹਾਜ਼ਰ ਸਨ।

## ਸਵੱਛਤਾ ਮੁਹਿੰਮ ਤਹਿਤ ਬਘੌਰ ਦੇ ਪਾਰਕ ਦੀ ਕੀਤੀ ਸਫਾਈ



**ਸਮਰਾਲਾ (ਸੁਰਜੀਤ ਸਿੰਘ)**-ਸਵੱਛਤਾ ਮੁਹਿੰਮ ਤਹਿਤ ਪਿੰਡ ਬਘੌਰ ਵਿਖੇ ਸਮੂਹ ਗਰਾਮ ਪੰਚਾਇਤ ਤੇ ਸਮਾਜ ਸੇਵਾ ਨੂੰ ਸਮਰਪਤ ਅਜ਼ਾਦ ਸਪੋਰਟਸ ਐਂਡ ਵੈੱਲਫੇਅਰ ਕਲੱਬ ਦੇ ਸਹਿਯੋਗ ਨਾਲ ਪਿੰਡ ਵਿੱਚ ਬਣੀ ਆਧੁਨਿਕ ਪਾਰਕ ਦੀ ਸਫਾਈ ਕੀਤੀ ਗਈ। ਕਲੱਬ ਦੇ ਪ੍ਰਧਾਨ ਅਮਿਤ ਮੌਦਗਿੱਲ ਤੇ ਸਰਪੰਚ ਨਾਇਬ ਸਿੰਘ ਨੇ ਦੱਸਿਆ ਕਿ ਮਹਾਤਮਾ ਗਾਂਧੀ ਦੇ ਜਨਮ ਦਿਨ ਮੌਕੇ ਪੂਰੇ ਭਾਰਤ ਵਿੱਚ ਸਵੱਛਤਾ ਮੁਹਿੰਮ ਤਹਿਤ ਪਿੰਡ ਤੇ ਸ਼ਹਿਰਾਂ ਦੀ ਸਫਾਈ ਕੀਤੀ ਜਾ ਰਹੀ ਹੈ, ਇਸੇ ਲੜੀ ਤਹਿਤ ਪਿੰਡ ਬਘੌਰ ਦੇ ਸਕੂਲ ਪਾਰਕ ਦੀ ਸਫਾਈ ਕੀਤੀ ਗਈ ਤੇ ਕੁਝ ਫਲ ਅਤੇ ਛਾਂਦਾਰ ਨਵੇਂ ਬੂਟੇ ਵੀ ਲਗਾਏ ਗਏ। ਪਿੰਡ ਦੇ ਸਮਾਜਸੇਵੀ ਤੇ ਰੌਬਿਨ ਆਟਾ ਚੱਕੀ ਦੇ ਪ੍ਰੋਪਰਾਈਟਰ ਮਹਿੰਦਰ ਸਿੰਘ ਬਘੌਰ ਅਤੇ ਸੁੱਖਾ ਬਘੌਰ ਨੇ ਦੱਸਿਆ ਕਿ ਵਾਤਾਵਰਣ ਦੀ ਸ਼ੁੱਧਤਾ ਲਈ ਬੂਟੇ ਲਗਾਉਣਾ ਬਹੁਤ ਵੱਡਾ ਪੁੰਨ ਹੈ, ਇਸ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਗਾ ਕੇ ਵਾਤਾਵਰਣ ਨੂੰ ਸ਼ੁੱਧ ਕਰਨ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਬੂਟੇ ਲਗਾਉਣ ਸਮੇਂ ਕਲੱਬ ਦੇ ਅਹੁਦੇਦਾਰ ਗਾਇਕ ਹਰਪ੍ਰੀਤ ਸਿੰਘ ਮਾਂਗਟ, ਲਾਡੀ ਧਾਲੀਵਾਲ, ਨੰਨੂ ਕਟਾਣੀ, ਕੁਲਵੰਤ ਸਿੰਘ ਉੱਚਾ ਪਿੰਡ, ਅਤਿੰਦਰਪਾਲ ਬਘੌਰ, ਪ੍ਰਿੰ: ਸੁਖਜੀਵਨ ਸਿੰਘ ਬਘੌਰ, ਜਸਵੀਰ ਸਿੰਘ ਬਘੌਰ, ਪਿੰਡ ਬਘੌਰ, ਸਿੱਖ ਬੁੱਧੀਜੀਵੀ ਭਾਈ ਪੂਰਨ ਸਿੰਘ ਬਘੌਰ, ਸੁੱਖਾ ਮਾਨ, ਦੀਪਕ ਖੁੱਲਰ, ਅੰਤਰਰਾਸ਼ਟਰੀ ਰੰਗਮੰਚ ਕਲਾਕਾਰ ਕੁਲਵੀਰ ਸਿੰਘ ਮੁਸ਼ਕਾਬਾਦ, ਜਸਵਿੰਦਰ ਸਿੰਘ ਕਾਲਾ, ਸੁਨੀਲ ਕੁਮਾਰ ਕਾਲਾ ਤੇ ਮਾਲੀ ਮਨੋਜ ਕੁਮਾਰ ਅਤੇ ਬਲਵੰਤ ਸਿੰਘ ਉਟਾਲਾਂ ਹਾਜ਼ਰ ਸਨ।

## ਡੇਰਾ ਭਾਈ ਭਗਤੂ ਵਿਖੇ ਲੱਗਾ ਮੁਫਤ ਮੈਡੀਕਲ ਕੈਂਪ



**ਜੈਤੋ (ਸਤੀਸ਼ ਕੁਮਾਰ ਭੀਰੀ)**-ਉਦਾਸੀਨ ਭੇਖ ਮਹਾਂ ਮੰਡਲ ਪੰਜਾਬ ਦੇ ਸਰਪ੍ਰਸਤ ਮਹੰਤ ਗਿਆਨ ਸਰੂਪ ਜੀ, ਮਹੰਤ ਅਮਰ ਦਾਸ ਜੀ, ਪ੍ਰਧਾਨ ਮਹੰਤ ਅਮਿੰਤ ਮੁਨੀ ਜੀ ਮਾਨਸਾ, ਵਾਇਸ ਪ੍ਰਧਾਨ ਮਹੰਤ ਵਿਵੇਕਾਨੰਦ ਜੀ, ਜੱਸੀ ਪੌ ਵਾਲੀ, ਜਨਰਲ ਸੈਕਟਰੀ ਮਹੰਤ ਕਰਨ ਦਾਸ ਸਮੂਹ ਮੰਡਲ ਦੀ ਪ੍ਰੇਰਣਾ ਨਾਲ ਸ੍ਰੀ 108 ਬ੍ਰਹਮਲੀਨ ਅਚਾਰੀਆ ਕ੍ਰਿਸ਼ਨਾ ਨੰਦ ਸ਼ਸਤਰੀ ਜੀ ਦੀ ਯਾਦ ਵਿੱਚ ਡੇਰੇ ਦੇ ਮੌਜੂਦਾ ਮੁਖੀ ਮਹੰਤ ਸੱਤ ਮੁਨੀ ਜੀ ਦੇ ਸਹਿਯੋਗ ਨਾਲ ਵਾਦੀ ਮਲਟੀਸਪੈਸ਼ਲਿਟੀ ਹਸਪਤਾਲ ਬਠਿੰਡਾ ਵੱਲੋਂ ਹੱਡੀਆਂ, ਜੋੜਾਂ ਤੇ ਔਰਤਾਂ ਰੋਗਾਂ ਲਈ ਮਾਹਰ ਡਾਕਟਰਾਂ ਦੁਆਰਾ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ।

ਇਸ ਕੈਂਪ ਵਿੱਚ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ ਤੇ ਬਿਮਾਰੀਆਂ ਤੋਂ ਜਾਣੂ ਕਰਵਾਇਆ। ਇਸ ਕੈਂਪ ਵਿੱਚ ਹੱਡੀਆਂ ਤੇ ਜੋੜਾਂ ਦੇ ਮਾਹਰ ਡਾਕਟਰ ਮੀਤ ਕਮਲ ਸਿੰਘ ਵਾਦੀ, ਔਰਤ ਰੋਗਾਂ ਦੇ ਮਾਹਰ ਡਾਕਟਰ ਸੋਨੀਆਂ ਗਰਗ ਵਾਦੀ, ਡਾਕਟਰ ਗੁਰਪ੍ਰੀਤ ਕੌਰ ਵਾਦੀ ਨੇ ਮਰੀਜ਼ਾਂ ਨੂੰ ਚੈੱਕ ਕੀਤਾ। ਡੇਰੇ ਦੇ ਮਹੰਤ ਸੱਤ ਮੁਨੀ, ਸ਼ਰਧਾਲੂ ਇੰਦਰਜੀਤ ਸ਼ਰਮਾ, ਬੌਬੀ ਦੁੱਲਟ, ਕੁਲਦੀਪ ਸਿੰਘ, ਛਿੰਦਰਪਾਲ ਸਿੰਘ, ਸੁਰਜੀਤ ਸਿੰਘ ਤੇ ਜੀਵਨ ਗਰਗ ਨੇ ਡਾਕਟਰਾਂ ਦੀ ਟੀਮ ਅਤੇ ਮਾਰਕੀਟ ਕਮੇਟੀ ਜੈਤੋ ਦੇ ਚੇਅਰਮੈਨ ਸ੍ਰੀ ਲਛਮਣ ਸ਼ਰਮਾ ਭਗਤੂਆਣਾ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ। ਇਸ ਸਮੇਂ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਜੈਤੋ ਵੱਲੋਂ ਵਾਦੀ ਹਸਪਤਾਲ ਬਠਿੰਡਾ ਦੇ ਸਮੂਹ ਸਟਾਫ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਇਸ ਮੌਕੇ ਬਲਾਕ ਜੈਤੋ ਦੇ ਚੇਅਰਮੈਨ ਡਾ. ਜਲੰਧਰ ਰੋੜੀ, ਬਲਾਕ ਪ੍ਰਧਾਨ ਡਾ. ਹਰਪਾਲ ਸਿੰਘ ਡੇਲਿਆਂ ਵਾਲੀ, ਡਾ. ਬਲਵਿੰਦਰ ਸਿੰਘ ਚੈਨਾ, ਡਾ. ਗੁਰਚਰਨ ਸਿੰਘ ਰੋੜੀਕਪੂਰਾ, ਡਾ. ਜੱਸੀ ਕਰੀਰਵਾਲੀ, ਡਾ. ਤੋਤਾ ਸਿੰਘ ਰਾਮੇਆਣਾ, ਡਾ. ਸੁਖਮੰਦਰ ਸਿੰਘ ਚੈਨਾ ਤੇ ਡਾ. ਗੁਰਚਰਨ ਭਗਤੂਆਣਾ ਹਾਜ਼ਰ ਸਨ।

## ਗਾਂਧੀ ਜੈਅੰਤੀ ਮੌਕੇ ਨਗਰ ਕੌਂਸਲ ਵੱਲੋਂ ਸਵੱਛ ਭਾਰਤ ਮਿਸ਼ਨ ਤਹਿਤ ਸਮਾਗਮ




**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਰੁਪਿੰਦਰ ਸਿੰਘ ਤੇ ਕਾਰਜ ਸਾਧਕ ਅਫਸਰ ਸ੍ਰੀ ਗੁਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗਾਂਧੀ ਜੈਅੰਤੀ ਮੌਕੇ ਸਵੱਛ ਭਾਰਤ ਮਿਸ਼ਨ ਤਹਿਤ ਨਗਰ ਕੌਂਸਲ ਮਾਛੀਵਾੜਾ ਵੱਲੋਂ ਇਕ ਸਮਾਗਮ ਕਰਵਾਇਆ ਗਿਆ। ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸੁਖਵਿੰਦਰ ਸਿੰਘ ਗਿੱਲ, ਬ੍ਰਾਂਡ ਅੰਬੈਸਡਰ ਜਗਮੀਤ ਸਿੰਘ ਮੱਕੜ, ਦਲੀਪ ਸਿੰਘ ਅਤੇ ਪਰਵੀਨ ਕੁਮਾਰ ਮੱਕੜ ਸਰਕਾਰੀ ਹਸਪਤਾਲ ਮਾਛੀਵਾੜਾ, ਸਰਕਾਰੀ ਕਾਲਜ ਤੋਂ ਪ੍ਰਿੰਸੀਪਲ ਦੀਪਕ ਚੋਪੜਾ, ਸਰਕਾਰੀ ਕੰਨਿਆ ਸਕੂਲ ਵਿੱਚੋਂ ਹਰਪ੍ਰੀਤ ਕੌਰ ਸੀ ਡੀ ਓ ਪੀ ਹਰਮਿੰਦਰ ਕੌਰ, ਆਂਗਣਵਾੜੀ ਵਰਕਰ ਕੁਲਵੰਤ ਕੌਰ ਨੀਲੋਂ, ਸਾਬਕਾ ਬ੍ਰਾਂਡ ਅੰਬੈਸਡਰ ਪਰਮਜੀਤ ਸਿੰਘ ਨੀਲੋਂ ਤੇ ਰੈਨੂੰ ਬੈਂਸ ਦਾ ਕੌਂਸਲ ਵੱਲੋਂ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਾਰੀਆਂ ਵਿੱਦਿਅਕ ਸੰਸਥਾਵਾਂ ਤੇ ਪਹੁੰਚੇ ਹੋਏ ਮਹਿਮਾਨਾਂ ਦਾ ਸੁਆਗਤ ਕਰਦਿਆਂ ਕੀਤੀ ਗਈ। ਸੀ ਐੱਫ ਨਵਰੀਤ ਕੌਰ ਵੱਲੋਂ ਸਵੱਛ ਭਾਰਤ ਮਿਸ਼ਨ ਅਧੀਨ ਕੀਤੇ ਗਏ ਕੰਮਾਂ ਬਾਰੇ ਵਿਸਥਾਪੂਰਵਕ ਜਾਣਕਾਰੀ ਦਿੱਤੀ ਗਈ ਤੇ ਸ਼ਹਿਰ ਵਾਸੀਆਂ ਨੂੰ ਅਪੀਲ ਵੀ ਕੀਤੀ ਸ਼ਹਿਰ ਦੀ ਸਾਫ ਸਫਾਈ ਲਈ ਨਗਰ ਕੌਂਸਲ ਮਾਛੀਵਾੜਾ ਦਾ ਸਾਥ ਦੇਣ। ਇਸ ਮੌਕੇ ਸੈਨੀਟੇਸ਼ਨ ਬਰਾਂਚ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਮੌਕੇ ਸੁਖਦੇਵ ਸਿੰਘ ਬਿੱਟੂ (ਸੈਨੇਟਰੀ ਇੰਸਪੈਕਟਰ), ਇੰਸਪੈਕਟਰ ਸੁਖਵਿੰਦਰ ਸਿੰਘ, ਜੂਨੀਅਰ ਸਹਾਇਕ ਰਾਜ ਕੁਮਾਰ, ਰੋਹਿਤ ਜੈਨ, ਕਲਰਕ ਭੁਪਿੰਦਰ ਸਿੰਘ, ਕਲਰਕ ਜਗਵੀਰ ਸਿੰਘ, ਕਲਰਕ ਦੀਪਕ ਸ਼ਰਮਾ, ਕਲਰਕ ਮਨੋਜ ਕੁਮਾਰ, ਸਮੂਹ ਸੈਨੀਟੇਸ਼ਨ ਵਿਭਾਗ ਤੇ ਮੋਟੀਵੇਟਰ ਹਾਜ਼ਰ ਸਨ।

## ਬਾਬਾ ਦਾਨ ਸਿੰਘ ਯਾਤਰੀ ਨਿਵਾਸ (ਸਰਾਂ) ਦਾ ਉਦਘਾਟਨ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜਦੀਆਂ ਸੰਗਤਾਂ ਦੀ ਰਿਹਾਇਸ਼ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਿਆਰ ਕਰਾਏ ਗਏ ਆਧੁਨਿਕ ਸਹੂਲਤਾਂ ਵਾਲੇ ਬਾਬਾ ਦਾਨ ਸਿੰਘ ਯਾਤਰੀ ਨਿਵਾਸ (ਸਰਾਂ) ਦਾ ਉਦਘਾਟਨ ਹੈੱਡ ਗ੍ਰੰਥੀ ਭਾਈ ਬਲਵਿੰਦਰ ਸਿੰਘ ਵੱਲੋਂ ਅਰਦਾਸ ਉਪਰੰਤ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਤੇ ਬਾਬਾ ਬਚਨ ਸਿੰਘ ਕਾਰ ਸੇਵਾ ਦਿੱਲੀ ਵਾਲਿਆਂ ਨੇ ਕੀਤਾ। ਇਸ ਸਮੇਂ ਉਨ੍ਹਾਂ ਨਾਲ ਬਾਬਾ ਮਹਿੰਦਰ ਸਿੰਘ, ਬਾਬਾ ਬਲਦੇਵ ਸਿੰਘ, ਬਾਬਾ ਮਨਪ੍ਰੀਤ ਸਿੰਘ, ਅਵਤਾਰ ਸਿੰਘ ਵਣਵਾਲਾ, ਸ਼ੇਰ ਸਿੰਘ ਮੰਡ ਮੈਂਬਰ ਅੰਤ੍ਰਿੰਗ ਕਮੇਟੀ, ਗੁਰਿੰਦਰ ਕੌਰ ਭੋਲੂਵਾਲਾ ਮੈਂਬਰ ਅੰਤ੍ਰਿੰਗ ਕਮੇਟੀ, ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਸਾਬਕਾ ਵਿਧਾਇਕ, ਮਨਜਿੰਦਰ ਸਿੰਘ ਬਿੱਟੂ ਸਾਬਕਾ ਚੇਅਰਮੈਨ, ਹਰਪ੍ਰੀਤ ਸਿੰਘ ਕੋਟਭਾਈ ਸਾਬਕਾ ਵਿਧਾਇਕ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਰੇਸ਼ਮ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ ਨੇ ਕਿਹਾ ਕਿ ਸੰਗਤਾਂ ਦੀ ਲੋੜ ਨੂੰ ਮੁੱਖ ਰੱਖਦਿਆਂ ਇਸ ਯਾਤਰੀ ਨਿਵਾਸ ਦਾ ਨਿਰਮਾਣ ਸ਼ੁਰੂ ਕਰਾਇਆ ਗਿਆ ਸੀ ਤੇ ਮੁਕੰਮਲ ਹੋਣ ਉਪਰੰਤ ਇਹ ਨਿਵਾਸ ਸੰਗਤ ਦੀ ਸਹੂਲਤ ਲਈ ਆਰੰਭ ਕੀਤਾ ਗਿਆ ਹੈ।

ਇਸ ਮੌਕੇ ਬੀਬੀ ਹਰਗੋਬਿੰਦ ਕੌਰ ਪ੍ਰਧਾਨ ਇਸਤਰੀ ਅਕਾਲੀ ਦਲ, ਬਲਦੇਵ ਸਿੰਘ ਮੈਨੇਜਰ ਭਦੌੜ, ਹੀਰਾ ਸਿੰਘ ਚੜ੍ਹੇਵਾਨ, ਨਵਤੇਜ ਸਿੰਘ ਕਾਉਣੀ, ਕੌਰ ਸਿੰਘ ਬਾਹਵਵਾਲਾ ਮੈਂਬਰ ਸ਼੍ਰੋਮਣੀ ਕਮੇਟੀ, ਗੁਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਕਮੇਟੀ, ਬੀਬੀ ਕਿਰਨਬੀਰ ਕੌਰ ਭੁੱਲਰਵਾਲਾ ਮੈਂਬਰ ਸ਼੍ਰੋਮਣੀ ਕਮੇਟੀ, ਸਰੂਪ ਸਿੰਘ ਨੰਦਗੜ੍ਹ, ਜਗਵੰਤ ਸਿੰਘ ਲੰਬੀਢਾਬ, ਪੂਰਨ ਸਿੰਘ ਲੰਡੇਰੋਡੇ, ਗੁਰਵਿੰਦਰ ਸਿੰਘ ਬਾਜਾ ਮਰਾੜ, ਰਜਿੰਦਰ ਸਿੰਘ ਵੱਟੂ, ਬਲਵਿੰਦਰ ਸਿੰਘ ਬੁੱਢੀਮਾਲ, ਬਿੰਦਰ ਗੋਨਿਆਣਾ, ਪ੍ਰਗਟ ਸਿੰਘ, ਜਸਪਾਲ ਸਿੰਘ ਪੀਏ, ਹਰਤੇਜ ਸਿੰਘ ਭੁੱਲਰਵਾਲਾ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਤੇ ਪ੍ਰਬੰਧਕੀ ਸਟਾਫ਼ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਵੱਲੋਂ ਉਚੇਰੀ ਸਿੱਖਿਆ ਦੀ ਅਜੋਕੀ ਸਥਿਤੀ ਬਾਰੇ ਦੋ ਰੋਜ਼ਾ ਕਾਨਫਰੰਸ ਦਾ ਆਗਾਜ਼

### ਸਰਕਾਰਾਂ ਦੀ ਸਿੱਖਿਆ ਪ੍ਰਤੀ ਗੈਰ-ਸੰਜੀਦਗੀ ਅਜੋਕੀ ਪੀੜ੍ਹੀ ਦੇ ਭਵਿੱਖ ਨਾਲ ਕਰ ਰਹੀ ਹੈ ਖਿਲਵਾੜ : ਐਡਵੋਕੇਟ ਧਾਮੀ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਚੇਰੀ ਸਿੱਖਿਆ ਦੀ ਅਜੋਕੀ ਸਥਿਤੀ, ਮੌਜੂਦਾ ਸਮੱਸਿਆਵਾਂ ਤੇ ਸੰਭਾਵੀ ਹੱਲ ਵਿਸ਼ੇ 'ਤੇ ਕਰਵਾਈ ਜਾ ਰਹੀ 2 ਰੋਜ਼ਾ ਵਿੱਦਿਅਕ ਕਾਨਫਰੰਸ ਦਾ ਅੱਜ ਆਗਾਜ਼ ਹੋਇਆ। ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਗਿਆਨੀ ਦਿੱਤ ਸਿੰਘ ਆਡੋਟੋਰੀਅਮ ਵਿੱਚ ਹੋਈ ਇਸ ਵਿਦਿਅਕ ਕਾਨਫਰੰਸ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਤੇ ਉੱਘੇ ਵਿਦਵਾਨਾਂ ਨੇ ਸ਼ਿਰਕਤ ਕੀਤੀ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੌਜੂਦਾ ਸਮੇਂ ਅੰਦਰ ਸਰਕਾਰਾਂ ਵੱਲੋਂ ਸਿੱਖਿਆ ਦੇ ਖੇਤਰ ਵਿਚੋਂ ਹੱਥ ਪਿੱਛੇ ਖਿੱਚਣ ਨੂੰ ਘਾਤਕ ਕਰਾਰ ਦਿੰਦਿਆਂ ਕਿਹਾ ਕਿ ਸਰਕਾਰਾਂ ਵੱਲੋਂ ਬਣਾਈਆਂ ਨੀਤੀਆਂ ਨੇ ਸਿੱਖਿਆ ਦਾ ਵੱਡਾ ਨੁਕਸਾਨ ਕੀਤਾ ਹੈ। ਸਰਕਾਰਾਂ ਵੱਲੋਂ ਸਿੱਖਿਆ ਅਦਾਰਿਆਂ ਦੀਆਂ ਗ੍ਰਾਂਟਾਂ ਘਟਾਉਣੀਆਂ ਤੇ ਘੱਟ-ਗਿਣਤੀਆਂ ਦੀ ਸਕਾਲਰਸ਼ਿਪ ਨੂੰ ਬੰਦ ਕਰਨਾ ਵੱਡੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਸਿੱਖਿਆ ਪ੍ਰਤੀ ਗੈਰ-ਸੰਜੀਦਗੀ ਅਜੋਕੀ ਪੀੜ੍ਹੀ ਦੇ ਭਵਿੱਖ ਨਾਲ ਖਿਲਵਾੜ ਕਰ ਰਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਅਜਿਹੀਆਂ ਕਾਨਫਰੰਸਾਂ ਵਿੱਚ ਸੰਵਾਦ ਰਾਹੀਂ ਸਰਕਾਰਾਂ ਦੇ ਮਨਸੂਬਿਆਂ ਨੂੰ ਜਗ-ਜ਼ਾਹਰ ਕਰਨਾ ਸਮੇਂ ਦੀ ਵੱਡੀ ਲੋੜ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖਿਆ ਨੀਤੀ ਨੂੰ ਬਦਲ ਕੇ ਸਰਕਾਰਾਂ ਵੱਲੋਂ ਸਾਡੇ ਖਿੱਤੇ ਤੇ ਭਾਸ਼ਾ 'ਤੇ ਹਮਲੇ ਕਰਕੇ ਸਾਨੂੰ ਵਿਰਸੇ ਤੋਂ ਨਿਖੇੜਨ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਰਕਾਰਾਂ ਦੇ ਅਜਿਹੇ ਹਮਲਿਆਂ ਨੂੰ ਰੋਕਣ ਲਈ ਸਾਨੂੰ ਧਾਰਮਿਕ ਫਲਸਫੇ 'ਤੇ ਰਹਿੰਦਿਆਂ ਆਪਣੀ ਅਜੋਕੀ ਪੀੜ੍ਹੀ ਨੂੰ ਅਜਿਹਾ ਮਾਰਗ ਦਿਖਾਉਣਾ ਹੋਵੇਗਾ, ਜਿਸ ਨਾਲ ਸਾਡੀ ਭਾਸ਼ਾ, ਸਿਧਾਂਤ ਤੇ ਫ਼ਲਸਫ਼ਾ ਬਚਿਆ ਰਹਿ ਸਕੇ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਾਨੂੰ ਉੱਚ ਸਿੱਖਿਆ ਪ੍ਰਤੀ ਸੰਜੀਦਾ ਰਹਿਣ ਦੇ ਨਾਲ-ਨਾਲ ਆਪਣੇ ਯਤਨਾਂ ਨੂੰ ਹੋਰ ਤੇਜ਼ ਕਰਨਾ ਹੋਵੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਆਪਣੇ ਸਵਾਗਤੀ ਭਾਸ਼ਣ 'ਚ ਕਿਹਾ ਕਿ ਸਿੱਖਾਂ ਦੀ ਸਿਰਮੌਰ ਸੰਸਥਾ ਨੇ ਜਿੱਥੇ ਸਿੱਖ ਫਲਸਫੇ ਦੀ ਰੌਸ਼ਨੀ ਵਿਚ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਕਾਰਜ ਕੀਤੇ ਹਨ, ਉਥੇ ਹੀ ਸਿੱਖਿਆ ਦੇ ਖੇਤਰ ਵਿੱਚ ਵੀ ਜ਼ਿਕਰਯੋਗ ਪ੍ਰਾਪਤੀਆਂ ਕੀਤੀਆਂ ਹਨ। ਉਨ੍ਹਾ ਕਿਹਾ ਕਿ ਅੱਜ ਵਿੱਦਿਅਕ ਤੌਰ 'ਤੇ ਵੀ ਸਾਡੀ ਭਾਸ਼ਾ, ਸੰਸਕ੍ਰਿਤੀ ਤੇ ਪਹਿਰਾਵੇ 'ਤੇ ਵੱਡੇ ਹਮਲੇ ਹੋ ਰਹੇ ਹਨ। ਭਾਈ ਗਰੇਵਾਲ ਨੇ ਕਿਹਾ ਕਿ ਅੱਜ ਦੀ ਇਹ ਵਿੱਦਿਅਕ ਕਾਨਫਰੰਸ ਸਿੱਖਿਆ ਦੇ ਖੇਤਰ ਵਿੱਚ ਭਵਿੱਖ ਲਈ ਨੀਤੀ ਨਿਰਧਾਰਤ ਕਰਨ ਵਿਚ ਸਹਾਈ ਹੋਵੇਗੀ। ਇਸੇ ਦੌਰਾਨ ਪ੍ਰੋਫੈਸਰ ਡਾ. ਰਾਜੇਸ਼ ਗਿੱਲ ਨੇ ਆਪਣੇ ਕੁੰਜੀਵਤ ਭਾਸ਼ਣ ਵਿੱਚ ਪੰਜਾਬ ਦੇ ਕਾਲਜਾਂ ਅੰਦਰ ਸਿੱਖਿਆ ਨੂੰ ਹੋਰ ਵੀ ਤਰਾਸ਼ਣ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਅਗਾਂਹਵਧੂ ਸੋਚ ਰੱਖ ਕੇ ਚੰਗੀ ਸਿੱਖਿਆ ਦੇ ਨਾਲ-ਨਾਲ ਸਕਿਲ ਦਾ ਹੋਣਾ ਸਮੇਂ ਦੀ ਵੱਡੀ ਲੋੜ ਹੈ। ਉਨ੍ਹਾ ਕਿਹਾ ਕਿ ਸਿੱਖਿਆ ਨੂੰ ਤਾਂ ਹੀ ਅੱਗੇ ਲਿਜਾਇਆ ਜਾ ਸਕਦਾ ਹੈ, ਜੇਕਰ ਇਸ ਨੂੰ ਰਾਜਨੀਤਕ ਪ੍ਰਭਾਵ ਤੋਂ ਬਾਹਰ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਸਿੱਖਿਆ ਸਿਸਟਮ ਦਾ ਡਾਵਾਂਡੋਲ ਹੋਣ ਦਾ ਕਾਰਨ ਸਾਡੀਆਂ ਕਦਰਾਂ ਕੀਮਤਾਂ ਦਾ ਬਦਲਣਾ ਵੀ ਹੈ। ਇਸ ਉਪਰੰਤ ਪ੍ਰੋ. ਨਵਰੀਤ ਕੌਰ ਨੇ ਉਚੇਰੀ ਸਿੱਖਿਆ ਦੀਆਂ ਭਵਿੱਖ ਲਈ ਕੁਝ ਚੁਣੌਤੀਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਨੈਸ਼ਨਲ ਐਜੂਕੇਸ਼ਨ ਪਾਲਿਸੀ ਸਾਡੇ ਲਈ ਕਈ ਚੁਣੌਤੀਆਂ ਲੈ ਕੇ ਆਵੇਗੀ। ਉਨ੍ਹਾਂ ਕਿਹਾ ਕਿ ਦਰਪੇਸ਼ ਚੁਣੌਤੀਆਂ ਕਾਰਨ ਆਉਣ ਵਾਲੇ ਕੁਝ ਸਾਲਾਂ ਵਿੱਚ ਸਾਡੀ ਇਕ ਪੀੜ੍ਹੀ ਮੌਜੂਦਾ ਮਾਹੌਲ ਵਿੱਚੋਂ ਗਾਇਬ ਹੁੰਦੀ ਦਿਖਾਈ ਦੇਵੇਗੀ। ਇਸੇ ਦੌਰਾਨ ਪੈਨਲ ਚਰਚਾ ਵਿੱਚ ਡਾ. ਜੈਰੂਪ ਸਿੰਘ, ਡਾ. ਗੁਰਮੋਹਨ ਸਿੰਘ ਵਾਲੀਆ, ਡਾ. ਪਰਵਿੰਦਰ ਸਿੰਘ, ਕਾਹਨ ਸਿੰਘ ਪੰਨੂ, ਸਤਨਾਮ ਸਿੰਘ ਮਾਣਕ, ਡਾ. ਵਰਿੰਦਰਪਾਲ ਸਿੰਘ, ਐਸ. ਐਚ. ਚੀਮਾ, ਡਾ. ਪ੍ਰਿਤਪਾਲ ਸਿੰਘ, ਤੇਜਦੀਪ ਸਿੰਘ ਸੈਣੀ ਆਦਿ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਪੰਜਾਬ ਵਿੱਚ ਉਚੇਰੀ ਸਿੱਖਿਆ ਦੀ ਅਜੋਕੀ ਸਥਿਤੀ, ਸਮੱਸਿਆਵਾਂ ਤੇ ਸੰਭਾਵੀ ਹੱਲ ਦੀ ਰੌਸ਼ਨੀ ਵਿੱਚ ਆਪੋ-ਆਪਣੇ ਵਿਚਾਰ ਰੱਖੇ। ਇਸ ਮੌਕੇ ਪੁੱਜੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸਟੇਜ ਸੰਚਾਲਨ ਡਾ. ਰਜਿੰਦਰ ਕੌਰ ਤੇ ਡਾ. ਜਤਿੰਦਰ ਕੌਰ ਨੇ ਕੀਤਾ।

## ...ਸਫ਼ਾ 1 ਦੇ ਬਾਕੀ

### ਗਦਰੀ ਬਾਬਿਆਂ ਦੇ ਮੇਲੇ...

ਪ੍ਰਦਰਸ਼ਨੀ ਅਭੁੱਲ ਯਾਦ ਬਣੇਗੀ। ਲੋਕ ਸਰੋਕਾਰਾਂ, ਸਿਹਤਮੰਦ ਸੱਭਿਆਚਾਰ ਅਤੇ ਜ਼ਿੰਦਗੀ ਨਾਲ ਜੁੜੀ ਇਸ ਪ੍ਰਦਰਸ਼ਨੀ 'ਚ ਮਰਹੂਮ ਚਿੱਤਰਕਾਰ ਅਮਿਤ ਦੀ ਬੇਟੀ ਮੰਜਲ, ਕੰਵਰਜੀਤ ਕਪੂਰਥਲਾ, ਗੁਰਦੀਸ਼ ਜਲੰਧਰ, ਸਵਰਨਜੀਤ ਸਵੀ ਲੁਧਿਆਣਾ, ਆਰਟਿਸਟ ਗੁਰਪ੍ਰੀਤ ਬਠਿੰਡਾ, ਰਵਿੰਦਰ ਰਵੀ ਲੁਧਿਆਣਾ, ਵਰੁਣ ਟੰਡਨ ਜਲੰਧਰ, ਰਣਦੀਪ ਮੱਦੋਕੇ, ਰਣਜੋਧ ਸਿੰਘ ਲੁਧਿਆਣਾ ਆਪਣੀਆਂ ਕਲਾ-ਕ੍ਰਿਤਾਂ ਮੇਲੇ ਦੀ ਪ੍ਰਦਰਸ਼ਨੀ 'ਚ ਸੁਸ਼ੋਭਿਤ ਕਰਨਗੇ। ਮੀਟਿੰਗ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਲਾ ਪ੍ਰਦਰਸ਼ਨੀ ਦੇ ਕਨਵੀਨਰ ਡਾ. ਸੈਲੇਸ਼, ਕਮੇਟੀ ਮੈਂਬਰ ਵਿਜੈ ਬੰਬੇਲੀ, ਵਰੁਣ ਟੰਡਨ, ਇੰਦਰਜੀਤ ਆਰਟਿਸਟ ਜਲੰਧਰ ਅਤੇ ਬਲਜਿੰਦਰ ਸ਼ਾਮਲ ਹੋਏ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸਿੰਘ ਸਭਾ ਲਹਿਰ ਦੇ 150 ਸਾਲਾ ਸਥਾਪਨਾ ਦਿਹਾੜੇ ਮੌਕੇ ਵਿਸ਼ਾਲ ਸਮਾਗਮ

## ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਸਿੱਖੀ ਦੇ ਮਨੁੱਖਤਾਵਾਦੀ ਸਿਧਾਂਤ ਹਾਕਮ ਸਰਕਾਰਾਂ ਨੂੰ ਰੜਕਦੇ ਰਹੇ : ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਲਹਿਰ ਦਾ 150 ਸਾਲਾ ਸਥਾਪਨਾ ਦਿਹਾੜਾ ਅੱਜ ਇਥੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਇਕ ਵਿਸ਼ਾਲ ਗੁਰਮਤਿ ਸਮਾਗਮ ਕਰਕੇ ਮਨਾਇਆ ਗਿਆ। ਇਸ ਸ਼ਤਾਬਦੀ ਸਮਾਗਮ ਮੌਕੇ ਵੱਡੀ ਗਿਣਤੀ 'ਚ ਸਿੱਖ ਪੰਥ ਦੀ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਦੇ ਇਤਿਹਾਸ ਅਤੇ ਯੋਗਦਾਨ ਦੀ ਰੌਸ਼ਨੀ 'ਚ ਸਿੱਖ ਕੌਮ ਨੂੰ ਦਰਪੇਸ਼ ਮੌਜੂਦਾ ਚੁਣੌਤੀਆਂ ਦਾ ਇਕਜੁਟਤਾ ਨਾਲ ਮੁਕਾਬਲਾ ਕਰਨ ਲਈ ਕਿਹਾ। ਬੁਲਾਰਿਆਂ ਨੇ ਆਪਣੇ ਸੰਬੋਧਨ ਦੌਰਾਨ ਇਕ ਪ੍ਰਚੰਡ ਧਰਮ ਪ੍ਰਚਾਰ ਲਹਿਰ ਨੂੰ ਅੱਗੇ ਵਧਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ 150 ਸਾਲ ਪਹਿਲਾਂ ਸ਼ੁਰੂ ਹੋਈ ਸਿੰਘ ਸਭਾ ਲਹਿਰ ਨੇ ਤਤਕਾਲੀ ਚੁਣੌਤੀਆਂ ਵਿਰੁੱਧ ਸਿੱਖ ਕੌਮ ਅੰਦਰ ਚੇਤੰਨ ਦਸਤਕ ਦਿੱਤੀ ਸੀ, ਜਿਸ ਦਾ ਪ੍ਰਭਾਵ ਹਰ ਸਿੱਖ ਨੇ ਕਬੂਲਿਆ ਸੀ। ਉਨ੍ਹਾਂ ਆਖਿਆ ਕਿ ਅੱਜ ਵੀ ਕਈ ਚੁਣੌਤੀਆਂ ਕੌਮ ਦੇ ਸਾਹਮਣੇ ਹਨ, ਜਿਨ੍ਹਾਂ ਦਾ ਮੁਕਾਬਲਾ ਇਤਿਹਾਸ ਤੋਂ ਸੇਧ ਲੈ ਕੇ ਕਰਨਾ ਪਵੇਗਾ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕਿਹਾ ਕਿ ਤਤਕਾਲੀ ਹਾਲਾਤ ਵਾਂਗ ਮੌਜੂਦਾ ਸਮੇਂ ਵੀ ਇਸਾਈਅਤ ਦਾ ਭਰਮਜਾਲ ਧਰਮ ਪ੍ਰਚਾਰ ਦੇ ਨਾਂ 'ਤੇ ਫੈਲਾਇਆ ਜਾ ਰਿਹਾ ਹੈ।




ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਸਾਈ ਧਰਮ ਦੇ ਪ੍ਰਚਾਰ ਕੇਂਦਰ ਖੋਲ੍ਹਣ ਵਾਸਤੇ ਵੱਧ ਪੈਸੇ ਦਾ ਲਾਲਚ ਦੇ ਕੇ ਜ਼ਮੀਨਾਂ ਲੈਣ ਦੀਆਂ ਕਈ ਸ਼ਿਕਾਇਤਾਂ ਪੁੱਜ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜ਼ਿਮੀਦਾਰਾਂ ਨੂੰ ਸੁਚੇਤ ਹੋ ਕੇ ਇਸ ਵਰਤਾਰੇ 'ਤੇ ਰੋਕ ਲਗਾਉਣੀ ਪਵੇਗੀ, ਤਾਂ ਜੋ ਸਿੱਖ ਸੱਭਿਆਚਾਰ ਵਿਰੁੱਧ ਗਤੀਵਿਧੀਆਂ ਅੱਗੇ ਨਾ ਵਧਣ। ਅਜਿਹੇ ਹਾਲਾਤ ਦਾ ਮੁਕਾਬਲਾ ਕਰਨ ਲਈ ਸਿੱਖ ਸੰਸਥਾਵਾਂ ਦੇ ਨਾਲ-ਨਾਲ ਹਰ ਸਿੱਖ ਨੂੰ ਪ੍ਰਚਾਰਕ ਬਣ ਕੇ ਵਿਚਰਨਾ ਪਵੇਗਾ ਅਤੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਿੰਘ ਸਭਾ ਲਹਿਰ ਦੇ ਮੋਢੀਆਂ ਨੇ ਸਿੱਖ ਧਰਮ ਅਤੇ ਸਿੱਖ ਸਿਧਾਂਤਾਂ ਦੀ ਪਹਿਰੇਦਾਰੀ ਕੀਤੀ ਅਤੇ ਸਿੱਖਾਂ ਨੂੰ ਆਪਣੇ ਕੌਮੀ ਫ਼ਰਜ਼ ਪ੍ਰਤੀ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਦੇ ਇਹ ਵਰਕੇ ਕੌਮ ਲਈ ਪ੍ਰੇਰਣਾ ਸਰੋਤ ਹਨ। ਧਰਮ ਦੇ ਵਿਸ਼ਵਾਸ਼ਾਂ ਪ੍ਰਤੀ ਦ੍ਰਿੜ੍ਹਤਾ ਹੀ ਕੌਮੀ ਚੁਣੌਤੀਆਂ ਵਿੱਚੋਂ ਬਾਹਰ ਕੱਢ ਸਕਦੀ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਕੌਮ ਦਾ ਇਤਿਹਾਸ ਭਵਿੱਖ ਦੀਆਂ ਤਰਜੀਹਾਂ ਨਿਰਧਾਰਤ ਕਰਨ ਲਈ ਸ਼ਕਤੀ ਸੋਮੇ ਦਾ ਕੰਮ ਕਰਦਾ ਹੈ। ਸਿੰਘ ਸਭਾ ਲਹਿਰ ਨੇ ਕੌਮ ਨੂੰ ਇਕ ਮਾਰਗ ਦਰਸ਼ਨ ਦਿੱਤਾ ਹੈ, ਜਿਸ ਦੀ ਰੌਸ਼ਨੀ ਵਿਚ ਪੰਥਕ ਸੰਸਥਾਵਾਂ ਦੇ ਕਾਰਜਾਂ ਨੂੰ ਸਮਰਥਨ ਬੇਹੱਦ ਲਾਜ਼ਮੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਜਥੇਦਾਰ ਗੁਲਜ਼ਾਰ ਸਿੰਘ ਰਣੀਕੇ, ਦਲ ਪੰਥ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਪਦਮਸ੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਆਗੂ ਪ੍ਰੋ. ਸ਼ਾਮ ਸਿੰਘ ਚੰਡੀਗੜ੍ਹ ਨੇ ਵੀ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਪਹਿਰੇਦਾਰੀ ਲਈ ਪ੍ਰੇਰਨਾ ਕੀਤੀ। ਇਸ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਪੰਥ ਪ੍ਰਸਿੱਧ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ। ਸਮਾਗਮ ਮੌਕੇ ਧਾਰਮਿਕ ਪ੍ਰੀਖਿਆ ਵਿੱਚੋਂ ਅੱਵਲ ਰਹਿਣ ਵਾਲੇ 1552 ਵਿਦਿਆਰਥੀਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ 32 ਲੱਖ ਰੁਪਏ ਦੀ ਰਾਸ਼ੀ ਵੀ ਵੰਡੀ ਗਈ। ਲੰਗਰ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀਵਾਲੇ ਸੰਪ੍ਰਦਾ ਵੱਲੋਂ ਕੀਤੀ ਗਈ। ਪੁੱਜੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਕਮੇਟੀ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਤਿਹਾਸ ਨੂੰ ਤਸਵੀਰਾਂ ਰਾਹੀਂ ਪੇਸ਼ ਕਰਦੀ ਚਿੱਤਰ ਪ੍ਰਦਰਸ਼ਨੀ ਵੀ ਖਿੱਚ ਦਾ ਕੇਂਦਰ ਰਹੀ।

# ਖੇਡਾਂ ਵਤਨ ਪੰਜਾਬ ਦੀਆਂ ਤਹਿਤ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਦਾ ਛੇਵਾਂ ਦਿਨ

**ਅੰਮ੍ਰਿਤਸਰ/ਤਰਸਿੱਕਾ (ਜਸਬੀਰ ਸਿੰਘ ਪੱਟੀ, ਤਰਸੇਮ ਸਿੰਘ ਸਾਧਪੁਰ)**-ਖੇਡ ਵਿਭਾਗ ਪੰਜਾਬ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ 2023 ਅਧੀਨ ਜ਼ਿਲ੍ਹਾ ਪੱਧਰੀ ਖੇਡਾਂ ਵੱਖ-ਵੱਖ ਖੇਡ ਵੈਨਿਊ ਤੇ 5 ਅਕਤੂਬਰ 2023 ਤੱਕ ਹੋ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ ਸੁਖਚੈਨ ਸਿੰਘ ਨੇ ਦੱਸਿਆ ਕਿ ਜ਼ਿਲਾ ਪੱਧਰ ਤੇ ਬਾਸਕਿਟਬਾਲ, ਫੁੱਟਬਾਲ, ਹੈਂਡਬਾਲ, ਹਾਕੀ, ਖੋ-ਖੋ, ਪਾਵਰਲਿਫਟਿੰਗ, ਸ਼ੂਟਿੰਗ, ਸਾਫਟਬਾਲ, ਤੈਰਾਕੀ, ਵੇਟਲਿਫਟਿੰਗ, ਗੱਤਕਾ, ਐਥਲੈਟਿਕਸ, ਬੈਡਮਿੰਟਨ, ਚੈੱਸ, ਲਾਅਨ ਟੈਨਿਸ, ਟੇਬਲ ਟੈਨਿਸ, ਵਾਲੀਬਾਲ ਸਮੈਸ਼ਿੰਗ, ਵਾਲੀਬਾਲ ਸ਼ੂਟਿੰਗ, ਜੂਡੋ, ਕਬੱਡੀ ਨੈਸ਼ਨਲ ਸਟਾਈਲ ਅਤੇ ਕਬੱਡੀ ਸਰਕਲ ਸਟਾਈਲ, ਕਿੱਕ ਬਾਕਸਿੰਗ, ਗੇਮ ਬਾਕਸਿੰਗ, ਗੇਮ ਕੁਸ਼ਤੀ ਆਦਿ ਵੱਖ-ਵੱਖ ਉਮਰ ਵਰਗਾਂ ਅੰਡਰ-14,17, 21, 21 ਤੋਂ 30, 31 ਤੋਂ 40, 41 ਤੋਂ 55, 56 ਤੋਂ 65 ਅਤੇ 65 ਸਾਲ ਤੋਂ ਉਪਰ ਉਮਰ ਵਰਗ ਵਿੱਚ ਕਰਵਾਈਆਂ ਜਾ ਰਹੀਆਂ ਹਨ। ਅੰਡਰ-21 ਦੇ ਲੜਕਿਆਂ ਦੇ ਟੂਰਨਾਮੈਂਟ ਵਿੱਚ ਪਹਿਲਾ ਮੈਚ ਸਫੀਪੁਰ ਅਤੇ ਵਿਛੋਆ ਦੀ ਟੀਮ ਦੇ ਵਿਚਕਾਰ ਹੋਇਆ ਜਿਸ ਵਿੱਚ ਸਫੀਪੁਰ ਦੀ ਟੀਮ ਨੇ ਜਿੱਤ ਪ੍ਰਾਪਤ ਕੀਤੀ। ਦੂਜਾ ਮੈਚ ਖਾਲਸਾ ਕਲੱਬ ਅਤੇ ਚੰਨਣੇ ਕਲੱਬ ਵਿਚਕਾਰ ਹੋਇਆ ਜਿਸ ਵਿੱਚ ਚੰਨਣੇ ਕਲੱਬ ਨੇ ਜਿੱਤ ਪ੍ਰਾਪਤ ਕੀਤੀ। ਅੰਡਰ-21 ਲੜਕੀਆਂ ਦੇ ਮੁਕਾਬਲਾ ਬੀਬੀਕੇ ਡੀਏਵੀ ਕਾਲਜ ਅਤੇ ਖਾਲਸਾ ਕਾਲਜ ਵਿਚਕਾਰ ਹੋਇਆ ਜਿਸ ਵਿੱਚ ਬੀਬੀਕੇ ਡੀਏਵੀ ਕਾਲਜ ਦੀ ਟੀਮ ਨੇ ਜਿੱਤ ਪ੍ਰਾਪਤ ਕੀਤੀ। ਟੇਬਲ ਟੈਨਿਸ 'ਚ 21 ਤੋਂ 30 ਉਮਰ ਵਰਗ ਪੁਰਸ਼ਾਂ ਦੇ ਮੁਕਾਬਲੇ 'ਚ ਦਿਨੇਸ਼ ਮਹਾਜਨ ਨੇ ਪਹਿਲਾ, ਅਭਿਸ਼ੇਕ ਅਰੋੜਾ ਨੇ ਦੂਜਾ, ਦਿਵਿਅਮ ਅਤੇ ਅਨੁਰਾਗ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 31 ਤੋਂ 40 ਵਿੱਚ ਕਪਿਲ ਕੁੰਦਰਾ ਨੇ ਪਹਿਲਾ ਸਥਾਨ, ਰਾਹੁਲ ਮਲਹੋਤਰਾ ਨੇ ਦੂਜਾ, ਨਿਖਿਲ ਅਰੋੜਾ ਅਤੇ ਰੋਹਿਤ ਮਹਾਜਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 41 ਤੋਂ 55 ਉਮਰ ਵਰਗ ਵਿੱਚ ਰਜੇਸ਼ ਕੁਮਾਰ ਨੇ ਪਹਿਲਾ, ਰਮਨਪ੍ਰੀਤ ਸਿੰਘ ਨੇ ਦੂਜਾ, ਜਤਿੰਦਰਪਾਲ ਸਿੰਘ ਅਤੇ ਅਸ਼ੀਸ਼ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਉਮਰ ਵਰਗ 55 ਤੋਂ 65 ਵਿੱਚ ਰਾਜਮਿੰਦਰ ਸਿੰਘ ਨੇ ਪਹਿਲਾ, ਵਿਵੇਕ ਰਿਸ਼ੀ ਨੇ ਦੂਜਾ, ਰਾਕੇਸ਼ ਸ਼ਰਮਾ ਅਤੇ ਸੰਜੇ ਮਹਿਰਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 31 ਤੋਂ 40 ਉਮਰ ਵਰਗ ਲੜਕੀਆਂ ਦੇ ਮੁਕਾਬਲੇ ਵਿੱਚ ਅਰੁਨਾ ਨੇ ਪਹਿਲਾ ਸਥਾਨ ਅਤੇ ਸੁਨੰਦਿਕਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ।



## ਪੱਖੇ ਤੇ ਬਿਜਲੀ ਦੀਆਂ ਤਾਰਾਂ ਚੋਰੀ ਕਰਨ ਵਾਲਾ ਪੁਲਸ ਅੜਿਕੇ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਸਰਕਾਰੀ ਹਾਈ ਸਕੂਲ ਅਵਾਂਖਾ ਵਿੱਚੋਂ ਪੱਖੇ ਅਤੇ ਬਿਜਲੀ ਦੀਆਂ ਤਾਰਾਂ ਚੋਰੀ ਕਰਨ ਵਾਲੇ ਮੁਲਜ਼ਮ ਨੂੰ ਥਾਣਾ ਦੀਨਾਨਗਰ ਦੀ ਪੁਲਸ ਨੇ ਕਾਬੂ ਕੀਤਾ ਹੈ। ਮੁੱਖ ਅਧਿਆਪਕਾ ਰੇਨੂ ਬਾਲਾ ਨੇ ਦੱਸਿਆ ਕਿ ਸਕੂਲ ਖਤਮ ਹੋਣ ਤੋਂ ਬਾਅਦ ਚੌਕੀਦਾਰ ਕਮਲਜੀਤ ਸਿੰਘ ਅਤੇ ਪਿੰਡ ਦੇ ਲੋਕਾਂ ਨੇ ਇੱਕ ਵਿਅਕਤੀ ਨੂੰ ਕੰਧ ਟੱਪ ਕੇ ਸਕੂਲ ਦਾ ਸਾਮਾਨ ਚੋਰੀ ਕਰਦੇ ਦੇਖਿਆ। ਜਦੋਂ ਸਕੂਲ ਖੋਲ੍ਹਿਆ ਗਿਆ ਤਾਂ ਪਤਾ ਲੱਗਾ ਕਿ ਸੱਤ ਪੱਖੇ ਅਤੇ ਦਸ ਮੀਟਰ ਬਿਜਲੀ ਦੀਆਂ ਤਾਰਾਂ ਚੋਰੀ ਹੋ ਚੁੱਕੀਆਂ ਹਨ। ਮੁਲਜ਼ਮ ਰਜਨੀਸ਼ ਉਰਫ ਕਪਿਲ ਵਾਸੀ ਅਵਾਂਖਾ ਗੇਟ, ਦੀਨਾਨਗਰ ਖਿਲਾਫ ਕੇਸ ਦਰਜ ਕਰਕੇ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਸਿਵਲ ਹਸਪਤਾਲ 'ਚ ਸਿਹਤ ਸੇਵਾਵਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ : ਧਾਲੀਵਾਲ

**ਅਜਨਾਲਾ (ਸੁਖਤਿੰਦਰ ਸਿੰਘ)**-ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਜਿਨ੍ਹਾਂ ਨੂੰ ਬੀਤੇ ਦਿਨੀਂ ਮ੍ਰਿਤਕ ਦੇਹ ਸੰਭਾਲਣ ਸਬੰਧੀ ਸਿਵਲ ਹਸਪਤਾਲ ਅਜਨਾਲਾ ਵਿੱਚ



ਆਉਂਦੀ ਸਮੱਸਿਆ ਬਾਰੇ ਸ਼ਿਕਾਇਤ ਮਿਲੀ ਸੀ, ਨੇ ਅੱਜ ਆਪਣੇ ਨਿੱਜੀ ਯਤਨਾਂ ਨਾਲ ਸਿਵਲ ਹਸਪਤਾਲ ਅਜਨਾਲਾ ਨੂੰ ਦੋ ਕੈਂਡੀ ਮੁਹੱਈਆ ਕਰਵਾਈਆਂ। ਧਾਲੀਵਾਲ ਨੇ ਇਸ ਮੌਕੇ ਗੱਲਬਾਤ ਕਰਦਿਆਂ ਕਿਹਾ ਕਿ ਮੈਨੂੰ ਜੋ ਸ਼ਿਕਾਇਤ ਮਿਲੀ ਸੀ ਦੋ ਦਿਨ ਅੰਦਰ ਠੀਕ ਕਰਵਾ ਦਿੱਤੀ ਸੀ। ਉਨ੍ਹਾਂ ਇਸ ਮੌਕੇ ਡਾਕਟਰਾਂ ਦੀ ਮੰਗ 'ਤੇ ਐਕਸਰੇ ਫਿਲਮਾਂ ਵੀ ਦੇਣ ਦਾ ਭਰੋਸਾ ਦਿੱਤਾ। ਸ: ਧਾਲੀਵਾਲ ਨੇ ਕਿਹਾ ਕਿ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਦੇ ਕਿਸੇ ਵੀ ਵਾਸੀ ਦੀ ਕੋਈ ਸ਼ਿਕਾਇਤ ਨਿਕਟ ਭਵਿੱਖ ਵਿੱਚ ਨਹੀਂ ਰਹੇਗੀ। ਇਸ ਮੌਕੇ ਜਸਪਾਲ ਸਿੰਘ ਭੱਟੀ, ਅਮਿਤ ਪੁਰੀ, ਅਮਿਤ ਔਲ, ਜਸਪਿੰਦਰ ਸਿੰਘ ਛੀਨਾ, ਗੁਰਜੰਟ ਸਿੰਘ ਸੋਹੀ, ਚਰਨਜੀਤ ਸਿੰਘ, ਰਸ਼ਪਾਲ ਸਿੰਘ, ਅਮਰਬੀਰ ਸਿੰਘ ਰਿੰਕੂ, ਪਵਿੱਤਰ ਸਿੰਘ, ਦਵਿੰਦਰ ਸਿੰਘ ਸੋਨੂੰ, ਅਜੇ ਕੁਮਾਰ, ਸ਼ਮਸ਼ੇਰ ਸਿੰਘ, ਦੀਪਕ ਭੱਟੀ ਹਾਜ਼ਰ ਸਨ।

## ਬੈਂਕ ਰਿਕਾਰਡ ਨਸ਼ਟ ਕਰਨ ਦੇ ਦੋਸ਼ 'ਚ ਕੇਸ ਦਰਜ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਕੇਂਦਰੀ ਸਹਿਕਾਰੀ ਬੈਂਕ ਸ਼ਾਖਾ ਦੀਨਾਨਗਰ ਦਾ ਰਿਕਾਰਡ ਨਸ਼ਟ ਦੇ ਦੋਸ਼ ਹੇਠ ਥਾਣਾ ਦੀਨਾਨਗਰ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ। ਬੈਂਕ ਮੈਨੇਜਰ ਬਲਵਿੰਦਰ ਕੁਮਾਰ ਨੇ ਦੱਸਿਆ ਕਿ ਮੁਲਜ਼ਮ ਮਨੋਜ ਕੁਮਾਰ ਉਰਫ ਜੈਕੀ ਵਾਸੀ ਹਰੀਜਨ ਕਲੋਨੀ ਨੇ ਕੁਝ ਵਿਅਕਤੀਆਂ ਨਾਲ ਮਿਲ ਕੇ ਕਮਰੇ ਵਿੱਚ ਰੱਖੇ ਬੈਂਕ ਦਾ ਸਾਰਾ ਰਿਕਾਰਡ ਨਸ਼ਟ ਕਰ ਦਿੱਤਾ ਹੈ। ਉਸ ਨੇ ਦੱਸਿਆ ਕਿ ਕਮਰੇ ਵਿੱਚ 1995 ਤੋਂ ਪਹਿਲਾਂ ਦਾ ਰਿਕਾਰਡ, ਮਨੀ ਵਾਊਚਰ ਅਤੇ ਰਜਿਸਟਰ ਪਏ ਸਨ, ਜਿਨ੍ਹਾਂ ਨੂੰ ਮੁਲਜ਼ਮਾਂ ਨੇ ਨਸ਼ਟ ਕਰ ਦਿੱਤਾ ਸੀ। ਇੰਨਾ ਹੀ ਨਹੀਂ, ਉਹ ਬੈਂਕ ਦੀ ਬਿਜਲੀ ਸਪਲਾਈ ਕੱਟ ਕੇ ਕੰਧ ਬਣਾ ਕੇ ਉਸ ਦੀ ਇਮਾਰਤ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਵੀ ਕਰ ਰਿਹਾ ਹੈ।

## ਜੇ ਆਰ ਐੱਸ ਡੀ ਏ ਵੀ ਪਬਲਿਕ ਸਕੂਲ ਝਬਾਲ 'ਚ ਗਾਂਧੀ ਜਯੰਤੀ ਮਨਾਈ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਜੇ. ਆਰ. ਐੱਸ. ਡੀਏਵੀ ਪਬਲਿਕ ਸਕੂਲ ਝਬਾਲ ਵਿਖੇ ਡਾ. ਪੂਨਮ ਸੂਰੀ, ਪ੍ਰਧਾਨ ਡਾ. ਜੇ. ਪੀ. ਸੂਰ, ਚੇਅਰਮੈਨ ਮਹੇਸ਼ ਚੋਪੜਾ, ਡਾ. ਨੀਲਮ ਕਾਮਰਾ, ਮੈਨੇਜਰ ਨੀਰਾ ਸ਼ਰਮਾ ਅਤੇ ਪ੍ਰਿੰ. ਅਸ਼ਵਨੀ ਕੁਮਾਰ ਦੀ ਯੋਗ ਅਗਵਾਈ ਵਿੱਚ ਰਾਸ਼ਟਰਪਿਤਾ ਮਹਾਤਮਾ ਗਾਂਧੀ ਦਾ ਜਨਮ ਦਿਨ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਬੱਚਿਆਂ ਨੇ ਭਜਨ ਪੇਸ਼ ਕੀਤਾ ਅਤੇ ਗਾਂਧੀ ਜੀ ਦੇ ਜੀਵਨ ਤੇ ਭਾਸ਼ਣ/ਕਵਿਤਾਵਾਂ ਬੋਲੀਆਂ। ਪ੍ਰਿੰ. ਅਸ਼ਵਨੀ ਨੇ ਮਹਾਤਮਾ ਗਾਂਧੀ ਦੇ ਦੇਸ਼ ਪਿਆਰ, ਤਿਆਗ ਤੇ ਉਨ੍ਹਾਂ ਦੁਆਰਾ ਚਲਾਏ ਗਏ ਅੰਦੋਲਨਾਂ.ਬਾਰੇ ਬੱਚਿਆਂ ਨੂੰ ਜਾਣੂ ਕਰਵਾਇਆ। ਇਸ ਤੋਂ ਇਲਾਵਾ ਸਕੂਲ ਵਿੱਚ 'ਵਿਸ਼ਵ ਅਨੁਵਾਦ ਦਿਵਸ' ਮਨਾਇਆ ਗਿਆ। ਇਸ ਮੌਕੇ ਮੈਡਮ ਰਕਸ਼ੰਦਨ ਨੇ ਅਨੁਵਾਦ ਦੀ ਮਹੱਤਤਾ ਅਤੇ ਲੋੜ ਤੋਂ ਬੱਚਿਆਂ ਨੂੰ ਜਾਣੂ ਕਰਵਾਇਆ। ਤੀਸਰੀ ਅਤੇ ਚੌਥੀ ਦੀਆਂ ਵਿਦਿਆਰਥਣਾਂ ਨੇ ਇਸੇ ਵਿਸ਼ੇ 'ਤੇ ਭਾਸ਼ਣ ਦਿੱਤੇ।

## ਕੇਂਦਰੀ ਵਿਦਿਆਲਾ ਤਿੱਬੜੀ ਕੈਂਟ ਵਿਖੇ ਸਾਫ-ਸਫਾਈ ਮੁਹਿੰਮ ਚੱਲੀ

**ਗੁਰਦਾਸਪੁਰ (ਜਨਕ ਮਹਾਜਨ)**-ਕੇਂਦਰੀ ਵਿਦਿਆਲਾ ਤਿੱਬੜੀ ਕੈਂਟ ਵਿਖੇ ਸਵੱਛਤਾ ਅਭਿਆਨ ਦਿਵਸ ਮਨਾਇਆ ਗਿਆ। ਇਹ ਅਭਿਆਨ ਪ੍ਰਿੰਸੀਪਲ ਦਿਨੇਸ਼ ਕੁਮਾਰ ਦੀ ਅਗਵਾਈ ਹੇਠ ਚਲਾਇਆ ਗਿਆ। ਇਸ ਇਕ ਘੰਟੇ ਦੇ ਅਭਿਆਨ ਵਿਚ ਸਕੂਲ ਵਿਚ ਪੜ੍ਹਦੇ 350 ਦੇ ਕਰੀਬ ਵਿਦਿਆਰਥੀਆਂ ਅਤੇ ਸਟਾਫ਼ ਨੇ ਹਿੱਸਾ ਲੈ ਕੇ ਸਕੂਲ ਤੇ ਆਲੇ-ਦੁਆਲੇ ਦੀ ਸਫ਼ਾਈ ਕੀਤੀ ਗਈ। ਪ੍ਰਿੰਸੀਪਲ ਦਿਨੇਸ਼ ਕੁਮਾਰ ਨੇ ਇਸ ਸਵੱਛਤਾ ਅਭਿਆਨ ਦਿਵਸ ਸਬੰਧੀ ਬਾਰੇ ਬੱਚਿਆਂ ਨੂੰ ਜਾਣਕਾਰੀ ਦਿੱਤੀ ਅਤੇ ਆਪਣੇ ਆਲੇ ਦੁਆਲੇ ਸਫ਼ਾਈ ਰੱਖਦ ਲਈ ਪ੍ਰੇਰਿਤ ਕੀਤਾ। ਬਾਅਦ ਵਿਚ ਸਕੂਲ ਵਲੋਂ ਵਿਦਿਆਰਥੀਆਂ ਨੂੰ ਮਠਿਆਈ ਵੀ ਵੰਡੀ ਗਈ

# ਸਰਵ ਆਂਗਣਵਾੜੀ ਵਰਕਰ ਤੇ ਹੈਲਪਰ ਯੂਨੀਅਨ ਨੇ ਬੀ ਪੀ ਓ ਨੂੰ ਮੰਗ ਪੱਤਰ ਸੌਂਪਿਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸਰਵ ਆਂਗਣਵਾੜੀ ਵਰਕਰ ਤੇ ਹੈਲਪਰ ਯੂਨੀਅਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਮੈਡਮ ਹਰਪ੍ਰੀਤ ਕੌਰ ਸਿੰਘਪੁਰਾ ਦੇ ਨਿਰਦੇਸ਼ਾਂ ਤਹਿਤ ਯੂਨੀਅਨ ਦੇ ਬਲਾਕ ਧਾਰੀਵਾਲ ਦੇ ਪ੍ਰਧਾਨ ਕੰਵਲਜੀਤ ਕੌਰ ਦੀ ਅਗਵਾਈ ਹੇਠ ਆਂਗਣਵਾੜੀ ਵਰਕਰਾਂ/ਹੈਲਪਰਾਂ ਦਾ ਇਕ ਵਫਦ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਧਾਰੀਵਾਲ -1 ਨੀਰਜ ਕੁਮਾਰ ਖੁੰਡਾ ਨੂੰ ਮਿਲਿਆ। ਪ੍ਰਧਾਨ ਕੰਵਲਜੀਤ ਕੌਰ ਤੇ ਸਾਥੀ ਆਂਗਣਵਾੜੀ ਵਰਕਰਾਂ ਵਲੋਂ ਬੀਪੀਈਓ ਨੀਰਜ ਕੁਮਾਰ ਨੂੰ ਇਕ ਮੰਗ ਪੱਤਰ ਦਿੱਤਾ ਗਿਆ ਜਿਸ ਰਾਹੀਂ ਦੱਸਿਆ ਪੰਜਾਬ ਸਟੇਟ ਮਿਡ ਡੇ ਮੀਲ ਸੁਸਾਇਟੀ ਦੇ ਪੱਤਰ ਨੰਬਰ ਐੱਸਡੀਐੱਮ/ਜੀਐੱਮ./2023/242733 ਮਿਤੀ 30/8/2023 ਦੇ ਅਨੁਸਾਰ ਜੋ ਬੱਚੇ ਆਂਗਣਵਾੜੀ ਸੈਂਟਰਾਂ ਤੋਂ ਰਾਸ਼ਨ ਲੈ ਰਹੇ ਹਨ, ਉਨ੍ਹਾਂ ਬੱਚਿਆਂ ਨੂੰ ਮਿਡ ਡੇ ਮੀਲ ਦਾ ਲਾਭ ਨਾ ਦਿੱਤਾ ਜਾਵੇ ਜਦਕਿ ਆਂਗਣਵਾੜੀ ਸੈਂਟਰਾਂ ਵਿੱਚ 3 ਸਾਲ ਤੋਂ 6 ਸਾਲ ਦੇ ਬੱਚੇ ਪਹਿਲਾਂ ਤੋਂ ਹੀ ਪੋਸ਼ਣ ਟਰੈਕਟ ਐਪ ਤੇ ਆਨਲਾਈਨ ਹਨ ਅਤੇ ਇਨ੍ਹਾਂ ਬੱਚਿਆਂ ਨੂੰ ਆਂਗਣਵਾੜੀ ਸੈਂਟਰ ਖਾਣਾ ਦੇ ਰਿਹਾ ਹੈ ਪਰ ਫਿਰ ਵੀ ਕਈ ਸਕੂਲਾਂ ਵੱਲੋਂ ਵਿਭਾਗੀ ਹੁਕਮਾਂ ਦੀ ਉਲੰਘਣਾ ਕਰਦੇ ਹੋਏ 3 ਸਾਲ ਤੋਂ 6 ਦੇ ਬੱਚਿਆਂ ਦੀ ਜਾਣਬੁੱਝ ਕੇ ਮਿਡ ਡੇ ਮੀਲ ਤੇ ਹਾਜ਼ਰੀ ਲਗਾਈ ਜਾ ਰਹੀ ਹੈ। ਜਦਕਿ ਸਿੱਖਿਆ ਵਿਭਾਗ ਵੱਲੋਂ ਵੀ ਸਪੱਸ਼ਟ ਆਦੇਸ਼ ਜਾਰੀ ਕੀਤੇ ਹਨ ਕਿ 3 ਸਾਲ ਤੋਂ 6 ਸਾਲ ਦੇ ਬੱਚੇ ਆਂਗਣਵਾੜੀ ਸੈਂਟਰ ਵਿੱਚੋਂ ਹੀ ਖਾਣਾ ਲੈਣਗੇ। ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਨੇ ਮੰਗ ਕੀਤੀ ਕਿ ਸਰਕਾਰੀ ਆਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਸਕੂਲ ਹੈੱਡ ਟੀਚਰਾਂ ਤੇ ਕਾਰਵਾਈ ਕੀਤੀ ਜਾਵੇ ਤਾਂ ਜੋ ਪ੍ਰਾਇਮਰੀ ਅਧਿਆਪਕਾਂ ਅਤੇ ਆਂਗਣਵਾੜੀ ਵਰਕਰਾਂ ਵਿਚਕਾਰ ਬੱਚਿਆਂ ਨੂੰ ਲੈ ਕੇ ਆਪਸੀ ਖਿਚੋਤਾਣ ਖਤਮ ਹੋ ਸਕੇ। ਇਸ ਮੌਕੇ ਵਫਦ ਵਿੱਚ ਯੂਨੀਅਨ ਦੀ ਬਲਾਕ ਪ੍ਰਧਾਨ ਕੰਵਲਜੀਤ ਕੌਰ, ਸਰਬਜੀਤ ਕੌਰ, ਰਾਜਦੀਪ ਕੌਰ, ਰਣਜੀਤ ਕੌਰ, ਅੰਮ੍ਰਿਤ ਕੌਰ, ਸੁਮਨ ਬਾਲਾ, ਬਲਵਿੰਦਰ ਕੌਰ, ਮਨਜੀਤ ਕੌਰ, ਕਸ਼ਮੀਰ ਕੌਰ ਆਦਿ ਤੋਂ ਇਲਾਵਾ ਵੀ ਸ਼ਾਮਲ ਸਨ।

## ਹਾਲ-ਚਾਲ ਪੁੱਛਣ ਲੰਗਾਹ ਹਰਪ੍ਰੀਤ ਕਾਹਲੋਂ ਦੇ ਘਰ ਪਹੁੰਚੇ



**ਕਲਾਨੌਰ (ਮਨਦੀਪ ਕੁਮਾਰ)**-ਅਕਾਲੀ ਦਲ ਦੇ ਸਾਬਕਾ ਕੈਬਨਿਟ ਮੰਤਰੀ ਸੁੱਚਾ ਸਿੰਘ ਲੰਗਾਹ ਕਸਬਾ ਕਲਾਨੌਰ ਤੋਂ ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਕਾਹਲੋਂ ਦੇ ਛੋਟੇ ਭਰਾ ਹਰਪ੍ਰੀਤ ਸਿੰਘ ਕਾਹਲੋਂ ਦਾ ਹਾਲ-ਚਾਲ ਪੁੱਛਣ ਉਨ੍ਹਾਂ ਦੇ ਘਰ ਪਹੁੰਚੇ। ਹਰਪ੍ਰੀਤ ਕਾਹਲੋਂ ਨੂੰ ਕੁਝ ਲੋਕਾਂ ਵੱਲੋਂ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਸੀ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਾਨੂੰਨ ਵਿਵਸਥਾ ਬਿਲਕੁਲ ਵੀ ਸੰਭਾਲੀ ਨਹੀਂ ਜਾ ਰਹੀ ਅਤੇ ਦਿਨ-ਦਿਹਾੜੇ ਹੀ ਲੁੱਟਾਂ-ਖੋਹਾਂ ਹੋ ਰਹੀਆਂ ਹਨ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਗੋਲੀ ਚਲਾਉਣ ਵਾਲੇ ਵਿਅਕਤੀਆਂ ਨੂੰ ਜਲਦੀ ਤੋਂ ਜਲਦੀ ਫੜਿਆ ਜਾਵੇ ਤਾਂ ਜੋ ਕਾਹਲੋਂ ਪਰਿਵਾਰ ਨੂੰ ਇਨਸਾਫ ਮਿਲ ਸਕੇ।

## ਸਸਸ ਸਕੂਲ ਸਿੰਘਪੁਰਾ ਦੀਆਂ ਖਿਡਾਰਨਾਂ ਦੀ ਸਟੇਟ ਲਈ ਸਿਲੈਕਸ਼ਨ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸ. ਸ. ਸ. ਸਕੂਲ ਸਿੰਘਪੁਰਾ ਦੇ ਵਿਦਿਆਰਥੀ ਜਿੱਥੇ ਸਿੱਖਿਆ ਦੇ ਖੇਤਰ ਵਿੱਚ ਅਹਿਮ ਪ੍ਰਾਪਤੀਆਂ ਕਰ ਰਹੇ ਹਨ ਉਥੇ ਹੀ ਖੇਡਾਂ ਵਿੱਚ ਵੱਡੀਆਂ ਮੱਲਾਂ ਮਾਰ ਕੇ ਆਪਣੇ ਸਕੂਲ ਅਤੇ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕਰ ਰਹੇ ਹਨ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਸੁਖਵਿੰਦਰ ਸਿੰਘ ਪੀਟੀਆਈ ਨੇ ਦੱਸਿਆ ਕਿ ਗੌਰਮਿੰਟ ਕਾਲਜ ਗੁਰਦਾਸਪੁਰ ਵਿੱਚ 74 ਟੀਮਾਂ ਦੇ ਜ਼ਿਲਾ ਪੱਧਰੀ ਵਾਲੀਬਾਲ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਵੱਖ-ਵੱਖ ਜ਼ੋਨਾਂ ਤੋਂ ਟੀਮਾਂ ਨੇ ਭਾਗ ਲਿਆ। ਇਨ੍ਹਾਂ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੰਘਪੁਰਾ ਅੰਡਰ-17 ਲੜਕੀਆਂ ਨੇ ਦੂਜਾ ਸਥਾਨ ਹਾਸਲ ਕੀਤਾ। ਇਸ ਦੌਰਾਨ ਇਨ੍ਹਾਂ ਹੋਣਹਾਰ ਨੌਵੀਂ ਜਮਾਤ ਦੀਆਂ ਲੜਕੀਆਂ ਗੁਰਵਿੰਦਰ ਕੌਰ ਅਤੇ ਜਸਲੀਨ ਕੌਰ ਦੀ ਸਟੇਟ ਪੱਧਰੀ ਹੋਣ ਵਾਲੀਆਂ ਗੇਮਾਂ ਲਈ ਸਿਲੈਕਸ਼ਨ ਕੀਤੀ ਗਈ। ਸਿੰਘਪੁਰਾ ਸਕੂਲ ਪਹੁੰਚਣ 'ਤੇ ਇਨ੍ਹਾਂ ਵਿਦਿਆਰਥਣਾਂ ਦਾ ਸਕੂਲ ਦੇ ਸਟਾਫ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰਿੰ. ਕੰਵਲਜੀਤ ਸਿੰਘ, ਅੰਜੂ ਪਵਾਰ, ਅਮਨਦੀਪ ਕੌਰ, ਕੁਲਵੀਰ ਸਿੰਘ, ਸੁਖਵਿੰਦਰ ਸਿੰਘ ਪੀਟੀਆਈ, ਪੀਟੀਆਈ ਰਾਮ ਸਰੂਪ, ਡੀ. ਪੀ. ਗੁਰਵਿੰਦਰ ਸਿੰਘ, ਹਰਦੀਪ ਸਿੰਘ, ਮਨਜੀਤ ਕੌਰ, ਬੂਟਾ ਸਿੰਘ, ਅਮਰ ਸੁਖਦੀਪ ਸਿੰਘ, ਪਰਦੀਪ ਨਾਰੰਗ, ਜੋਤੀ ਦੇਵੀ, ਰਵਿਦਾਸ, ਨੈਤਿਕ ਸੈਣੀ, ਜਸਪਾਲ ਸਿੰਘ, ਮੈਡਮ ਸ਼ਵੇਤਾ, ਕੁੰਦਨ ਲਾਲ ਆਦਿ ਹਾਜ਼ਰ ਸਨ।

# ਕੱਟੇ ਰਾਸ਼ਨ ਕਾਰਡਾਂ ਦੀ ਬਹਾਲੀ ਲਈ ਵਿੱਢੇ ਸੰਘਰਸ਼ ਦੇ 29 ਦਿਨ ਪੂਰੇ

**ਪਠਾਨਕੋਟ (ਦਵਿੰਦਰ ਸਿੰਘ)**-ਗਰੀਬ ਪਰਿਵਾਰਾਂ ਦੇ ਨਜਾਇਜ਼ ਕੱਟੇ ਰਾਸ਼ਨ ਕਾਰਡਾਂ ਦੀ ਬਹਾਲੀ, ਕਾਰਡਾਂ ਚੋਂ ਕੱਟੇ ਨਾਮ ਮੁੜ, ਰਹਿ ਗਏ ਗਰੀਬ ਪਰਿਵਾਰਾਂ ਦੇ ਰਾਸ਼ਨ ਕਾਰਡ ਬਣਾਉਣ, ਕੱਟੀਆਂ ਪਰਚੀਆਂ ਦੀ ਕਣਕ ਸਮੇਂ ਸਿਰ ਨਾ ਮਿਲਣ ਅਤੇ ਮਜ਼ਦੂਰਾਂ ਦੀਆਂ ਹੋਰ ਮੰਗਾਂ ਮੁਸ਼ਕਲਾਂ ਨੂੰ ਲੈ ਦਿਹਾਤੀ ਮਜ਼ਦੂਰ ਸਭਾ ਵਲੋਂ ਜ਼ਿਲ੍ਹਾ ਹੈਡਕੁਆਰਟਰ ਪਠਾਨਕੋਟ ਵਿਖੇ ਅਣਮਿੱਥੇ ਸਮੇਂ ਲਈ ਲੱਗਾ ਦਿਨ ਰਾਤ ਦਾ ਧਰਨਾ 29ਵੇਂ ਦਿਨ ਵੀ ਜਾਰੀ ਰਿਹਾ।

ਧਰਨੇ ਵਿੱਚ ਲੋਕਾਂ ਦੀ ਸ਼ਮੂਲੀਅਤ ਲਈ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਲੋਕਾਂ ਨੂੰ ਜਾਗਰੂਕ ਕਰਕੇ ਲੋਕ ਲਾਮਬੰਦੀ ਦਾ ਸਿਲਸਿਲਾ ਵੀ ਜਾਰੀ ਰਿਹਾ। ਦਿਹਾਤੀ ਮਜ਼ਦੂਰ ਸਭਾ ਦੇ ਆਗੂ ਸਾਥੀ ਅਜੀਤ ਰਾਮ ਗੰਦਲਾਂ, ਪ੍ਰਵੀਨ ਕੁਮਾਰ ਬਮਿਆਲ, ਯਸ਼ਪਾਲ ਅਤੇ ਬਲਕਾਰ ਚੰਦ ਭਰਿਆਲ ਲਾਹੜੀ ਅਤੇ ਹੋਰ ਸਾਥੀ ਹਾਜ਼ਰ ਸਨ। ਮਜ਼ਦੂਰਾਂ ਦੀਆਂ ਮੰਗਾਂ ਪ੍ਰਤੀ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਪਠਾਨਕੋਟ ਦੇ ਰਵੱਈਏ ਦੀ ਦੋ ਤਿੰਨ ਦਿਨਾਂ ਦੀ ਉਡੀਕ ਤੋਂ ਬਾਅਦ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਪਿੰਡ ਮਲਕਪੁਰ ਵਿਖੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਭਾ ਦੇ ਆਗੂ ਅਜੀਤ ਰਾਮ ਗੰਦਲਾਂ ਲਾਹੜੀ, ਯਸ਼ਪਾਲ, ਰਜਿੰਦਰ ਕੁਮਾਰ ਅਤੇ ਕੁਲਦੀਪ ਰਾਜ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਚੋਣਾਂ ਵਿੱਚ ਡਿਪੂਆਂ 'ਚ ਸੁਧਾਰ ਕਰਨ ਦੀਆਂ ਬੜੀਆਂ ਵੱਡੀਆਂ-ਵੱਡੀਆਂ ਗੱਲਾਂ ਕੀਤੀਆਂ ਸਨ ਪਰ ਸਰਕਾਰ ਬਣਦੇ ਸਾਰ ਸਰਵੇ ਕਰਨ ਦੇ ਬਹਾਨੇ ਹਰੇਕ ਜ਼ਿਲ੍ਹੇ ਵਿੱਚ ਹਜ਼ਾਰਾਂ ਗਰੀਬ ਲੋਕਾਂ ਦੇ ਨਾਜਾਇਜ਼ ਢੰਗ ਨਾਲ ਰਾਸ਼ਨ ਕਾਰਡ ਕੱਟ ਕੇ ਗਰੀਬ ਲੋਕਾਂ ਨਾਲ ਧੋਖਾ ਕੀਤਾ ਹੈ।

## ਗਊਆਂ ਦੀ ਦੁਖਦ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਵਿਸ਼ੇਸ਼ ਜਾਂਚ ਕਮੇਟੀ ਦਾ ਗਠਨ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਬੀਤੀ 27 ਸਤੰਬਰ ਦੀ ਰਾਤ ਨੂੰ ਬਟਾਲਾ ਦੀ ਸਤੀ ਲਕਸ਼ਮੀ ਗਊਸ਼ਾਲਾ ਵਿਖੇ 19 ਗਊਆਂ ਦੀ ਦੁਖਦ ਮੌਤ ਹੋ ਗਈ ਸੀ ਅਤੇ ਇਸ ਦੁਖਦਾਈ ਘਟਨਾ ਦੀ ਜਾਂਚ ਲਈ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਇੱਕ ਜਾਂਚ ਕਮੇਟੀ ਦਾ ਗਠਨ ਕੀਤਾ ਹੈ। ਇਸ ਜਾਂਚ ਕਮੇਟੀ ਦੇ ਚੇਅਰਮੈਨ ਤਹਿਸੀਲਦਾਰ ਬਟਾਲਾ ਜਦਕਿ ਸਕੱਤਰ ਨਗਰ ਨਿਗਮ ਬਟਾਲਾ ਅਤੇ ਸੀਨੀਅਰ ਵੈਟਰਨਰੀ ਅਫ਼ਸਰ ਬਟਾਲਾ ਇਸ ਜਾਂਚ ਕਮੇਟੀ ਦੇ ਮੈਂਬਰ ਹੋਣਗੇ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਜਾਂਚ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਉਹ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਕੇ ਆਪਣੀ ਸਵੈ-ਸਪੱਸ਼ਟ ਰਿਪੋਰਟ ਜਿਸ ਵਿੱਚ ਘਟਨਾ ਦੇ ਕਾਰਨਾਂ ਬਾਰੇ ਸਪੱਸ਼ਟ ਰਿਪੋਰਟ, ਸਬੰਧਤ ਵਿਅਕਤੀਆਂ ਦੀ ਜ਼ਿੰਮੇਵਾਰੀ ਫਿਕਸ ਕੀਤੀ ਜਾਵੇ ਅਤੇ ਭਵਿੱਖ ਵਿੱਚ ਇਸ ਤਰ੍ਹਾਂ ਦੀ ਘਟਨਾ ਨਾ ਹੋਵੇ, ਇਸ ਬਾਰੇ ਆਪਣੇ ਸੁਝਾਅ ਦਿੰਦਿਆਂ 15 ਦਿਨਾਂ ਦੇ ਅੰਦਰ-ਅੰਦਰ ਰਿਪੋਰਟ ਉਨ੍ਹਾਂ ਨੂੰ ਪੇਸ਼ ਕੀਤੀ ਜਾਵੇ। ਡਿਪਟੀ ਕਮਿਸ਼ਨਰ ਨੇ ਐੱਸਡੀਐੱਮ ਬਟਾਲਾ ਨੂੰ ਵੀ ਹਦਾਇਤ ਕੀਤੀ ਹੈ ਕਿ ਉਹ ਗਠਿਤ ਕਮੇਟੀ ਨੂੰ ਸਵੈ-ਸਪੱਸ਼ਟ ਰਿਪੋਰਟ ਪੇਸ਼ ਕਰਨ ਲਈ ਆਪਣੇ ਪੱਧਰ 'ਤੇ ਵੀ ਹਦਾਇਤ ਕਰਨਾ ਯਕੀਨੀ ਬਣਾਉਣ ਤਾਂ ਜੋ ਦੋਸ਼ੀਆਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾ ਸਕੇ। ਇਸਦੇ ਨਾਲ ਹੀ ਡਿਪਟੀ ਕਮਿਸ਼ਨਰ ਨੇ ਐੱਸਡੀਐੱਮ ਬਟਾਲਾ ਨੂੰ ਇਹ ਵੀ ਹਦਾਇਤ ਕੀਤੀ ਹੈ ਕਿ ਮ੍ਰਿਤਕ ਗਊਧਨ ਦੀਆਂ ਆਦਰ-ਸਨਮਾਨ ਨਾਲ ਅੰਤਿਮ ਰਸਮਾਂ ਕੀਤੀਆਂ ਜਾਣ।

# ਮਰਹਾਣਾ ਵਿਖੇ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਜਨਮ ਦਿਨ ਮਨਾਇਆ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਵੱਲੋਂ ਇਤਿਹਾਸਕ ਪਿੰਡ ਮਰਹਾਣਾ ਵਿੱਖੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਹੋਏ ਵਿਸ਼ਾਲ ਇਕੱਠ ਦੀ ਪ੍ਰਧਾਨਗੀ ਨੌਜਵਨ ਸਭਾ ਦੇ ਪ੍ਰਧਾਨ ਹਰਜੀਤ ਸਿੰਘ, ਜਮਹੂਰੀ ਕਿਸਾਨ ਸਭਾ ਦੇ ਪ੍ਰਧਾਨ ਦਿਲਬਾਗ ਸਿੰਘ, ਜਗੀਰ ਸਿੰਘ ਗੰਡੀਵਿੰਡ ਅਤੇ ਇਸਤਰੀ ਮੁਕਤੀ ਮੋਰਚਾ ਦੀ ਪ੍ਰਧਾਨ ਕੁਲਵਿੰਦਰ ਕੌਰ ਖਡੂਰ ਸਾਹਿਬ ਨੇ ਕੀਤੀ। ਲੋਕਾਂ ਨੂੰ ਸੰਬੋਧਨ ਕਰਦਿਆਂ ਟੀਐੱਸਯੂ ਦੇ ਸਾਬਕਾ ਸੂਬਾ ਜਨਰਲ ਸਕੱਤਰ ਜਗਤਾਰ ਸਿੰਘ ਉੱਪਲ, ਮੁਖਤਾਰ ਸਿੰਘ ਮੱਲਾ ਅਤੇ ਪਰਗਟ ਸਿੰਘ ਜਾਮਾਰਾਏ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਬਾਰੇ ਬੋਲਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅਦੁੱਤੀ ਸ਼ਹਾਦਤ ਦਿੱਤੀ ਪਰ ਦੇਸ਼ ਦੀ ਆਜ਼ਾਦੀ ਉਪਰੰਤ ਉਨ੍ਹਾਂ ਦੇ ਸੁਪਨਿਆਂ ਦਾ ਭਾਰਤ ਨਹੀਂ ਬਣ ਸਕਿਆ। ਉਨ੍ਹਾਂ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਨੂੰ ਬੰਦ ਕਰਵਾਉਣ ਅਤੇ ਬਰਾਬਰਤਾ ਅਧਾਰਿਤ ਸਮਾਜ ਸਿਰਜਣ ਦਾ ਸੁਪਨਾ ਲਿਆ ਸੀ ਪਰੰਤੂ ਮੌਜੂਦਾ ਸਮੇਂ ਅੰਦਰ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਹੇ ਹਨ। ਅਮੀਰੀ ਗਰੀਬੀ ਦਾ ਪਾੜਾ ਵੱਧਦਾ ਜਾ ਰਿਹਾ ਹੈ। ਉਨ੍ਹਾਂ ਫਿਰਕੂ ਵੰਡ ਨੂੰ ਖਤਮ ਕਰਨ ਅਤੇ ਹਰ ਤਰ੍ਹਾਂ ਦੇ ਵਿਤਕਰੇ ਖਿਲਾਫ ਸੰਘਰਸ਼ ਕਰਨ ਲਈ ਕਿਹਾ। ਮੌਜੂਦਾ ਹਾਕਮ ਦੇਸ਼ ਅੰਦਰ ਫਿਰਕੂ ਵੰਡ ਪੈਦਾ ਕਰ ਰਹੇ ਹਨ ਅਤੇ ਘੱਟ ਗਿਣਤੀਆਂ, ਦਲਿਤਾਂ ਉੱਪਰ ਹਮਲੇ ਹੋ ਰਹੇ ਹਨ। ਉਨ੍ਹਾਂ ਫਿਰਕੂ ਤਾਕਤਾਂ ਨੂੰ ਹਰਾਉਣ ਅਤੇ ਬਰਾਬਰਤਾ ਵਾਲਾ ਸਮਾਜ ਸਿਰਜਣ ਲਈ ਸ਼ਹੀਦ ਭਗਤ ਸਿੰਘ ਦੇ ਇਨਕਲਾਬ ਜ਼ਿੰਦਾਬਾਦ, ਸਾਮਰਾਜਵਾਦ ਮੁਰਦਾਬਾਦ ਦੇ ਨਾਅਰੇ ਨੂੰ ਬੁਲੰਦ ਕਰਦਿਆਂ ਜਥੇਬੰਦ ਹੋਣ ਦੀ ਅਪੀਲ ਕੀਤੀ।

## 80 ਵਰ੍ਹਿਆਂ ਤੋਂ ਵੱਧ ਉਮਰ ਦੇ ਵੋਟਰਾਂ ਦਾ ਵਿਸ਼ੇਸ਼ ਮਾਣ-ਸਨਮਾਨ



**ਗੁਰਦਾਸਪੁਰ, (ਜਨਕ ਮਹਾਜਨ)**-ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਅੱਜ ਅੰਤਰਰਾਸ਼ਟਰੀ ਬਜ਼ੁਰਗ ਦਿਵਸ ਬਿਰਦ ਆਸ਼ਰਮ ਬੱਬਰੀ (ਨੇੜੇ ਸਿਵਲ ਹਸਪਤਾਲ ਗੁਰਦਾਸਪੁਰ) ਵਿਖੇ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਚੋਣ ਦਫ਼ਤਰ ਵੱਲੋਂ 80 ਸਾਲ ਤੋਂ ਵੱਧ ਉਮਰ ਦੇ ਸਾਰੇ ਸੀਨੀਅਰ ਸਿਟੀਜ਼ਨ ਵੋਟਰਾਂ ਨੂੰ ਚੋਣ ਪ੍ਰੀਕ੍ਰਿਆ ਅਤੇ ਭਾਰਤੀ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਪਾਏ ਗਏ ਲਗਾਤਾਰ ਯੋਗਦਾਨ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਸਾਡੇ ਬਜ਼ੁਰਗਾਂ ਨੇ ਜੀਵਨ ਭਰ ਚੋਣ ਪ੍ਰੀਕ੍ਰਿਆ ਅਤੇ ਭਾਰਤੀ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਅੱਜ ਅੰਤਰਰਾਸ਼ਟਰੀ ਬਜ਼ੁਰਗ ਦਿਵਸ ਮੌਕੇ ਇਨ੍ਹਾਂ ਸਾਰੇ ਬਜ਼ੁਰਗਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਨ ਦਾ ਪ੍ਰੋਗਰਾਮ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ 80 ਸਾਲ ਤੋਂ ਵੱਧ ਉਮਰ ਦੇ 31000 ਦੇ ਕਰੀਬ ਵੋਟਰ ਹਨ ਜਿਨ੍ਹਾਂ ਵਿਚ 432 ਵੋਟਰਾਂ ਦੀ ਉਮਰ 100 ਸਾਲ ਤੋਂ ਵੀ ਵੱਧ ਹੈ। ਉਨ੍ਹਾਂ ਕਿਹਾ ਕਿ ਅੱਜ ਬਿਰਧ ਆਸ਼ਰਮ ਵਿੱਚ 80 ਸਾਲ ਤੋਂ ਵੱਧ ਉਮਰ ਦੇ 26 ਬਜ਼ੁਰਗਾਂ ਨੂੰ ਚੋਣ ਕਮਿਸ਼ਨ ਵੱਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹਰ ਵਿਧਾਨ ਸਭਾ ਹਲਕੇ ਵਿੱਚ ਸੈਕਟਰ ਪੱਧਰ ਅਤੇ ਬੂਥ ਪੱਧਰ 'ਤੇ ਵੀ ਵਿਸ਼ੇਸ਼ ਪ੍ਰੋਗਰਾਮ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਬੂਥ ਪੱਧਰ 'ਤੇ ਹਰੇਕ ਬੀਐੱਲਓ ਵੱਲੋਂ ਘਰ-ਘਰ ਜਾ ਕੇ 80 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਐੱਸਡੀਐੱਮ ਗੁਰਦਾਸਪੁਰ ਅਮਨਦੀਪ ਕੌਰ ਘੁੰਮਣ, ਚੋਣ ਤਹਿਸੀਲਦਾਰ ਮਨਜਿੰਦਰ ਸਿੰਘ ਬਾਜਵਾ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਰਜੀਵ ਸਿੰਘ, ਬਿਰਧ ਆਸ਼ਰਮ ਦੀ ਇੰਚਾਰਜ ਮੈਡਮ ਅਰਪਨਾ ਸ਼ਰਮਾ ਅਤੇ ਆਸ਼ਰਮ ਦੇ ਬਜ਼ੁਰਗ ਹਾਜ਼ਰ ਸਨ।

# ਕਲੱਸਟਰ ਪਸਨਾਵਾਲ ਦੇ ਬੱਚਿਆਂ ਦੀਆਂ ਦੋ ਰੋਜ਼ਾ ਖੇਡਾਂ ਸਫਲਤਾਪੂਰਵਕ ਸੰਪੰਨ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸੈਂਟਰ ਪਸਨਾਵਾਲ ਅਧੀਨ ਆਂਉਦੇ ਪ੍ਰਾਇਮਰੀ ਸਕੂਲਾਂ ਦੀਆਂ ਕਲੱਸਟਰ ਪੱਧਰੀ ਦੋ ਰੋਜ਼ਾ ਖੇਡਾਂ ਸਫਲਤਾਪੂਰਵਕ ਹੋਈਆਂ। ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਕਾਹਨੂੰਵਾਨ 2 ਬਲਵਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਅਤੇ ਸੈਂਟਰ ਮੁੱਖੀ (ਸੀ.ਐੱਚ.ਟੀ) ਅਸ਼ਵਨੀ ਫੱਜੂਪੁਰ ਦੇ ਪ੍ਰਬੰਧਾਂ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਪਸਨਾਵਾਲ ਦੇ ਖੇਡ ਮੈਦਾਨ ਵਿੱਚ ਦੋ ਰੋਜ਼ਾ ਖੇਡਾਂ ਵਿੱਚ ਕਲੱਸਟਰ ਪਸਨਾਵਾਲ ਅਧੀਨ ਆਉਂਦੇ ਕੁੱਲ 8 ਸਕੂਲਾਂ ਦੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਦੌਰਾਨ ਕੁਸ਼ਤੀਆਂ, ਦੌੜਾਂ, ਲੰਬੀ ਛਾਲ, ਰੱਸੀ ਟੱਪਣ, ਕਬੱਡੀ, ਖੋ-ਖੋ ਆਦਿ ਖੇਡਾਂ ਕਰਵਾਈਆਂ ਗਈਆਂ। ਇਨ੍ਹਾਂ ਖੇਡ ਮੁਕਾਬਲਿਆਂ ਦੌਰਾਨ ਕੁਸ਼ਤੀ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਬਖਤਪੁਰ ਦਾ ਖਿਡਾਰੀ ਵਰੁਨ ਨੇ ਪਹਿਲਾ, ਸਪਸ ਪਸਨਾਵਾਲ ਦਾ ਏਕਮ ਦੂਜਾ ਸਥਾਨ ਪ੍ਰਾਪਤ ਕੀਤਾ। ਦੌੜਾਂ (ਮੁੰਡੇ) ਵਿੱਚ 100 ਮੀਟਰ 'ਚ ਖਿਡਾਰੀ ਨਕਸ਼ (ਪਸਨਾਵਾਲ ਸਕੂਲ) ਨੇ ਪਹਿਲਾ ਸਥਾਨ ਅਤੇ ਸਿਮ ਮਸੀਹ (ਅਲਾਵਲਪੁਰ ਸਕੂਲ) ਨੇ ਦੂਜਾ ਸਥਾਨ, 200 ਮੀਟਰ ਵਿੱਚੋਂ ਏਕਮ ਅਤੇ ਲਵਜੋਤ ਸਿੰਘ (ਪਸਨਾਵਾਲ ਸਕੂਲ) ਨੇ ਕਰਮਵਾਰ ਪਹਿਲਾ ਤੇ ਦੂਜਾ ਸਥਾਨ ਅਤੇ 400 ਮੀਟਰ ਵਿੱਚ ਅੰਕੁਸ਼ (ਪਸਨਾਵਾਲ ਸਕੂਲ) ਨੇ ਪਹਿਲਾ ਸਥਾਨ ਅਤੇ ਸਿਮ ਮਸੀਹ (ਅਲਾਵਲਪੁਰ ਸਕੂਲ) ਨੇ ਦੂਜਾ ਸਥਾਨ। ਦੌੜਾਂ (ਕੁੜੀਆਂ) 100 ਮੀਟਰ 'ਚ ਰਾਧਿਕਾ ਤੇ ਸੁਖਮਨਪ੍ਰੀਤ ਕੌਰ (ਪਸਨਾਵਾਲ ਸਕੂਲ) ਨੇ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ, 200 ਮੀਟਰ ਵਿੱਚ ਰਾਧਿਕਾ ਅਤੇ ਹਰਪ੍ਰੀਤ ਕੌਰ (ਪਸਨਾਵਾਲ ਸਕੂਲ) ਨੇ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਅਤੇ 400 ਮੀਟਰ ਵਿੱਚ ਹਰਪ੍ਰੀਤ ਕੌਰ ਤੇ ਸੁਖਮਨਦੀਪ ਕੌਰ (ਪਸਨਾਵਾਲ ਸਕੂਲ) ਨੇ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ। ਰੱਸ਼ੀ ਟੱਪਣ (ਕੁੜੀਆਂ) ਵਿੱਚ ਗੁਰਪ੍ਰੀਤ ਕੌਰ (ਅਲਾਵਲਪੁਰ ਸਕੂਲ) ਨੇ ਪਹਿਲਾ ਅਤੇ ਸਮਾਇਲ ਦੂਜਾ ਸਥਾਨ। ਰੱਸ਼ੀ ਟੱਪਣ (ਮੁੰਡੇ) ਵਿੱਚ ਹੈਰੀ ਮਸੀਹ (ਪਸਨਾਵਾਲ ਸਕੂਲ) ਪਹਿਲਾ ਸਥਾਨ ਅਤੇ ਸ਼ੁੱਭਕਰਨ (ਭਰੋ ਹਾਰਨੀ ਸਕੂਲ) ਦੂਜਾ ਸਥਾਨ। ਗੋਲਾ ਸੁੱਟਣਾ (ਮੁੰਡੇ) ਹੈਰੀ ਮਸੀਹ ਤੇ ਏਕਮ (ਪਸਨਾਵਾਲ ਸਕੂਲ) ਕਰਮਵਾਰ ਪਹਿਲਾ ਤੇ ਦੂਜਾ ਸਥਾਨ। ਕਬੱਡੀ (ਮੁੰਡੇ) ਵਿੱਚ ਭਰੋ ਹਾਰਨੀ ਸਕੂਲ ਪਹਿਲਾ ਸਥਾਨ ਅਤੇ ਪਸਨਾਵਾਲ ਸਕੂਲ ਦੂਜੇ ਸਥਾਨ ਤੇ ਰਿਹਾ। ਕਬੱਡੀ (ਕੁੜੀਆਂ) ਵਿੱਚ ਪਸਨਾਵਾਲ ਸਕੂਲ ਨੇ ਪਹਿਲਾ ਸਥਾਨ ਅਤੇ ਅਲਾਵਲਪੁਰ ਸਕੂਲ ਨੇ ਦੂਜਾ ਸਥਾਨ। ਇਨ੍ਹਾਂ ਖੇਡਾਂ ਵਿੱਚ ਆਲ ਓਵਰ ਟਰਾਫੀ ਤੇ ਕਬਜਾ ਸਰਕਾਰੀ ਪ੍ਰਾਇਮਰੀ ਸਕੂਲ ਪਸਨਾਵਾਲ ਦਾ ਰਿਹਾ। ਇਸ ਮੌਕੇ ਸੀਐਚਟੀ ਅਸ਼ਵਨੀ ਫੱਜੂਪੁਰ ਦੁਆਰਾ ਖੇਡਾਂ ਵਿੱਚੋਂ ਜੇਤੂਆਂ ਅਤੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਮਿੰਦਰ ਸਿੰਘ, ਰਾਕੇਸ਼ ਕੁਮਾਰ, ਸੋਮ ਲਾਲ ਮੁੱਖ ਅਧਿਆਪਕ ਅਲਾਵਲਪੁਰ, ਸ਼ਸ਼ੀ ਪਾਲ ਮੁੱਖ ਅਧਿਆਪਕ ਬੱਖਤਪੁਰ, ਬਲਜੀਤ ਸਿੰਘ, ਸੰਦੀਪ ਸਿੰਘ, ਰੁਪਿੰਦਰ ਕੌਰ, ਪਰਜਿੰਦਰ ਕੌਰ, ਕੁਲਜੀਤ ਕੌਰ, ਮਨਿੰਦਰਜੀਤ ਕੌਰ, ਬਲਜੀਤ ਕੌਰ, ਮਨਜੀਤ ਕੌਰ, ਬਲਜਿੰਦਰ ਕੌਰ, ਕੁਲਦੀਪ ਕੌਰ ਆਦਿ ਅਧਿਆਪਕਾਂ ਸਮੇਤ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।

# ਗਦਰੀ ਬਾਬਿਆਂ ਦੇ ਮੇਲੇ ਦੀ ਸਫਲਤਾ ਲਈ ਮਹੀਨਾ ਭਰ ਮੁਹਿੰਮ

**ਜਲੰਧਰ (ਕੇਸਰ)** ਗ਼ਦਰੀ ਬਾਬਿਆਂ ਦੀ ਵਿਰਾਸਤ ਅਤੇ ਵਰਤਮਾਨ ਚੁਣੌਤੀਆਂ ਨੂੰ ਸਮਰਪਤ 32ਵਾਂ ਮੇਲਾ ਗ਼ਦਰੀ ਬਾਬਿਆਂ ਦਾ ਬਹੁਤ ਹੀ ਸਚਿਆਰੇ ਅੰਦਾਜ਼ ਵਿੱਚ ਨੇਪਰੇ ਚਾੜ੍ਹਨ ਲਈ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਨਾਲ ਜੁੜੇ ਸੱਭਿਆਚਾਰਕ ਕਾਮਿਆਂ ਦੀ ਮੀਟਿੰਗ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ। ਮੀਟਿੰਗ 'ਚ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਅਤੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਵੀ ਹਾਜ਼ਰ ਸਨ। ਮੀਟਿੰਗ 'ਚ ਵੱਖ-ਵੱਖ ਮੁਕਾਬਲੇ ਅਤੇ ਪੇਸ਼ਕਾਰੀਆਂ ਦੀਆਂ ਵੰਨਗੀਆਂ ਨਾਲ ਜੁੜਵੀਆਂ ਲੋੜੀਂਦੀਆਂ ਜ਼ਿੰਮੇਵਾਰੀਆਂ ਓਟਣ ਲਈ ਪ੍ਰਬੰਧਕੀ ਕਮੇਟੀਆਂ ਦੀਆਂ ਮੀਟਿੰਗਾਂ ਤੁਰੰਤ ਕਰਨ ਦਾ ਕਾਰਜ ਹੱਥ ਲਿਆ ਗਿਆ। ਇਸ ਮੀਟਿੰਗ 'ਚ ਮਹੀਨਾ ਭਰ ਦੀ ਜ਼ੋਰਦਾਰ ਮੁਹਿੰਮ ਚਲਾ ਕੇ ਮੇਲੇ 'ਚ ਪ੍ਰਤੀਯੋਗੀਆਂ ਅਤੇ ਲੋਕਾਂ ਦੀ ਹਾਜ਼ਰੀ, ਪ੍ਰਬੰਧਕੀ ਪੱਖਾਂ, ਲੰਗਰ, ਆਰਥਕ ਸਹਾਇਤਾ, ਵਲੰਟੀਅਰ ਅਤੇ ਸਭ ਤੋਂ ਮਹੱਤਵਪੂਰਨ ਮੇਲੇ ਦਾ ਸੁਨੇਹਾ ਲੋਕਾਂ ਤੱਕ ਪਹੁੰਚਾਉਣ ਲਈ ਢੁਕਵੇਂ ਉਪਰਾਲੇ ਜੁਟਾਉਣ ਦਾ ਜ਼ੋਰਦਾਰ ਉੱਦਮ ਕੀਤਾ ਜਾਇਗਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਜਨਰਲ ਬਾਡੀ, ਬੋਰਡ ਆਫ ਟਰੱਸਟ ਅਤੇ ਸੱਭਿਆਚਾਰਕ ਵਿੰਗ ਵੱਲੋਂ ਤਿਆਰ ਕੀਤਾ ਮੇਲੇ ਦਾ ਖਾਕਾ ਹਾਜ਼ਰੀਨ ਅੱਗੇ ਰਾਵਾਂ, ਸੁਝਾਵਾਂ ਲਈ ਪੇਸ਼ ਕੀਤਾ। ਸਮੂਹ ਹਾਜ਼ਰ ਮੈਂਬਰਾਂ ਨੇ ਹੁਣ ਤੋਂ ਹੀ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਗਦਰੀ ਦੇਸ਼ ਭਗਤਾਂ ਦੇ ਪਿੰਡਾਂ, ਜਨਤਕ ਜਮਹੂਰੀ ਸੰਸਥਾਵਾਂ ਤੱਕ ਪਹੁੰਚ ਕਰਕੇ ਮੇਲੇ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਉਣ ਦੀ ਤਿਆਰੀ ਮੁਹਿੰਮ 'ਚ ਜੁਟਣ ਲਈ ਮੁਢਲੀ ਵਿਉਂਤਬੰਦੀ ਉਲੀਕਦੇ ਹੋਏ ਸਭ ਕਮੇਟੀਆਂ ਦੀਆਂ ਮੀਟਿੰਗਾਂ ਕਰਨ ਦਾ ਫੈਸਲਾ ਕੀਤਾ।

ਉਹਨਾ ਦੱਸਿਆ ਕਿ ਦੇਸ਼ ਭਗਤ ਯਾਦਗਾਰ ਹਾਲ ਦਾ ਮੁੱਖ ਪ੍ਰਵੇਸ਼ ਦੁਆਰ ਗ਼ਦਰ ਪਾਰਟੀ ਦੇ ਬਾਨੀਆਂ 'ਚ ਸ਼ੁਮਾਰ ਪ੍ਰੋ. ਬਰਕਤ ਉੱਲਾ ਅਤੇ ਮੇਲੇ ਦਾ ਪ੍ਰਮੁੱਖ ਪੰਡਾਲ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੇ ਨਾਂਅ ਹੋਏਗਾ। 30 ਅਕਤੂਬਰ ਦੀ ਸ਼ਾਮ ਪੁਸਤਕ ਸੱਭਿਆਚਾਰ ਦੇ ਨਾਂਅ ਹੋਏਗੀ। ਮੇਲੇ ਦਾ ਪਹਿਲਾ ਦਿਨ ਵਿਛੜ ਗਏ ਕਵੀ ਗਦਰ, ਹਰਭਜਨ ਹੁੰਦਲ, ਮਾਸਟਰ ਤਰਲੋਚਨ ਸਮਰਾਲਾ, ਬਾਰੂ ਸਤਵਰਗ, ਦੇਸ ਰਾਜ ਕਾਲੀ ਅਤੇ ਸ਼ਿਵਨਾਥ ਨੂੰ ਸਮਰਪਤ ਹੋਏਗਾ। ਮੇਲੇ ਦੇ ਤਿੰਨੇ ਦਿਨ ਚਿਤਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਵਿਸ਼ੇਸ਼ ਖਿੱਚ ਦਾ ਕੇਂਦਰ ਹੋਏਗੀ, ਜਿਸ ਵਿੱਚ ਰਵਿੰਦਰ ਰਵੀ (ਲੁਧਿਆਣਾ), ਗੁਰਪ੍ਰੀਤ (ਬਠਿੰਡਾ), ਵਰੁਣ ਟੰਡਨ (ਜਲੰਧਰ), ਗੁਰਦੀਸ਼ (ਜਲੰਧਰ), ਇੰਦਰਜੀਤ ਸਿੰਘ (ਜਲੰਧਰ), ਰਣਜੋਧ ਸਿੰਘ (ਲੁਧਿਆਣਾ) ਅਤੇ ਸਵਰਨਜੀਤ ਸਵੀ (ਲੁਧਿਆਣਾ) ਆਪਣੀਆਂ ਕਲਾ-ਕ੍ਰਿਤਾਂ ਮੇਲਾ ਪ੍ਰੇਮੀਆਂ ਦੇ ਰੂਬਰੂ ਕਰਕੇ ਗ਼ਦਰੀ ਬਾਬਿਆਂ ਨੂੰ ਸਿਜਦਾ ਕਰਨਗੇ।

31 ਅਕਤੂਬਰ ਸਵੇਰ 9 ਵਜੇ ਕੁਇਜ਼, ਪੇਂਟਿੰਗ ਮੁਕਾਬਲਾ, ਦੁਪਹਿਰ ਸਮੇਂ ਇਨਾਮ ਵੰਡ ਸਮਾਗਮ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂ ਰਾਜਿੰਦਰ ਭਦੌੜ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਰਮਿੰਦਰ ਪਟਿਆਲਾ ਸੰਬੋਧਨ ਕਰਨਗੇ। ਇਸ ਦਿਨ ਠੀਕ ਡੇਢ ਵਜੇ ਤੀਸਤਾ ਸੀਤਲਵਾੜ ਮੁੰਬਈ ਅਤੇ ਮੱਧ ਪ੍ਰਦੇਸ਼ ਤੋਂ ਹਿੰਦੀ ਪੱਤ੍ਰਿਕਾ ਦੇ ਸੰਪਾਦਕ ਵਿਨੀਤ ਤਿਵਾੜੀ, ਕਵੀ ਦਰਬਾਰ, ਪੀਪਲਜ਼ ਵੁਆਇਸ ਵੱਲੋਂ ਫਿਲਮ ਦਿਖਾਈ ਜਾਏਗੀ। ਮਾਨਵਤਾ ਕਲਾ ਮੰਚ ਨਗਰ (ਕੁਲਵੰਤ ਕੌਰ ਨਗਰ ਦਾ ਲਿਖਿਆ, ਜਸਵਿੰਦਰ ਪੱਪੀ ਦੁਆਰਾ ਨਿਰਦੇਸ਼ਤ ਅਦਾਕਾਰਾ ਨਰਗਿਸ) ਵੱਲੋਂ ਨਾਟਕ ਹੋਏਗਾ 'ਚਿੜੀਆਂ ਦਾ ਚੰਬਾ।'



ਪਹਿਲੀ ਨਵੰਬਰ ਸਵੇਰੇ 10 ਵਜੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣਗੇ। ਅਮੋਲਕ ਸਿੰਘ ਦੀ ਨਵ-ਰਚਨਾ ਸੰਗੀਤ ਨਾਟ ਓਪਿਰਾ ਝੰਡੇ ਦਾ ਗੀਤ ਪੰਜਾਬੀ ਰੰਗਮੰਚ ਦੇ ਨਾਮਵਰ ਨਿਰਦੇਸ਼ਕ ਨਾਟਕਕਾਰ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਹੋਏਗਾ।

ਨਾਮਧਾਰੀ ਸੰਗੀਤ ਕਲਾ ਕੇਂਦਰ ਦੁਆਰਾ ਪ੍ਰਭਾਵਸ਼ਾਲੀ ਕਲਾ ਵੰਨਗੀ 'ਹੱਲਾ' ਆਪਣਾ ਹੀ ਰੰਗ ਬਿਖੇਰੇਗੀ। ਸੰਗੀਤ ਦੀਆਂ ਦਿਨ-ਰਾਤ ਟੀਮਾਂ ਲਈ ਹਰਿੰਦਰ ਸੋਹਲ ਅੰਮ੍ਰਿਤਸਰ, ਸੰਗੀਤ ਵਿਭਾਗ ਖਾਲਸਾ ਕਾਲਜ ਗੜ੍ਹਦੀਵਾਲ (ਗੁਰਪਿੰਦਰ ਸਿੰਘ), ਲੋਕ ਸੰਗੀਤ ਮੰਡਲੀ ਮਸਾਣੀ (ਧਰਮਿੰਦਰ ਮਸਾਣੀ), ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਦਸਤਕ ਮੰਚ ਤੋਂ ਇਲਾਵਾ ਸੋਲੋ ਗਾਇਕ ਕਲਾਕਾਰਾਂ ਨੂੰ ਵੀ ਸਰੋਤਿਆਂ ਦੇ ਰੂਬਰੂ ਕੀਤਾ ਜਾਏਗਾ।

ਮੇਲੇ 'ਚ ਪਹਿਲੀ ਨਵੰਬਰ ਦਿਨ ਵੇਲੇ ਮੁੱਖ ਵਕਤਾ 'ਦੀ ਵਾਇਰ' ਦੇ ਮੰਨੇ-ਪ੍ਰਮੰਨੇ ਖੋਜੀ ਵਿਦਵਾਨ ਸਿਧਾਰਥ ਵਰਧਰਾਜਨ ਹੋਣਗੇ। ਚੰਡੀਗੜ੍ਹ ਸਕੂਲ ਆਫ਼ ਡਰਾਮਾ ਵੱਲੋਂ ਏਕਤਰ ਦੀ ਕਲਮ ਤੋਂ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ 'ਠੱਗੀ' ਪਹਿਲੀ ਨਵੰਬਰ ਦੁਪਹਿਰ ਵੇਲੇ ਪੇਸ਼ ਕੀਤਾ ਜਾਏਗਾ। ਪਹਿਲੀ ਨਵੰਬਰ ਦਿਨ ਵੇਲੇ ਹੋਣ ਵਾਲੀ ਵਿਚਾਰ-ਚਰਚਾ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਹਰਦੇਵ ਅਰਸ਼ੀ, ਮੰਗਤ ਰਾਮ ਪਾਸਲਾ, ਡਾ. ਪਰਮਿੰਦਰ, ਦਰਸ਼ਨ ਖਟਕੜ ਅਤੇ ਸੁਖਵਿੰਦਰ ਸੇਖੋਂ ਭਾਗ ਲੈਣਗੇ।

ਪਹਿਲੀ ਨਵੰਬਰ ਸ਼ਾਮ ਸਾਢੇ 6 ਵਜੇ ਤੋਂ ਨਾਟਕਾਂ ਅਤੇ ਗੀਤਾਂ ਭਰੀ ਰਾਤ ਸ਼ੁਰੂ ਹੋ ਕੇ ਸਰਘੀ ਵੇਲੇ ਤੱਕ ਨਿਰੰਤਰ ਜਾਰੀ ਰਹੇਗੀ। ਇਸ ਰਾਤ ਇਪਟਾ ਰਾਇਪੁਰ (ਛਤੀਸਗੜ੍ਹ) ਵੱਲੋਂ ਨਾਚਾ ਕਲਾਕਾਰ ਮੰਡਲੀ ਵੱਲੋਂ ਨਿਸਾਰ ਅਲੀ ਅਤੇ ਸਾਥੀ ਕਲਾਕਾਰਾਂ ਦੁਆਰਾ ਆਦਿਵਾਸੀ ਨ੍ਰਿਤ ਕਲਾ ਵੰਨਗੀ, ਅਨੀਤਾ ਸ਼ਬਦੀਸ਼ ਦੀ ਨਿਰਦੇਸ਼ਨਾ 'ਚ ਸੁਚੇਤਕ ਰੰਗਮੰਚ ਮੁਹਾਲੀ ਵੱਲੋਂ ਸੀ ਟੀ ਖਨੋਲਕਰ ਦਾ ਲਿਖਿਆ (ਪੰਜਾਬੀ ਰੂਪਾਂਤਰ: ਸ਼ਬਦੀਸ਼) ਨਾਟਕ 'ਵਕਤ ਤੈਨੂੰ ਸਲਾਮ', ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਮੰਚ ਰੰਗਮੰਚ ਅੰਮ੍ਰਿਤਸਰ ਵੱਲੋਂ ਬਰਤੋਲਟ ਬਰੈਖ਼ਤ ਦਾ ਪ੍ਰਸਿੱਧ ਨਾਟਕ 'ਦਾ ਕਾਕੇਸ਼ੀਅਨ ਚਾਕ ਸਰਕਲ' (ਪੰਜਾਬੀ ਰੂਪ ਅਮਿਤੋਜ਼) 'ਮਿੱਟੀ ਨਾ ਹੋਏ ਮਤਰੇਈ', ਡਾ. ਸਾਹਿਬ ਸਿੰਘ ਦਾ ਲਿਖਿਆ ਤੇ ਨਿਰਦੇਸ਼ਤ ਨਾਟਕ 'ਸੰਦੂਕੜੀ ਖੋਲ੍ਹ ਨਰੈਣਿਆਂ', ਬਲਦੇਵ ਸੜਕਨਾਮਾ ਦਾ ਲਿਖਿਆ ਕੀਰਤੀ ਕਿਰਪਾਲ ਦੁਆਰਾ ਨਿਰਦੇਸ਼ਤ ਨਾਟਕ 'ਜਾਗਦੇ ਰਹੋ', 'ਨਾਟਿਯਮ ਅਭਿਨੇਤਾ ਦਾ' ਅਤੇ 'ਗਗਨ ਦਮਾਮਾ ਬਾਜਿਓ' (ਰਚਨਾ: ਪਿਯੂਸ਼ ਮਿਸ਼ਰਾ), ਵਿੱਕੀ ਮਹੇਸਰੀ ਅਤੇ ਅਵਤਾਰ ਚੜ੍ਹਿੱਕ ਦੀ ਨਿਰਦੇਸ਼ਨਾ 'ਚ ਇਪਟਾ ਮੋਗਾ ਵੱਲੋਂ ਨਾਟਕ ਖੇਡੇ ਜਾਣਗੇ। ਇਹ ਜਾਣਕਾਰੀ ਸਾਂਝੀ ਕਰਨ ਉਪਰੰਤ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਮੇਲੇ ਲਈ ਰਾਸ਼ੀ ਅਤੇ ਲੰਗਰ ਲਈ ਰਾਸ਼ਨ ਇਕੱਤਰ ਕਰਨ ਦੀ ਮੁਹਿੰਮ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਉਹਨਾ ਇਸ ਵਾਰ ਵਿਦਿਆਰਥੀਆਂ ਅਤੇ ਨੌਜਵਾਨਾਂ ਵੱਲੋਂ ਲੰਗਰ ਵਿੱਚ ਨਿਭਾਈਆਂ ਜਾਣ ਵਾਲੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਪ੍ਰਧਾਨ ਅਜਮੇਰ ਸਿੰਘ ਅਤੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ ਨੇ ਵੀ ਮੇਲੇ ਦੀ ਕਾਮਯਾਬੀ ਲਈ ਪ੍ਰਬੰਧਕੀ ਟੀਮਾਂ ਨੂੰ ਪਹਿਲਾਂ ਵਾਂਗ ਹੀ ਪ੍ਰਤੀਬੱਧਤਾ ਅਤੇ ਸਮਰਪਣ ਦੀ ਭਾਵਨਾ ਨਾਲ ਹੁਣ ਤੋਂ ਹੀ ਜੁਟ ਜਾਣ ਦੀ ਅਪੀਲ ਕੀਤੀ।

ਨਵਾਂ ਜ਼ਮਾਨਾ

ਮੰਗਲਵਾਰ, 3 ਅਕਤੂਬਰ 2023

# ਭਾਰਤ ਦੀ ਹਾਰ

ਮਾਲਦੀਵ ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਪ੍ਰੋਗਰੈਸਿਵ ਪਾਰਟੀ ਤੇ ਪੀਪਲਜ਼ ਨੈਸ਼ਨਲ ਕਾਂਗਰਸ ਦੇ ਸਾਂਝੇ ਉਮੀਦਵਾਰ ਮੁਹੰਮਦ ਮੁਈਜ਼ੂ ਨੇ ਜਿੱਤ ਪ੍ਰਾਪਤ ਕਰ ਲਈ ਹੈ। ਲੱਗਭੱਗ 1800 ਛੋਟੇ-ਵੱਡੇ ਟਾਪੂਆਂ ਵਾਲੇ ਇਸ ਦੇਸ਼ ਦੀ ਭੂਗੋਲਿਕ ਸਥਿਤੀ ਇਸ ਖਿੱਤੇ ਦੇ ਬਾਕੀ ਦੇਸ਼ਾਂ ਲਈ ਮਹੱਤਵਪੂਰਨ ਹੈ। ਖਾੜੀ ਦੇ ਦੇਸ਼ਾਂ ਵਿੱਚੋਂ ਆਉਂਦਾ ਤੇਲ ਇਸੇ ਰਾਹ ਤੋਂ ਹੋ ਕੇ ਗੁਜ਼ਰਦਾ ਹੈ। ਭਾਰਤ ਦੇ ਮਾਲਦੀਵ ਨਾਲ ਪੁਰਾਣੇ ਸੰਬੰਧ ਰਹੇ ਹਨ, ਪਰ ਚੀਨ ਵੀ ਆਪਣੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਇਸ ਦੇਸ਼ ਵੱਲ ਤਵੱਜੋ ਦਿੰਦਾ ਆ ਰਿਹਾ ਹੈ।

ਭਾਰਤ ਪ੍ਰਤੀ ਉਸ ਦੇਸ਼ ਦੀ ਪਹੁੰਚ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਮਾਲਦੀਵ ਦੀ ਸਾਰੀ ਚੋਣ ਭਾਰਤ ਦੇ ਨਾਂਅ ਉੱਤੇ ਹੀ ਲੜੀ ਗਈ ਸੀ। ਇੱਕ ਪਾਸੇ ਮਾਲਦੀਵੀਅਨ ਡੈਮੋਕ੍ਰੇਟਿਕ ਪਾਰਟੀ ਦੇ ਮੁਹੰਮਦ ਇਬਰਾਹੀਮ ਸੋਲਿਹ, ਜਿਹੜੇ 2018 ਤੋਂ ਰਾਸ਼ਟਰਪਤੀ ਹਨ, ਦਾ ਨਾਅਰਾ ਸੀ 'ਇੰਡੀਆ ਫਸਟ' ਤੇ ਦੂਜੇ ਪਾਸੇ ਚੋਣ ਜਿੱਤੇ ਮੁਹੰਮਦ ਮੁਈਜ਼ੂ ਦਾ ਨਾਅਰਾ ਸੀ 'ਇੰਡੀਆ ਆਊਟ'।

ਭਾਰਤ ਨੇ ਤਿੰਨ ਦਹਾਕਿਆਂ ਤੱਕ ਡਿਕਟੇਟਰ ਰਾਸ਼ਟਰਪਤੀ ਅਬਦੁਲ ਗਯੂਮ ਨਾਲ ਮਿਲ ਕੇ ਕੰਮ ਕੀਤਾ ਸੀ। 2008 ਵਿੱਚ ਪਹਿਲੇ ਲੋਕਤੰਤਰੀ ਰਾਸ਼ਟਰਪਤੀ ਮੁਹੰਮਦ ਨਸ਼ੀਦ ਤੇ ਫਿਰ 2013 ਵਿੱਚ ਯਾਮੀਨ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਮਾਲਦੀਵ ਨੇ ਚੀਨ ਨਾਲ ਸੰਬੰਧ ਵਧਾ ਲਏ। ਭਾਰਤ ਤੇ ਪੱਛਮੀ ਦੇਸ਼ਾਂ ਨੇ ਯਾਮੀਨ ਉਪਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਲਾ ਕੇ ਉਸ ਨੂੰ ਕਰਜ਼ਾ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਉਸ ਨੇ ਬੀਜਿੰਗ ਦੀ ਰਾਹ ਫੜ ਲਈ, ਜਿਸ ਨੇ ਬਿਨਾਂ ਕਿਸੇ ਸ਼ਰਤ ਦੇ ਕਰਜ਼ੇ ਦੀ ਪੇਸ਼ਕਸ਼ ਕਰ ਦਿੱਤੀ। ਇਸ ਸਹਾਇਤਾ ਨਾਲ ਯਾਮੀਨ ਪ੍ਰਸ਼ਾਸਨ ਨੇ ਰਾਜਧਾਨੀ ਮਾਲੇ ਨੂੰ ਇੱਕ ਹੋਰ ਟਾਪੂ ਉੱਤੇ ਬਣੇ ਹਵਾਈ ਅੱਡੇ ਨਾਲ ਜੋੜਨ ਵਾਲਾ ਪੁਲ 20 ਕਰੋੜ ਡਾਲਰ ਨਾਲ ਉਸਾਰ ਲਿਆ। ਇਸ ਦੇ ਬਦਲੇ ਉਸ ਨੇ ਆਪਣਾ ਇੱਕ ਟਾਪੂ ਚੀਨ ਨੂੰ 50 ਸਾਲਾਂ ਦੇ ਠੇਕੇ ਉੱਤੇ 40 ਲੱਖ ਡਾਲਰ ਵਿੱਚ ਦੇ ਦਿੱਤਾ। ਇਸ ਦੇ ਨਾਲ ਹੀ ਮਾਲਦੀਵ ਚੀਨ ਦੀ ਬਹੁਪੱਖੀ ਯੋਜਨਾ 'ਵਨ ਬੈਲਟ, ਵਨ ਰੋਡ' ਦਾ ਹਿੱਸਾ ਬਣ ਗਿਆ।

2018 ਵਿੱਚ ਮੁਹੰਮਦ ਇਬਰਾਹੀਮ ਸੋਲਿਹ ਨੇ ਚੋਣ ਜਿੱਤਣ ਤੋਂ ਬਾਅਦ ਚੀਨ ਦੀ ਥਾਂ ਭਾਰਤ ਨੂੰ ਪਹਿਲ ਦਿੱਤੀ। ਭਾਰਤ ਨੇ ਵੀ ਉਸ ਦੀ ਦਿਲ ਖੋਲ੍ਹ ਕੇ ਮਦਦ ਕੀਤੀ। ਸੜਕਾਂ, ਭੂਮੀ ਸੁਧਾਰ, ਸਾਫ਼ ਪਾਣੀ, ਇੱਕ ਬੰਦਰਗਾਹ ਆਦਿ ਯੋਜਨਾਵਾਂ ਵਿੱਚ ਨਿਵੇਸ਼ ਕਰਨ ਤੋਂ ਇਲਾਵਾ ਕੈਂਸਰ ਹਸਪਤਾਲ, ਕ੍ਰਿਕਟ ਸਟੇਡੀਅਮ ਤੇ ਇੱਕ ਮਸਜਿਦ ਦਾ ਨਵੀਨੀਕਰਨ ਆਦਿ ਵਿੱਚ ਮਦਦ ਕੀਤੀ। ਅਨੁਮਾਨ ਹੈ ਕਿ 2018 ਤੋਂ 2022 ਤੱਕ ਭਾਰਤ ਨੇ ਮਾਲਦੀਵ ਨੂੰ ਲੱਗਭੱਗ 1100 ਕਰੋੜ ਰੁਪਏ ਤੋਂ ਵੱਧ ਦੀ ਸਹਾਇਤਾ ਕੀਤੀ ਸੀ।

ਇਸ ਦੇ ਬਾਵਜੂਦ ਮਾਲਦੀਵ ਵਿੱਚ ਭਾਰਤ ਵਿਰੋਧੀ ਭਾਵਨਾਵਾਂ ਏਨੀਆਂ ਤੇਜ਼ ਕਿਉਂ ਹੋ ਗਈਆਂ ਕਿ ਚੋਣਾਂ ਦਾ ਮੁੱਖ ਮੁੱਦਾ ਹੀ 'ਚੀਨ ਅੰਦਰ' ਤੇ 'ਭਾਰਤ ਬਾਹਰ' ਬਣ ਗਿਆ। ਭਾਰਤ ਤੇ ਮਾਲਦੀਵ ਵਿਚਾਲੇ ਪਿਛਲੇ ਸਾਲ 50 ਕਰੋੜ ਦਾ ਵਪਾਰ ਹੋਇਆ ਸੀ, ਜਿਸ ਵਿੱਚੋਂ ਭਾਰਤ ਨੇ 49.5 ਕਰੋੜ ਦਾ ਮਾਲ ਭੇਜਿਆ ਤੇ ਥੋੜ੍ਹੀ ਜਿਹੀ ਦਰਾਮਦ ਕੀਤੀ ਸੀ। ਉਥੋਂ ਦੇ ਲੋਕ ਇਸ ਨੂੰ ਅਸਾਵਾਂ ਵਪਾਰ ਕਹਿੰਦੇ ਹਨ, ਜੋ ਸੱਚ ਵੀ ਹੈ। ਭਾਰਤ ਨੇ ਮਾਲਦੀਵ ਨੂੰ 2010 ਤੇ 2013 ਵਿੱਚ ਦੋ ਹੈਲੀਕਾਪਟਰ ਦਿੱਤੇ ਸਨ। 2020 ਵਿੱਚ ਇੱਕ ਛੋਟਾ ਹਵਾਈ ਜਹਾਜ਼ ਵੀ ਗਿਫਟ ਕਰ ਦਿੱਤਾ ਸੀ। ਇਸ ਦੇ ਨਾਲ ਹੀ ਇਸ ਹਵਾਈ ਜਹਾਜ਼ ਦੇ ਰੱਖ-ਰਖਾਅ ਲਈ 75 ਫ਼ੌਜੀ ਭੇਜ ਦਿੱਤੇ ਸਨ। ਇਸ ਘਟਨਾ ਤੋਂ ਬਾਅਦ ਵਿਰੋਧੀ ਪਾਰਟੀਆਂ ਨੇ ਇਨ੍ਹਾਂ ਫੌਜੀਆਂ ਨੂੰ ਕੱਢਣ ਲਈ 'ਇੰਡੀਆ ਆਊਟ' ਦਾ ਨਾਅਰਾ ਦੇ ਦਿੱਤਾ। ਇਸ ਤੋਂ ਇਲਾਵਾ ਮਾਲਦੀਵ ਲੱਗਭੱਗ ਸੌ ਫੀਸਦੀ ਮੁਸਲਿਮ ਅਬਾਦੀ ਵਾਲਾ ਦੇਸ਼ ਹੈ। ਸੋਸ਼ਲ ਮੀਡੀਆ ਦੇ ਇਸ ਯੁੱਗ ਵਿੱਚ ਭਾਰਤ ਅੰਦਰ ਮੁਸਲਮਾਨਾਂ ਵਿਰੁੱਧ ਨਫ਼ਰਤ ਦੀਆਂ ਘਟਨਾਵਾਂ ਦਾ ਅਸਰ ਸਮੁੱਚੇ ਵਿਸ਼ਵ ਵਿਚਲੇ ਮੁਸਲਮਾਨਾਂ ਉੱਤੇ ਪੈਣਾ ਲਾਜ਼ਮੀ ਹੈ। ਇਸ ਲਈ 'ਭਾਰਤ ਆਊਟ' ਵਾਲਿਆਂ ਦੇ ਜਿੱਤਣ ਤੋਂ ਹੈਰਾਨੀ ਨਹੀਂ ਹੋਣੀ ਚਾਹੀਦੀ।

ਮੁਹੰਮਦ ਮੁਈਜ਼ੂ ਨੇ ਨਵੰਬਰ ਵਿੱਚ ਅਹੁਦਾ ਸੰਭਾਲਣਾ ਹੈ। ਉਨ੍ਹਾ ਕਿਹਾ ਹੈ ਕਿ ਉਨ੍ਹਾ ਦੀ ਸਰਕਾਰ ਦੇ ਪਹਿਲੇ ਦਿਨ ਤੋਂ ਹੀ ਭਾਰਤੀ ਫੌਜੀਆਂ ਦੀ ਵਾਪਸੀ ਸ਼ੁਰੂ ਹੋ ਜਾਵੇਗੀ। ਉਨ੍ਹਾ ਇਹ ਵੀ ਧਮਕੀ ਦਿੱਤੀ ਹੈ ਕਿ ਜਿਹੜੇ ਵਿਦੇਸ਼ੀ ਸਮਝੌਤੇ ਉਨ੍ਹਾ ਦੇ ਦੇਸ਼ ਲਈ ਲਾਭਦਾਇਕ ਨਹੀਂ ਹੋਣਗੇ, ਉਹ ਰੱਦ ਕਰ ਦਿੱਤੇ ਜਾਣਗੇ ਤੇ ਵਿਦੇਸ਼ੀ ਕੰਪਨੀਆਂ ਨੂੰ ਬਾਹਰ ਕੱਢ ਦੇਣਗੇ। ਉਨ੍ਹਾ ਚੀਨੀ ਯੋਜਨਾਵਾਂ ਲਿਆਉਣ ਲਈ ਸਾਬਕਾ ਰਾਸ਼ਟਰਪਤੀ ਯਾਮੀਨ ਦੀ ਤਾਰੀਫ਼ ਕੀਤੀ ਹੈ। ਉਨ੍ਹਾ ਕਿਹਾ ਯਾਮੀਨ ਦੀ ਸਰਕਾਰ ਨੇ ਚੀਨ ਨਾਲ ਨੇੜਲੇ ਸੰਬੰਧ ਬਣਾਏ ਸਨ, ਜੋ ਸਾਡੇ ਦੇਸ਼ ਦੇ ਹਿੱਤ ਵਿੱਚ ਹਨ। ਉਸ ਦੇਸ਼ ਨੇ ਸਾਡੀਆਂ ਹੱਦਾਂ ਨਹੀਂ ਉਲੰਘੀਆਂ ਤੇ ਸਾਡੀ ਅਜ਼ਾਦੀ ਵਿੱਚ ਦਖ਼ਲ ਨਹੀਂ ਦਿੱਤਾ।

ਮਾਲਦੀਵ ਵਿੱਚ ਅਗਲੇ ਮਹੀਨੇ ਸੰਵਿਧਾਨ ਲਈ ਵੋਟਾਂ ਪੈਣਗੀਆਂ। ਇਨ੍ਹਾਂ ਵਿੱਚ ਵੋਟਰ ਫੈਸਲਾ ਕਰਨਗੇ ਕਿ ਦੇਸ਼ ਵਿੱਚ ਰਾਸ਼ਟਰਪਤੀ ਪ੍ਰਣਾਲੀ ਰਹੇ ਜਾਂ ਪਾਰਲੀਮੈਂਟਰੀ ਸਿਸਟਮ ਸ਼ੁਰੂ ਹੋਵੇ। ਮੁਹੰਮਦ ਨਸ਼ੀਦ ਦੀ ਲੰਮੇ ਸਮੇਂ ਤੋਂ ਮੰਗ ਰਹੀ ਹੈ ਕਿ ਦੇਸ਼ ਵਿੱਚ ਪਾਰਲੀਮੈਂਟਰੀ ਸਿਸਟਮ ਲਾਗੂ ਕੀਤਾ ਜਾਵੇ। ਯਾਦ ਰਹੇ ਕਿ ਮੁਹੰਮਦ ਨਸ਼ੀਦ ਇਸ ਸਮੇਂ ਜੇਲ ਵਿੱਚ ਹੈ ਤੇ ਉਸ ਉੱਤੇ ਚੋਣ ਲੜਨ ਦੀ ਪਾਬੰਦੀ ਹੈ। ਇਸ ਦੇ ਬਾਵਜੂਦ ਚੋਣਾਂ ਵਿੱਚ ਜਿੱਤ ਨੂੰ ਉਸੇ ਦੀ ਜਿੱਤ ਸਮਝਿਆ ਜਾ ਰਿਹਾ ਹੈ।

ਸਾਡੇ ਹਾਕਮ ਉੱਤੇ ਪਸਾਰਵਾਦ ਦਾ ਏਨਾ ਭੂਤ ਸਵਾਰ ਹੈ ਕਿ ਉਹ ਆਪਣੇ ਮਿੱਤਰਾਂ ਤੋਂ ਵੀ ਦੂਰ ਹੁੰਦਾ ਜਾ ਰਿਹਾ ਹੈ। ਚੋਣ ਤੋਂ ਬੜਾ ਚਿਰ ਪਹਿਲਾਂ ਇਹ ਕਨਸੋਆਂ ਆ ਰਹੀਆਂ ਸਨ ਕਿ ਮਾਲਦੀਵ ਵਿੱਚ ਭਾਰਤ ਵਿਰੋਧੀ ਭਾਵਨਾਵਾਂ ਜ਼ੋਰ ਫੜ ਰਹੀਆਂ ਹਨ, ਪਰ ਸਾਡੇ ਹਾਕਮ ਸੁੱਤੇ ਰਹੇ।

-ਚੰਦ ਫਤਿਹਪੁਰੀ

# ਭਾਰਤ 'ਚ ਬਾਬਿਆਂ ਦਾ ਖੁੰਬਾਂ ਵਾਂਗ ਪੈਦਾ ਹੋਣਾ



ਪਵਨ ਕੁਮਾਰ ਕੌਸ਼ਲ

ਇੱਕ ਧਾਰਮਿਕ ਅਤੇ ਪੂੰਜੀਵਾਦੀ ਸੱਭਿਆਚਾਰ ਦੇ ਅੰਦਰ ਲੋਕ ਅਮੀਰਾਂ ਨੂੰ ਲਾਭ ਪਹੁੰਚਾਉਣ ਲਈ ਕੰਮ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਇਹ ਵਿਸ਼ਵਾਸ ਹੁੰਦਾ ਹੈ ਕਿ ਉਨ੍ਹਾਂ ਨੂੰ ਪਰਲੋਕ ਵਿੱਚ ਇਨਾਮ ਮਿਲੇਗਾ। ਉਹ ਇਹ ਸਮਝਦੇ ਹਨ ਕਿ ਅਜਿਹਾ ਜੀਵਨ ਸਫਲਤਾ ਅਤੇ ਉਦੇਸ਼ ਦਿੰਦਾ ਹੈ, ਸਮਾਜਿਕ ਏਕਤਾ ਅਤੇ ਸਥਿਰਤਾ ਨੂੰ ਮਜ਼ਬੂਤ ਕਰਦਾ ਹੈ, ਸਮਾਜਿਕ ਨਿਯੰਤਰਣ ਦੇ ਏਜੰਟ ਵਜੋਂ ਕੰਮ ਕਰਦਾ ਹੈ, ਮਨੋਵਿਗਿਆਨਕ ਅਤੇ ਸਰੀਰਕ ਤੰਦਰੁਸਤੀ ਨੂੰ ਉਤਸ਼ਾਹਤ ਕਰਦਾ ਹੈ ਅਤੇ ਲੋਕਾਂ ਨੂੰ ਸਕਾਰਾਤਮਕ ਸਮਾਜਿਕ ਤਬਦੀਲੀ ਲਈ ਕੰਮ ਕਰਨ ਲਈ ਪ੍ਰੇਰਿਤ ਕਰ ਸਕਦਾ ਹੈ।

ਮਾਰਕਸ ਨੇ ਦਲੀਲ ਦਿੱਤੀ ਹੈ ਕਿ ਧਰਮ ਇੱਕ ਵਿਚਾਰਧਾਰਾ ਵਜੋਂ ਅਸਮਾਨਤਾ ਦੀ ਇਸ ਪ੍ਰਣਾਲੀ ਨੂੰ ਕਾਇਮ ਰੱਖਦਾ ਹੈ। ਮਾਰਕਸ ਦੇ ਵਿਚਾਰ ਵਿੱਚ ਦੌਲਤ ਜਾਂ ਸ਼ਕਤੀ ਤੋਂ ਬਿਨਾਂ ਉਹ ਘੱਟ ਉਜਰਤ ਲਈ ਕੰਮ ਕਰਦੇ ਰਹਿੰਦੇ ਹਨ, ਕਿਉਂਕਿ ਉਨ੍ਹਾਂ ਇਸ ਵਿਚਾਰ ਨੂੰ ਅੰਦਰੂਨੀ ਰੂਪ ਦਿੱਤਾ ਹੈ ਕਿ ਕਿਸੇ ਵੀ ਕਿਸਮ ਦਾ ਕੰਮ ਆਪਣੇ ਆਪ ਵਿੱਚ ਇੱਕ ਅੰਦਰੂਨੀ ਨੈਤਿਕ ਮੁੱਲ ਹੈ।

'ਧਾਰਮ ਇੱਕੋ ਸਮੇਂ ਅਸਲ ਦੁੱਖਾਂ ਦਾ ਪ੍ਰਗਟਾਵਾ ਅਤੇ ਅਸਲ ਦੁੱਖਾਂ ਦਾ ਵਿਰੋਧ ਵੀ ਹੈ। ਧਰਮ ਦੱਬੇ-ਕੁਚਲੇ ਪ੍ਰਾਣੀ ਦਾ ਸਾਹ, ਇੱਕ ਬੇਰਹਿਮ ਸੰਸਾਰ ਦਾ ਦਿਲ ਅਤੇ ਰੂਹ ਰਹਿਤ ਹਾਲਤਾਂ ਦੀ ਰੂਹ ਹੈ। ਇਹ ਲੋਕਾਂ ਦੀ ਅਫੀਮ ਹੈ।' (ਕਾਰਲ ਮਾਰਕਸ)

ਇਤਿਹਾਸਕ ਤੌਰ 'ਤੇ ਭਾਰਤੀ ਸਿਆਸਤਦਾਨਾਂ ਨੇ ਸਵੈ-ਘੋਸ਼ਿਤ ਅਧਿਆਤਮਕ ਗੁਰੂਆਂ ਨਾਲ ਇੱਕ ਆਰਾਮਦਾਇਕ ਰਿਸ਼ਤਾ ਕਾਇਮ ਰੱਖਿਆ ਹੈ। ਇੰਦਰਾ ਗਾਂਧੀ ਦੀ ਦੇਵਰਾਹ ਬਾਬਾ ਤੋਂ ਲੈ ਕੇ ਰਾਮਦੇਵ ਦੀ ਭਾਜਪਾ ਨੇਤਾਵਾਂ ਨਾਲ ਮੇਲ-ਮਿਲਾਪ, ਇਨ੍ਹਾਂ ਬਾਬਿਆਂ ਨੂੰ ਸਿਆਸੀ ਸਰਪ੍ਰਸਤੀ ਦੀ ਕਹਾਣੀ ਦੱਸਦੀ ਹੈ।

ਬਜਰੰਗ ਸੈਨਾ ਦੇ ਸੰਸਥਾਪਕ, ਇੱਕ ਸੱਜੇ-ਪੱਖੀ ਸੰਗਠਨ, ਜੋ ਕਥਿਤ ਤੌਰ 'ਤੇ ਫਿਰਕੂ ਨਫ਼ਰਤ ਫੈਲਾਉਣ ਵਿੱਚ ਸ਼ਾਮਲ ਹੈ, ਬਾਗੇਸ਼ਵਰ ਬਾਬਾ ਦੇ ਜ਼ਿਆਦਾਤਰ ਉਪਦੇਸ਼ ਹਿੰਦੂਤਵ ਅਤੇ ਰੂੜ੍ਹੀਵਾਦੀ ਜੀਵਨ ਢੰਗਾਂ ਦੇ ਪ੍ਰਸਤਾਵ ਦੇ ਦੁਆਲੇ ਕੇਂਦਰਿਤ ਹਨ।

ਧੀਰੇਂਦਰ ਬ੍ਰਹਮਚਾਰੀ ਗੁਰੂ ਕਹਾਉਣ ਦੇ ਨਾਲ-ਨਾਲ ਇੰਦਰਾ ਗਾਂਧੀ ਦੇ ਯੋਗਾ ਸਲਾਹਕਾਰ ਵੀ ਸਨ। ਅਧਿਆਤਮਕ ਗੁਰੂ ਚੰਦਰਾਸਵਾਮੀ ਸਾਬਕਾ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਕਰੀਬੀ ਅਤੇ ਅਧਿਆਤਮਕ ਗੁਰੂ ਸਨ। ਇਸ ਅਧਿਆਤਮਕ ਗੁਰੂ ਨੇ 21 ਸਤੰਬਰ 1995 ਦੀ ਸਵੇਰ ਨੂੰ ਦੁਨੀਆ ਭਰ ਦੇ ਲੱਖਾਂ ਹਿੰਦੂਆਂ ਨੂੰ ਭਗਵਾਨ ਗਣੇਸ਼ ਦੀ ਮੂਰਤੀ ਨੂੰ ਦੁੱਧ ਪਿਲਾਉਣ ਲਾ ਦਿੱਤਾ।

ਰਾਮਦੇਵ ਅਤੇ ਗੁਰਮੀਤ ਰਾਮ ਰਹੀਮ ਦੇ ਕੇਸਾਂ ਨੂੰ ਲੈ ਕੇ ਰਾਜਨੀਤਕ ਭਾਸ਼ਣ ਵਿੱਚ ਬਾਬਿਆਂ ਦੀ ਪ੍ਰਮੁੱਖਤਾ ਨੂੰ ਹੋਰ ਖੋਲ੍ਹਿਆ ਜਾ ਸਕਦਾ ਹੈ। ਅਜਿਹੇ ਸੈਂਕੜੇ ਮਾਮਲਿਆਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ, ਪਰ ਇਨ੍ਹਾਂ ਬਾਬਿਆਂ ਦੀ ਸੱਤਾਧਾਰੀ ਪਾਰਟੀ ਨਾਲ ਦਿਖਾਈ ਦੇਣ ਵਾਲੀ ਗੰਢਤੁੱਪ ਉਨ੍ਹਾਂ ਨੂੰ ਅਜੋਕੇ ਸਮੇਂ ਵਿੱਚ ਬਾਬਿਆਂ-ਸਿਆਸਤਦਾਨਾਂ ਦੇ ਗਠਜੋੜ ਨੂੰ ਸਮਝਣ ਲਈ ਪ੍ਰਮੁੱਖ ਚਿਹਰਾ ਬਣਾਉਂਦੀ ਹੈ।

ਕਹਿ ਜਾਂਦੇ ਯੋਗ ਗੁਰੂ ਰਾਮਦੇਵ ਦਾ ਸੰਘ ਅਤੇ ਭਾਜਪਾ ਨਾਲ ਸੰਬੰਧ ਭਾਵੇਂ ਬਹੁਤ ਪਹਿਲਾਂ ਹੀ ਲੱਭਿਆ ਜਾ ਸਕਦਾ ਸੀ, 2006 ਵਿੱਚ ਪਤੰਜਲੀ ਯੋਗ ਪੀਠ ਦੇ ਉਦਘਾਟਨ ਮੌਕੇ ਮੁੱਖ ਮਹਿਮਾਨ ਵਜੋਂ ਸਰਸੰਘਚਾਲਕ ਕੇ.ਐੱਸ. ਸੁਦਰਸ਼ਨ ਦੀ ਮੌਜੂਦਗੀ ਨੇ ਇਸ ਨੂੰ ਹੋਰ ਹੁਲਾਰਾ ਦਿੱਤਾ। ਸੀਨੀਅਰ ਪੱਤਰਕਾਰ ਕੌਸ਼ਿਕ ਡੇਕਾ ਨੇ ਆਪਣੀ ਕਿਤਾਬ 'ਦਿ ਬਾਬਾ ਰਾਮਦੇਵ ਫੀਨੋਮੇਨਨ' ਵਿੱਚ ਨੋਟ ਕੀਤਾ ਹੈ ਕਿ ਉਸ ਨੇ 2009 ਦੀਆਂ ਆਮ ਚੋਣਾਂ ਤੋਂ ਪਹਿਲਾਂ ਭਾਜਪਾ ਨੂੰ 11,00,000 ਰੁਪਏ ਦੇ ਕਰੀਬ ਦਾਨ ਕੀਤੇ ਵੀ ਚਰਚਾ ਦਾ ਵਿਸ਼ਾ ਹੈ।

ਰਾਮ ਰਹੀਮ ਨੂੰ ਸੱਤਾਧਾਰੀ ਪਾਰਟੀਆਂ ਦਾ ਸਮਰਥਨ ਵੀ ਘੱਟ ਨਹੀਂ ਕੀਤਾ ਜਾ ਸਕਿਆ। ਪਿਛਲੇ 14 ਮਹੀਨਿਆਂ ਵਿੱਚ ਉਸ ਨੂੰ ਚਾਰ ਵਾਰ ਪੈਰੋਲ ਮਿਲੀ ਹੈ। ਹਾਲਾਂਕਿ ਸਭ ਤੋਂ ਮਹੱਤਵਪੂਰਨ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਉਸ ਦੀ ਪੈਰੋਲ ਸੀ। ਕਿਹੜੇ ਵੱਡੇ ਕਾਰਕ ਹਨ, ਜੋ ਲੋਕਾਂ ਨੂੰ ਇਹਨਾਂ ਬਾਬਿਆਂ ਨਾਲ ਚਿਪਕਾਉਂਦੇ ਹਨ?

ਜਿਨ੍ਹਾਂ ਧਾਰਮਿਕ ਗੁਰੂਆਂ ਨੇ ਸ਼ਿਵਰਾਜ ਸਿੰਘ ਚੌਹਾਨ ਸਰਕਾਰ ਦੇ ਭ੍ਰਿਸ਼ਟਾਚਾਰ ਦਾ ਪਰਦਾ ਫਾਸ਼ ਕਰਨ ਲਈ 45 ਦਿਨਾਂ ਦੀ ਨਰਮਦਾ ਘੋਟਾਲਾ ਯਾਤਰਾ ਦੀ ਧਮਕੀ ਦਿੱਤੀ ਸੀ, ਉਨ੍ਹਾਂ ਮੁੱਖ ਮੰਤਰੀ ਨਾਲ ਹੰਗਾਮੀ ਮੀਟਿੰਗ ਤੋਂ ਬਾਅਦ ਨਾ ਸਿਰਫ਼ ਆਪਣਾ ਅੰਦੋਲਨ ਖ਼ਤਮ ਕਰ ਦਿੱਤਾ ਹੈ, ਸਗੋਂ ਉਨ੍ਹਾਂ ਨੂੰ ਰਾਜ ਮੰਤਰੀ ਦਾ ਦਰਜਾ ਵੀ ਦਿੱਤਾ ਗਿਆ ਹੈ।

'ਸਰਮਾਏਦਾਰੀ ਨੇ ਖੁਦ ਜਾਤ ਪ੍ਰਣਾਲੀ ਨੂੰ ਅਨੁਸੂਚਿਤ ਜਾਤੀਆਂ ਦੇ ਮਜ਼ਦੂਰਾਂ ਦੇ ਸ਼ੋਸ਼ਣ ਦੇ ਇੱਕ ਤੀਬਰ ਰੂਪ ਨੂੰ ਸਮਰੱਥ ਬਣਾਉਣ ਲਈ ਸਹਿਯੋਗ ਦਿੱਤਾ ਹੈ।' ਜ਼ਿੰਦਗੀ ਆਪਣੇ ਆਪ ਵਿੱਚ ਇੱਕ ਮੰਡੀ ਹੈ। ਦੇਣਾ ਅਤੇ ਲੈਣਾ, ਸੌਦੇਬਾਜ਼ੀ ਕਰਨਾ ਅਤੇ ਅੰਦਾਜ਼ਾ ਲਗਾਉਣਾ, ਖੇਡ ਦਾ ਹਿੱਸਾ ਹੈ। ਜ਼ਿੰਦਗੀ ਦੀ ਨਫ਼ੇ-ਨੁਕਸਾਨ ਦੀ ਕਦਰ ਅਤੇ ਬੈਲੇਂਸ ਸ਼ੀਟਾਂ ਹਨ, ਪਰ ਮੁਕਤੀ ਅਤੇ ਮੁਕਤੀ ਦੇ ਬਦਲੇ ਭਗਤੀ ਦੇਣਾ ਸਭ ਦਾ ਸਭ ਤੋਂ ਸ਼ਕਤੀਸ਼ਾਲੀ ਕਾਰੋਬਾਰ ਹੈ। ਗੁਰੂਆਂ ਨੇ ਕਈ ਭੂਮਿਕਾਵਾਂ ਗ੍ਰਹਿਣ ਕੀਤੀਆਂ ਅਤੇ ਭਾਰਤ ਦੇ ਰਾਜਨੀਤਕ ਜੀਵਨ ਵਿੱਚ ਹਿੱਸਾ ਲਿਆ। ਉਨ੍ਹਾਂ ਦੇ ਆਰਥਕ ਪਹਿਲੂ ਵੀ ਬਹੁਤ ਦੂਰ ਤੱਕ ਪਹੁੰਚ ਰਹੇ ਹਨ, ਨਿੱਜੀ ਦਾਨ ਤੋਂ ਲੈ ਕੇ ਮਹਿੰਗੇ ਉਤਪਾਦਾਂ ਦੀਆਂ ਲਾਈਨਾਂ ਨੂੰ ਮੀਡੀਆ ਸਮੱਗਰੀ ਅਤੇ ਅਧਿਆਤਮਿਕ ਸੈਸ਼ਨਾਂ ਤੋਂ ਕਮਾਈ ਕਰਨਾ।

ਕੁਝ ਉੱਚ-ਪ੍ਰੋਫਾਈਲ ਗੁਰੂਆਂ - ਆਸਾਰਾਮ ਬਾਪੂ, ਰਾਮ ਰਹੀਮ, ਰਾਮਪਾਲ 'ਬ੍ਰੇਕਿੰਗ ਨਿਊਜ਼' ਦਾ ਵਿਸ਼ਾ ਰਹੇ ਹਨ। ਬਲਾਤਕਾਰ, ਕਤਲ, ਅਗਵਾ, ਜ਼ਮੀਨ ਹੜੱਪਣ ਆਦਿ ਵਰਗੇ ਅਪਰਾਧਾਂ ਵਿੱਚ ਉਨ੍ਹਾਂ ਦੇ ਨਾਂਅ ਬੋਲਦੇ ਹਨ। ਤੁਸੀਂ ਸ਼ਾਇਦ ਸੋਚੋ ਕਿ ਕਿਉਂ? ਅਜਿਹੀਆਂ ਘਟਨਾਵਾਂ ਦੇ ਵਾਰ-ਵਾਰ ਵਾਪਰਨ ਦੇ ਬਾਵਜੂਦ ਗੁਰੂ ਲੋਕਾਂ ਵਿੱਚ ਹਰਮਨ-ਪਿਆਰੇ ਰਹਿੰਦੇ ਹਨ।

ਪਿਛਲੇ ਕੁਝ ਸਾਲਾਂ ਤੋਂ ਇੱਕ ਜਾਂ ਦੂਜੇ ਗੌਡਮੈਨ (ਅਧਿਆਤਮਿਕ ਗੁਰੂ,) 'ਬਾਬੇ' ਜਾਂ ਕੋਈ ਵੀ ਉਨ੍ਹਾਂ ਨੂੰ ਜੋ ਵੀ ਨਾਮ ਦੇਣਾ ਪਸੰਦ ਕਰ ਸਕਦਾ ਹੈ, ਸਾਰੇ ਗਲਤ ਕਾਰਨਾਂ ਕਰਕੇ ਖਬਰਾਂ ਵਿੱਚ ਉਭਰੇ ਹਨ। ਵਿੱਤੀ ਧੋਖਾਧੜੀ ਤੋਂ ਲੈ ਕੇ ਬਲਾਤਕਾਰ ਅਤੇ ਇੱਥੋਂ ਤੱਕ ਕਿ ਸਿੱਧੇ ਕਤਲ ਤੱਕ, ਇਹ ਸਵੈ-ਨਿਯੁਕਤ ਅਧਿਆਤਮਿਕ ਗੁਰੂ ਰਾਸ਼ਟਰੀ ਧਿਆਨ ਖਿੱਚ ਰਹੇ ਹਨ। ਸਮੇਂ-ਸਮੇਂ 'ਤੇ ਇਹਨਾਂ ਸਵੈ-ਸਟਾਇਲ ਗੁਰੂਆਂ ਵਿੱਚੋਂ ਇੱਕ ਅਸੀਂ ਸ਼ਾਇਦ ਇਹਨਾਂ ਵਿੱਚੋਂ ਕੁਝ ਦਾ ਨਾਂਅ ਪਹਿਲਾਂ ਕਦੇ ਨਹੀਂ ਸੁਣਿਆ ਹੋਵੇਗਾ ਅਤੇ ਜਿਸ ਦੇ ਲੱਖਾਂ ਪਾਗਲ ਪ੍ਰਸ਼ੰਸਕ ਹਨ।

'ਬਾਬਿਆਂ' ਦੀ ਅਜੀਬ ਦੁਨੀਆ ਦੀ ਕਹਾਣੀ ਉਦੋਂ ਸਾਹਮਣੇ ਆਈ, ਜਦੋਂ ਕੁਝ ਸਮਾਂ ਪਹਿਲਾਂ ਦੇਸ਼ ਨੇ ਸੰਤ ਰਾਮਪਾਲ ਦੇ ਆਸ਼ਰਮ ਦੇ ਬਾਹਰ ਪੁਲਸ ਅਤੇ ਸ਼ਰਧਾਲੂਆਂ ਦੀ 'ਫੌਜ' ਵਿਚਕਾਰ ਟਕਰਾਅ ਦੇਖਿਆ, ਜੋ ਇੱਕ ਕਤਲ ਕੇਸ ਵਿੱਚ ਲੋੜੀਂਦਾ ਸੀ ਅਤੇ ਹਰਿਆਣਾ ਪੁਲਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਸੀ। ਉਸ ਦੇ ਆਸ਼ਰਮ ਵਿੱਚ ਪੰਜ ਔਰਤਾਂ ਅਤੇ ਇੱਕ 18 ਮਹੀਨੇ ਦੇ ਬੱਚੇ ਦੀਆਂ ਲਾਸ਼ਾਂ ਮਿਲੀਆਂ ਦੱਸੀਆਂ ਜਾਂਦੀਆਂ ਹਨ। ਨਵੰਬਰ 2014 ਵਿੱਚ ਇੱਕ ਰੁਕਾਵਟ ਵਿੱਚ ਉਸ ਦੀ ਮਿਲੀਸ਼ੀਆ ਨੇ ਅਰਧ ਸੈਨਿਕ ਬਲਾਂ ਨੂੰ ਉਸ ਦੇ ਆਸ਼ਰਮ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ।

ਇਸੇ ਤਰ੍ਹਾਂ ਦੀ ਸਥਿਤੀ ਦਾ ਦੁਹਰਾਓ ਹਾਲ ਹੀ ਵਿੱਚ ਦੇਖਿਆ ਗਿਆ ਸੀ, ਜਦੋਂ ਸੱਚਾ ਸੌਦਾ ਸੰਪਰਦਾ ਦੇ ਵਿਵਾਦਗ੍ਰਸਤ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਦੁਆਰਾ ਦੋ ਮਹਿਲਾ ਚੇਲਿਆਂ ਨਾਲ ਬਲਾਤਕਾਰ ਅਤੇ ਜਿਨਸੀ ਸ਼ੋਸ਼ਣ ਦਾ ਦੋਸ਼ੀ ਠਹਿਰਾਇਆ ਗਿਆ ਸੀ। ਉਸ ਨੂੰ 20 ਸਾਲ ਦੀ ਸਜ਼ਾ ਸੁਣਾਈ ਗਈ ਹੈ। ਬਲਾਤਕਾਰ ਅਤੇ ਕਤਲ ਦੇ ਦੋ ਕੇਸਾਂ ਵਿੱਚ ਸਜ਼ਾ ਹੋਈ ਹੈ ਅਤੇ ਮੌਜੂਦਾ ਸਮੇਂ ਵਿੱਚ ਜੇਲ੍ਹ ਵਿੱਚ ਬੰਦ ਹੈ)। ਉਸ ਦੇ ਸਮਰਥਕਾਂ ਦੁਆਰਾ ਕੀਤੀ ਗਈ ਅਗਜ਼ਨੀ ਅਤੇ ਹਿੰਸਾ ਵਿੱਚ ਘੱਟੋ-ਘੱਟ 32 ਲੋਕਾਂ ਦੀ ਮੌਤ ਹੋ ਗਈ ਅਤੇ 350 ਤੋਂ ਵੱਧ ਜ਼ਖ਼ਮੀ ਹੋ ਗਏ।

ਏਥੇ ਹੀ ਅੰਤ ਨਹੀਂ ਹੈ, ਹੋਰ ਵੀ ਬਹੁਤ ਸਾਰੇ ਹਨ, ਜੋ ਪੁਲਸ ਦੁਆਰਾ ਧੋਖਾਧੜੀ, ਕਾਲਾ ਜਾਦੂ, ਅਗਵਾ ਕਰਨ, ਅਪਰਾਧਿਕ ਧਮਕੀ, ਬਲਾਤਕਾਰ ਅਤੇ ਹੋਰ ਕੁਝ ਦੇ ਦੋਸ਼ਾਂ ਵਿੱਚ ਦਰਜ ਕੀਤੇ ਗਏ ਹਨ। ਅੱਜ ਭਾਰਤ ਦੇ ਕਿਸੇ ਵੀ ਕੋਨੇ ਵਿੱਚ ਬਾਬੇ ਲੱਭੇ ਜਾ ਸਕਦੇ ਹਨ।

ਉਦਯੋਗਿਕ ਕ੍ਰਾਂਤੀ ਨੇ ਪੂੰਜੀਵਾਦ ਦੇ ਸਿਧਾਂਤ ਨੂੰ ਜਨਮ ਦਿੱਤਾ। ਜ਼ਮੀਨ, ਲੇਬਰ ਅਤੇ ਮਸ਼ੀਨਰੀ ਖਰੀਦਣ ਲਈ ਪੈਸੇ ਦੀ ਲੋੜ ਹੁੰਦੀ ਹੈ, ਜੋ ਉਤਪਾਦਨ ਦੇ ਮਹੱਤਵਪੂਰਨ ਸਾਧਨ ਹਨ। ਦੇਸ਼ ਵਿੱਚ ਆਰਥਿਕ ਅਤੇ ਰਾਜਨੀਤਕ ਪ੍ਰਣਾਲੀ ਜਿੱਥੇ ਵਪਾਰ ਅਤੇ ਉਦਯੋਗਾਂ ਨੂੰ ਮੁਨਾਫਾ ਕਮਾਉਣ ਲਈ ਨਿੱਜੀ ਮਾਲਕਾਂ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ, ਨੂੰ ਪੂੰਜੀਵਾਦ ਕਿਹਾ ਜਾਂਦਾ ਹੈ। ਪੂੰਜੀਪਤੀ ਮਸ਼ੀਨਾਂ, ਔਜ਼ਾਰਾਂ, ਅਤੇ ਕੱਚੇ ਮਾਲ ਦੀ ਖਰੀਦ ਲਈ ਪੈਸਾ ਮੁਹੱਈਆ ਕਰਵਾਉਂਦੇ ਹਨ।

ਮੁਨਾਫਾ ਕਮਾਉਣਾ ਸਰਮਾਏਦਾਰਾਂ ਦਾ ਮੁੱਖ ਮਨੋਰਥ ਹੈ। ਇੱਕ ਕਾਰਖਾਨੇ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਬਹੁਤ ਹੀ ਔਖਾ ਜੀਵਨ ਬਤੀਤ ਕਰਦੇ ਸਨ। ਉਨ੍ਹਾਂ ਨੂੰ ਘੱਟੋ-ਘੱਟ ਉਜਰਤ ਦਿੱਤੀ ਜਾਂਦੀ ਸੀ। ਔਰਤਾਂ ਅਤੇ ਬੱਚਿਆਂ ਨੂੰ ਵੀ ਵੱਡੀ ਗਿਣਤੀ ਵਿਚ ਰੁਜ਼ਗਾਰ ਦਿੱਤਾ ਗਿਆ ਸੀ, ਕਿਉਂਕਿ ਉਨ੍ਹਾਂ ਨੂੰ ਬਹੁਤ ਘੱਟ ਉਜਰਤ 'ਤੇ ਰੁਜ਼ਗਾਰ ਦਿੱਤਾ ਜਾ ਸਕਦਾ ਸੀ। ਜਲਦੀ ਹੀ ਲੋਕ ਇਸ ਸ਼ੋਸ਼ਣ ਦੇ ਸਿਸਟਮ ਦੀ ਆਲੋਚਨਾ ਕਰਨ ਲੱਗੇ। ਪੂੰਜੀਵਾਦ ਲਈ ਲਾਲਚ ਇੱਕ ਚਾਲਕ ਸ਼ਕਤੀ ਹੁੰਦੀ ਹੈ।

ਪੂੰਜੀਵਾਦ ਲੋਕਾਂ ਨੂੰ ਗਰੀਬੀ ਵਿੱਚ ਰੱਖਦਾ ਹੈ। ਇਹ ਲੋਕਾਂ ਨੂੰ ਬੇਰੁਜ਼ਗਾਰ ਰੱਖਦਾ ਹੈ, ਮੁਕਾਬਲੇ ਨੂੰ ਪਾਲਣ ਲਈ ਅਤੇ ਮਜ਼ਦੂਰਾਂ ਨੂੰ ਪੂੰਜੀਵਾਦੀ ਨਾਲ ਜੋੜਨ ਲਈ, ਇਹ ਲੋਕਾਂ ਦੀ ਸਿਹਤ ਨਾਲ ਖੇਡਦਾ ਹੈ। ਕਿਰਤ ਦੀ ਵੰਡ ਅਤੇ ਲੰਮੇ ਕੰਮ ਦੇ ਘੰਟਿਆਂ ਦੁਆਰਾ। ਸਮਾਜਿਕ ਅਸਮਾਨਤਾ ਅਤੇ ਭਿਆਨਕ ਜੀਵਨ ਹਾਲਤਾਂ ਅਪਰਾਧ, ਹਿੰਸਾ ਅਤੇ ਨਫ਼ਰਤ ਵੱਲ ਲੈ ਜਾਂਦੀਆਂ ਹਨ, ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ। ਅਪਰਾਧ, ਗਰੀਬੀ, ਬੇਗਾਨਗੀ ਅਤੇ ਸ਼ੋਸ਼ਣ ਦੁੱਖਾਂ ਦਾ ਕਾਰਨ ਬਣਦੇ ਹਨ, ਪਰ ਸਿਰਫ਼ ਸ਼ੋਸ਼ਿਤ ਮਜ਼ਦੂਰਾਂ ਦੇ ਪੱਖ ਤੋਂ ਨਹੀਂ। ਸਰਮਾਏਦਾਰ ਆਪਣੀ ਹੈਸੀਅਤ ਅਤੇ ਆਪਣਾ ਪੈਸਾ ਗੁਆਉਣ ਦੇ ਲਗਾਤਾਰ ਡਰ ਵਿੱਚ ਰਹਿੰਦੇ ਹਨ, ਇਸ ਲਈ ਉਹਨਾਂ ਨੂੰ ਇਸ ਦੀ ਰੱਖਿਆ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ, ਜੋ ਤੁਸੀਂ ਮਾਲਕ ਹੋ, ਅੰਤ ਵਿੱਚ ਉਹ ਤੁਹਾਡਾ ਮਾਲਕ ਹੈ। ਲੋਕਾਂ ਦੇ ਭਰਮ ਭਰੇ ਸੁੱਖਾਂ ਵਜੋਂ ਧਰਮ ਦਾ ਖਾਤਮਾ ਹੀ ਉਨ੍ਹਾਂ ਦੀ ਅਸਲ ਖੁਸ਼ੀ ਹੋ ਸਕਦੀ ਹੈ।

# ਸੰਪਰਕ : 98550-04500

# ਅਸੁਰੱਖਿਅਤ ਹੈ ਭਾਰਤ 'ਚ ਬਾਲੜੀਆਂ ਦਾ ਜੀਵਨ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਅਜੋਕੇ ਯੁੱਗ ਨੂੰ ਬੇਸ਼ੱਕ ਵਿਗਿਆਨ ਤੇ ਤਕਨੀਕ ਦਾ ਯੁੱਗ ਐਲਾਨਿਆ ਜਾਂਦਾ ਹੈ, ਪਰ ਇਸੇ ਯੁੱਗ ਵਿੱਚ ਏਸ਼ੀਆਈ ਖਿੱਤੇ ਅੰਦਰ ਅਣਭੋਲ ਬਾਲੜੀਆਂ ਦਾ ਜਨਮ ਤੇ ਜੀਵਨ ਭਾਰੀ ਖ਼ਤਰੇ ਵਿੱਚ ਲੰਘ ਰਿਹਾ ਹੈ। ਅੱਜ ਭਾਰਤ ਵਿੱਚ ਵੱਸਦੀਆਂ ਬਾਲੜੀਆਂ ਨੂੰ ਅਸੰਖਾਂ ਹੀ ਔਕੜਾਂ ਦਰਪੇਸ਼ ਹਨ ਤੇ ਵਹਿਸ਼ੀ ਦਰਿੰਦਿਆਂ ਦੇ ਹੱਥੋਂ ਬੇਪੱਤ ਹੋਣ ਦਾ ਖ਼ਤਰਾ ਸਦਾ ਹੀ ਉਨ੍ਹਾ ਦੇ ਸਿਰਾਂ 'ਤੇ ਮੰਡਰਾ ਰਿਹਾ ਹੈ। ਘਰ ਤੇ ਬਾਹਰ ਦੋਵਾਂ ਥਾਵਾਂ 'ਤੇ ਬਾਲੜੀਆਂ ਨੂੰ ਆਪਣੇ ਬਿਹਤਰ ਭਵਿੱਖ ਲਈ ਭਾਰੀ ਸੰਘਰਸ਼ ਕਰਨਾ ਪੈ ਰਿਹਾ ਹੈ। ਸਵਾਰਥੀ ਮਨੁੱਖ ਵੱਲੋਂ ਖ਼ੁਦ ਹੀ ਘੜੀਆਂ ਗਈਆਂ ਕੁਝ ਕੁ ਪ੍ਰੰਪਰਾਵਾਂ ਦੀ ਆੜ ਵਿੱਚ ਬੇਟੇ ਦੀ ਚਾਹਤ ਨੇ ਹੁਣ ਤੱਕ ਇਸ ਖਿੱਤੇ ਵਿੱਚ ਅਸੰਖਾਂ ਹੀ ਬੇਟੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਇਸ ਜਹਾਨੋਂ ਤੋਰ ਦਿੱਤਾ ਹੈ।

ਭਾਰਤ ਵਿੱਚ ਮੁੰਡਿਆਂ ਦੀ ਬਨਿਸਪਤ ਬਾਲੜੀਆਂ ਨਾਲ ਅਕਸਰ ਹੀ ਜਿਨ੍ਹਾਂ ਮੁੱਖ ਮੁੱਦਿਆਂ 'ਤੇ ਵਿਤਕਰਾ ਕੀਤਾ ਜਾਂਦਾ ਹੈ, ਉਹ ਹਨ ਸਿੱਖਿਆ ਤੱਕ ਪਹੁੰਚ, ਪੌਸ਼ਟਿਕ ਤੇ ਲੋੜੀਂਦੇ ਭੋਜਨ ਦੀ ਘਾਟ, ਕਾਨੂੰਨੀ ਹੱਕਾਂ ਦੀ ਘਾਟ, ਮੈਡੀਕਲ ਦੇਖਭਾਲ ਦੀ ਘਾਟ, ਸਮਾਜਿਕ ਅਸੁਰੱਖਿਆ, ਪਰਵਾਰਕ ਪੱਧਰ 'ਤੇ ਵਿਤਕਰਾ, ਬਾਲ ਵਿਆਹ, ਜਿਸਮਾਨੀ ਛੇੜਛਾੜ ਦੀਆਂ ਸੂਚਿਤ ਕੀਤੀਆਂ ਘੱਟ ਅਤੇ ਅਣਸੂਚਿਤ ਵੱਧ ਘਟਨਾਵਾਂ ਆਦਿ। ਇੱਥੇ ਅਧਿਕਤਰ ਬਾਲੜੀਆਂ ਦੀ ਹਾਲਤ ਕਾਫ਼ੀ ਚਿੰਤਾਜਨਕ ਅਤੇ ਦਰਦਨਾਕ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਸੰਨ 2000 ਤੋਂ 2019 ਤੱਕ 90 ਲੱਖ ਬਾਲੜੀਆਂ ਨੂੰ ਮਾਂ ਦੇ ਪੇਟ ਵਿੱਚ ਹੀ ਖ਼ਤਮ ਕਰ ਦਿੱਤਾ ਗਿਆ ਸੀ, ਜਿਨ੍ਹਾ ਵਿੱਚੋਂ 80 ਫ਼ੀਸਦੀ ਮਾਮਲੇ ਹਿੰਦੂ ਪਰਵਾਰਾਂ ਨਾਲ ਸਬੰਧਤ ਸਨ, ਜਦੋਂ ਕਿ ਸਿੱਖਾਂ ਅਤੇ ਮੁਸਲਮਾਨਾਂ ਦੇ ਪਰਵਾਰਾਂ ਨਾਲ ਸੰਬੰਧਤ ਮਾਦਾ ਭਰੂਣ ਹੱਤਿਆ ਦੇ ਮਾਮਲੇ ਕ੍ਰਮਵਾਰ 4.9 ਫ਼ੀਸਦੀ ਅਤੇ 6.6 ਫ਼ੀਸਦੀ ਸਨ। ਸੰਨ 2011 ਵਿੱਚ ਪ੍ਰਤੀ ਇੱਕ ਹਜ਼ਾਰ ਲੜਕਿਆਂ ਪਿੱਛੇ ਬਾਲੜੀਆਂ ਦੀ ਸੰਖਿਆ 944 ਸੀ, ਜਦੋਂ ਕਿ ਪੰਜਾਬ, ਦਿੱਲੀ ਅਤੇ ਗੁਜਰਾਤ ਜਿਹੇ ਵਿੱਤੀ ਪੱਖੋਂ ਸੌਖੇ ਸੂਬਿਆਂ ਵਿੱਚ ਇਹ ਦਰ ਕਾਫੀ ਘੱਟ ਸੀ। ਸਰਕਾਰੀ ਯਤਨਾਂ ਅਤੇ ਨਾਰੀ ਨਾਲ ਸੰਬੰਧਤ ਜਥੇਬੰਦੀਆਂ ਤੇ ਮੀਡੀਆ ਦੇ ਸੁਪ੍ਰਚਾਰ ਸਦਕਾ ਦਸੰਬਰ, 2021 ਵਿੱਚ ਇਹ ਦਰ ਸੁਧਰ ਕੇ ਪ੍ਰਤੀ ਹਜ਼ਾਰ ਲੜਕਿਆਂ ਪਿੱਛੇ 1020 ਲੜਕੀਆਂ ਹੋ ਗਈ ਸੀ। ਸਮਾਜ ਸੇਵੀ ਸੰਸਥਾ 'ਸੇਵ ਦਿ ਗਰਲ ਚਾਈਲਡ ਆਰਗੇਨਾਈਜ਼ੇਸ਼ਨ' ਭਾਵ 'ਬੇਟੀ ਬਚਾਓ ਸੰਸਥਾ' ਵੱਲੋਂ ਜਾਰੀ ਅੰਕੜਿਆਂ ਅਨੁਸਾਰ ਭਾਰਤ ਵਿੱਚ ਹਰ ਸਾਲ ਜਨਮ ਲੈਣ ਵਾਲੀਆਂ 1 ਕਰੋੜ 20 ਲੱਖ ਬਾਲੜੀਆਂ ਵਿੱਚੋਂ 10 ਲੱਖ ਬਾਲੜੀਆਂ ਆਪਣੀ ਉਮਰ ਦਾ ਪਹਿਲਾ ਵਰ੍ਹਾ ਖ਼ਤਮ ਹੋਣ ਤੋਂ ਪਹਿਲਾਂ ਇਸ ਜਹਾਨ ਤੋਂ ਟੁਰ ਜਾਂਦੀਆਂ ਹਨ ਅਤੇ 50 ਲੱਖ ਤੋਂ ਵੱਧ ਬਾਲੜੀਆਂ ਕੁਪੋਸ਼ਣ ਦੀਆਂ ਸ਼ਿਕਾਰ ਹੋ ਨਿੱਬੜਦੀਆਂ ਹਨ।

ਸਾਲ 2016-17 ਦੇ ਸਰਕਾਰੀ ਅੰਕੜਿਆਂ ਅਨੁਸਾਰ ਬਾਲ ਵਿਆਹ ਦੇ ਸ਼ਿਕਾਰ ਬਣੇ 12.15 ਮਿਲੀਅਨ ਬੱਚਿਆਂ ਵਿੱਚੋਂ 8.9 ਮਿਲੀਅਨ ਅਣਭੋਲ ਬਾਲੜੀਆਂ ਸਨ ਤੇ ਇਨ੍ਹਾਂ ਨਾਬਾਲਗ ਬਾਲੜੀਆਂ ਦੀ ਸੰਖਿਆ ਨਾਬਾਲਗ ਲੜਕਿਆਂ ਦੇ ਮੁਕਾਬਲਤਨ ਤਿੰਨ ਗੁਣਾ ਵੱਧ ਸੀ। ਸੰਨ 1998 ਵਿੱਚ ਯੂਨੀਸੈਫ਼ ਵੱਲੋਂ ਪੇਸ਼ ਕੀਤੇ ਅੰਕੜਿਆਂ ਅਨੁਸਾਰ ਦੁਨੀਆ ਭਰ ਦੀਆਂ ਸਭ ਤੋਂ ਵੱਧ ਵਿਆਹੁਤਾ ਬਾਲੜੀਆਂ ਭਾਰਤ ਵਿੱਚ ਪਾਈਆਂ ਜਾਂਦੀਆਂ ਹਨ ਤੇ ਇੱਥੇ 47 ਫ਼ੀਸਦੀ ਕੁੜੀਆਂ ਨੂੰ ਤਾਂ ਅਠਾਰਾਂ ਵਰ੍ਹਿਆਂ ਦੀ ਉਮਰ ਪੂਰੀ ਹੋਣ ਤੋਂ ਪਹਿਲਾਂ ਹੀ ਵਿਆਹ ਦਿੱਤਾ ਜਾਂਦਾ ਸੀ। ਉਂਜ ਸੰਯੁਕਤ ਰਾਸ਼ਟਰ ਸੰਘ ਵੱਲੋਂ ਸੰਨ 2003 ਵਿੱਚ ਜਾਰੀ ਕੀਤੀ ਰਿਪੋਰਟ ਵਿੱਚ ਭਾਰਤ ਅੰਦਰ ਵਿਆਹੁਤਾ ਨਾਬਾਲਗ ਬਾਲੜੀਆਂ ਕੁੱਲ ਵਿਆਹੁਤਾ ਲੜਕੀਆਂ ਦਾ 30 ਫ਼ੀਸਦੀ ਸਨ। ਸੰਨ 2001 ਦੀ ਜਨਗਣਨਾ ਅਨੁਸਾਰ 10 ਤੋਂ 14 ਸਾਲ ਦੀ ਉਮਰ ਦੀਆਂ ਕੁੱਲ 59.2 ਮਿਲੀਅਨ ਬਾਲੜੀਆਂ ਵਿੱਚੋਂ 1.4 ਮਿਲੀਅਨ ਬਾਲੜੀਆਂ ਵਿਆਹੁਤਾ ਸਨ, ਜਦੋਂ ਕਿ 15 ਤੋਂ 19 ਸਾਲ ਉਮਰ ਦੀਆਂ ਕੁੱਲ 46.3 ਮਿਲੀਅਨ ਲੜਕੀਆਂ ਵਿੱਚੋਂ 11.3 ਮਿਲੀਅਨ ਬਾਲੜੀਆਂ ਵਿਆਹੁਤਾ ਸਨ। ਟਾਈਮਜ਼ ਆਫ਼ ਇੰਡੀਆ ਦੀ ਰਿਪੋਰਟ ਅਨੁਸਾਰ ਸੰਨ 2005 ਤੋਂ 2009 ਤੱਕ ਬਾਲੜੀਆਂ ਦੀ ਵਿਆਹ ਦਰ ਵਿੱਚ 46 ਫ਼ੀਸਦੀ ਦੀ ਕਮੀ ਆਈ ਸੀ। ਕੌਮੀ ਪਰਵਾਰ ਸਿਹਤ ਸਰਵੇ ਦੁਆਰਾ ਜਾਰੀ ਅੰਕੜਿਆਂ ਅਨੁਸਾਰ ਸੰਨ 2019-2021 ਦਰਮਿਆਨ 23.3 ਫ਼ੀਸਦੀ ਲੜਕੀਆਂ ਦੀ ਸ਼ਾਦੀ ਬਾਲਗ ਹੋਣ ਤੋਂ ਪਹਿਲਾਂ ਹੀ ਕਰ ਦਿੱਤੀ ਗਈ ਸੀ ਅਤੇ ਅਦਾਲਤਾਂ ਵਿੱਚ ਉਸ ਵੇਲੇ ਬਾਲ ਵਿਆਹ ਦੇ 96 ਫ਼ੀਸਦੀ ਮਾਮਲੇ ਵਿਚਾਰ ਅਧੀਨ ਚੱਲ ਰਹੇ ਸਨ, ਭਾਵ ਕਿਸੇ ਤਣ-ਪੱਤਣ ਨਹੀਂ ਲੱਗ ਸਕੇ ਸਨ।

ਕੌਮੀ ਮਹਿਲਾ ਕਮਿਸ਼ਨ ਵੱਲੋਂ ਸੰਨ 2006 ਵਿੱਚ ਜਾਰੀ ਕੀਤੀ ਰਿਪੋਰਟ ਅਨੁਸਾਰ ਭਾਰਤ ਵਿੱਚ ਉਸ ਸਾਲ ਵੀ ਢਾਈ ਲੱਖ ਦੇਵਦਾਸੀਆਂ ਸਨ। ਜ਼ਿਕਰਯੋਗ ਹੈ ਕਿ ਹਿੰਦੂ ਮਾਨਤਾਵਾਂ ਅਨੁਸਾਰ ਪਰਵਾਰ ਵੱਲੋਂ ਆਪਣੀ ਬਾਲੜੀ ਨੂੰ ਮੰਦਰ ਨੂੰ ਸਦਾ ਲਈ ਭੇਟ ਕਰ ਦਿੱਤਾ ਜਾਂਦਾ ਸੀ ਜਾਂ ਮੰਦਰ ਦੇ ਦੇਵਤਾ ਨਾਲ ਵਿਆਹੇ ਜਾਣ ਦਾ ਪ੍ਰਪੰਚ ਰਚ ਕੇ ਹਮੇਸ਼ਾ ਲਈ ਮੰਦਰ 'ਚ ਹੀ ਛੱਡ ਦਿੱਤਾ ਜਾਂਦਾ ਸੀ ਤੇ ਬਾਅਦ ਵਿੱਚ ਮੰਦਰ ਪ੍ਰਸ਼ਾਸਨ ਜਾਂ ਹੋਰ ਲੋਕਾਂ ਵੱਲੋਂ ਇਨ੍ਹਾਂ ਦੇਵਦਾਸੀਆਂ ਦਾ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਸੀ। ਜਸਟਿਸ ਰਘੂਨਾਥ ਰਾਓ ਕਮੇਟੀ ਦੁਆਰਾ ਅਕਤੂਬਰ, 2022 ਵਿੱਚ ਦਿੱਤੇ ਅੰਕੜਿਆਂ ਅਨੁਸਾਰ ਤਿਲੰਗਾਨਾ ਅਤੇ ਆਂਧਰਾ ਪ੍ਰਦੇਸ਼ ਵਿੱਚ ਮੌਜੂਦ ਦੇਵਦਾਸੀਆਂ ਦੀ ਸੰਖਿਆ 80,000 ਦੇ ਕਰੀਬ ਹੈ।

ਅੱਜ ਵੀ ਭਾਰਤ ਵਿੱਚ ਅਨੇਕਾਂ ਮਾਸੂਮ ਬਾਲੜੀਆਂ ਨਾਲ ਜਿਸਮਾਨੀ ਛੇੜਛਾੜ ਜਾਂ ਬਲਾਤਕਾਰ ਕੀਤੇ ਜਾਣ ਦੀਆਂ ਸ਼ਰਮਨਾਕ ਘਟਨਾਵਾਂ ਆਏ ਦਿਨ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੀਆਂ ਹਨ। ਹਰੇਕ 10 ਵਿੱਚੋਂ ਇੱਕ ਬਾਲੜੀ ਪਰਵਾਰਕ ਮੈਂਬਰ, ਰਿਸ਼ਤੇਦਾਰ, ਗੁਆਂਢੀ, ਸਹਿਪਾਠੀ, ਸਕੂਲ ਸਟਾਫ਼ ਜਾਂ ਬਦਮਾਸ਼ਾਂ ਹੱਥੋਂ ਜਿਸਮਾਨੀ ਛੇੜਛਾੜ ਦੀ ਸ਼ਿਕਾਰ ਬਣ ਰਹੀ ਹੈ। ਮੁਲਕ ਭਰ ਵਿੱਚ ਬਲਾਤਕਾਰ ਦਾ ਸ਼ਿਕਾਰ ਹੋਣ ਵਾਲੀਆਂ ਮਹਿਲਾਵਾਂ ਵਿੱਚੋਂ 28 ਫ਼ੀਸਦੀ ਨਾਬਾਲਗ ਬਾਲੜੀਆਂ ਹੁੰਦੀਆਂ ਹਨ। ਕਿੰਨੀ ਖ਼ਤਰਨਾਕ ਗੱਲ ਹੈ ਕਿ ਸਾਡੇ ਦੇਸ਼ ਵਿੱਚ ਹਰ ਸਾਲ ਗੁਮਸ਼ੁਦਾ ਹੋ ਜਾਣ ਵਾਲੇ ਕੁੱਲ ਬਚਿਆਂ ਵਿੱਚੋਂ 70 ਫ਼ੀਸਦੀ ਬਾਲੜੀਆਂ ਹੀ ਹੁੰਦੀਆਂ ਹਨ। ਕੌਮੀ ਅਪਰਾਧ ਬਿਊਰੋ ਅਨੁਸਾਰ ਸਾਲ 2016 ਵਿੱਚ ਮੱਧ ਪ੍ਰਦੇਸ਼ ਅੰਦਰ ਬਲਾਤਕਾਰ ਦੀਆਂ 4882 ਘਟਨਾਵਾਂ ਵਾਪਰੀਆਂ ਸਨ, ਜਿਨ੍ਹਾ ਵਿੱਚੋਂ 2479 ਘਟਨਾਵਾਂ ਵਿੱਚ ਪੀੜਤ ਲੜਕੀਆਂ ਨਾਬਾਲਗ ਸਨ। ਸੰਨ 2019 ਵਿੱਚ ਰਾਜਸਥਾਨ ਵਿੱਚ 1313 ਅਤੇ ਉੱਤਰ ਪ੍ਰਦੇਸ਼ ਅੰਦਰ ਵਿੱਚ 270 ਨਾਬਾਲਗ ਬੱਚੀਆਂ ਨਾਲ ਬਲਾਤਕਾਰ ਕੀਤਾ ਗਿਆ ਸੀ। ਸਮੁੱਚੇ ਦੇਸ਼ ਅੰਦਰ ਸੰਨ 2019 ਵਿੱਚ 32033 ਬਲਾਤਕਾਰ ਦੇ ਮਾਮਲੇ ਸਾਹਮਣੇ ਆਏ ਸਨ, ਜਿਨ੍ਹਾਂ ਵਿੱਚੋਂ 4940 ਮਾਮਲੇ ਨਾਬਾਲਗ ਬੱਚੀਆਂ ਨਾਲ ਸੰਬੰਧਤ ਸਨ।

ਕਈ ਪੰਜਾਬੀ ਘਰਾਂ ਵਿੱਚ ਧੀਆਂ ਨੂੰ ਬੜਾ ਹੀ ਪਿਆਰ ਦਿੱਤਾ ਜਾਂਦਾ ਹੈ, ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਹੈ ਕਿ ਪੰਜਾਬ ਵਿੱਚ ਅਜੇ ਵੀ ਅਸੰਖਾਂ ਅਜਿਹੇ ਅਲਟਰਾਸਾਊਂਡ ਸਕੈਨਿੰਗ ਸੈਂਟਰ ਚੱਲ ਰਹੇ ਹਨ, ਜਿੱਥੇ ਕੁੱਖ 'ਚ ਪਲਦੀ ਧੀ ਬਾਰੇ ਦੱਸ ਕੇ ਮਾਪਿਆਂ ਨੂੰ ਇਸ ਜੀਅ ਤੋਂ ਪੱਕਾ ਛੁਟਕਾਰਾ ਪਾਉਣ ਦਾ ਮਾਰਗ ਵੀ ਸੁਝਾਇਆ ਜਾਂਦਾ ਹੈ। ਅਜਿਹੇ ਸੈਂਟਰਾਂ ਅਤੇ ਅਜਿਹੀ ਸੋਚ ਰੱਖਣ ਵਾਲੇ ਲੋਕਾਂ ਨੂੰ ਇਸ ਘਿਨਾਉਣੇ ਅਪਰਾਧ ਨੂੰ ਕਰਨ ਤੋਂ ਰੋਕਣਾ ਚਾਹੀਦਾ ਹੈ। ਕਿਸੇ ਜਿਊਂਦੀ-ਜਾਗਦੀ ਜਿੰਦ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਮੌਤ ਦੇ ਹਵਾਲੇ ਕਰ ਦੇਣਾ ਮਨੁੱਖੀ ਕਾਰਾ ਨਹੀਂ ਹੋ ਸਕਦਾ ਹੈ। ਇਹ ਕੰਮ ਕਿਸੇ ਰਾਖ਼ਸ਼ੀ ਸ਼ਖ਼ਸ ਵੱਲੋਂ ਹੀ ਅੰਜਾਮ ਦਿੱਤਾ ਜਾ ਸਕਦਾ ਹੈ, ਸੋ ਸਾਨੂੰ ਆਪਣੇ ਅੰਦਰ ਝਾਤੀ ਮਾਰ ਕੇ ਪੜਚੋਲ ਕਰ ਲੈਣੀ ਚਾਹੀਦੀ ਹੈ ਕਿ ਸਾਡੇ ਅੰਦਰ ਮਨੁੱਖਤਾ ਵੱਸਦੀ ਹੈ ਜਾਂ ਅਣਜੰਮੀਆਂ ਬਾਲੜੀਆਂ ਨੂੰ ਕਤਲ ਕਰ ਦੇਣ ਜਾਂ ਉਨ੍ਹਾ ਨਾਲ ਦੁਸ਼ਕਰਮ ਕਰਵਾਉਣ ਵਾਲੀ ਰਾਖ਼ਸ਼ੀ ਬਿਰਤੀ?

# ਸੰਪਰਕ : 97816-46008

# ਪੰਜਾਬ ਅੰਦਰ ਨਸ਼ਿਆਂ ਦੀ ਬਹੁਪਰਤੀ ਸਮੱਸਿਆ

ਨਰਾਇਣ ਦੱਤ

ਇਸ ਸਮੇਂ ਪੰਜਾਬ ਬੁਰੀ ਤਰ੍ਹਾਂ ਨਸ਼ੇ ਦੀ ਗ੍ਰਿਫ਼ਤ ਵਿੱਚ ਆਇਆ ਹੋਇਆ ਹੈ। ਪਿਛਲੇ ਤਿੰਨ ਵਿਧਾਨ ਸਭਾਈ ਚੋਣਾਂ ਸਮੇਂ ਨਸ਼ਾ ਮੁੱਖ ਮੁੱਦਾ ਬਣ ਕੇ ਉੱਭਰਦਾ ਰਿਹਾ ਹੈ। 2012 ਵਿੱਚ ਅਕਾਲੀ-ਭਾਜਪਾ ਗੱਠਜੋੜ ਸਰਕਾਰ, 2017 ਵਿੱਚ ਕੈਪਟਨ ਦੀ ਅਗਵਾਈ ਵਾਲੀ ਕਾਂਗਰਸ ਅਤੇ ਕੁੱਝ ਸਮੇਂ ਚਰਨਜੀਤ ਚੰਨੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਅਤੇ ਹੁਣ 2022 ਤੋਂ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਭਗਵੰਤ ਮਾਨ ਸਰਕਾਰ ਨੇ ਨਸ਼ੇ ਨੂੰ ਜੜ੍ਹੋਂ ਪੁੱਟਣ ਦੇ ਵਾਅਦੇ ਕੀਤੇ ਹਨ ਅਤੇ ਹੁਣ ਵੀ ਕੀਤੇ ਜਾ ਰਹੇ ਹਨ। ਇੱਕ ਪਾਸੇ ਸਰਕਾਰਾਂ ਵੱਲੋਂ ਕੀਤੇ ਜਾਂਦੇ ਵਾਅਦਿਆਂ ਦੀ ਲੰਮੀ ਝੜੀ ਹੈ, ਦੂਜੇ ਪਾਸੇ ਨਸ਼ਿਆਂ ਕਾਰਨ ਮੌਤ ਦੇ ਸੱਥਰ ਵਿਛ ਰਹੇ ਹਨ। ਹੁਣ ਜਦੋਂ ਹਾਲਾਤ ਬਰਦਾਸ਼ਤ ਤੋਂ ਬਾਹਰ ਹੋ ਗਏ ਹਨ ਤਾਂ ਪਿੰਡਾਂ ਦੇ ਲੋਕ ਆਪ-ਮੁਹਾਰੇ ਪਿੰਡ ਪੱਧਰੀ ਲਾਮਬੰਦੀ ਕਰਕੇ ਨਸ਼ਿਆਂ ਦੀ ਅਲਾਮਤ ਖ਼ਿਲਾਫ਼ ਇੱਕਜੁੱਟ ਲੜਾਈ ਲੜਨ ਲਈ ਮੈਦਾਨ ਵਿੱਚ ਨਿੱਤਰ ਰਹੇ ਹਨ। ਪਿੰਡਾਂ ਅੰਦਰ ਸਾਂਝੀਆਂ ਇਕੱਤਰਤਾਵਾਂ ਹੋ ਰਹੀਆਂ ਹਨ। ਨਸ਼ਾ ਵੇਚਣ ਵਾਲਿਆਂ ਖਿਲਾਫ ਚੌਕਸੀ ਰੱਖੀ ਜਾ ਰਹੀ ਹੈ। ਨਸ਼ਾ ਵੇਚਣ ਵਾਲਿਆਂ ਨੂੰ ਸਮਝਾਉਣ ਦੇ ਬਾਵਜੂਦ ਜੇ ਨਹੀਂ ਰੁਕਦੇ ਤਾਂ ਬਾਈਕਾਟ ਕਰਨ, ਜ਼ਮਾਨਤ ਨਾ ਕਰਵਾਉਣ ਦੇ ਮਤੇ ਪੈ ਰਹੇ ਹਨ। ਪਿੰਡਾਂ ਦੇ ਲੋਕਾਂ ਦੀ ਅਜਿਹੀ ਪਹਿਲਕਦਮੀ ਸਵਾਗਤਯੋਗ ਹੈ। ਵੱਡੀ ਅਤੇ ਚੰਗੀ ਗੱਲ ਇਹ ਵੀ ਹੈ ਕਿ ਨਸ਼ਿਆਂ ਖਿਲਾਫ ਇਸ ਮੁਹਿੰਮ ਵਿੱਚ ਜਨਤਕ, ਜਮਹੂਰੀ ਜਥੇਬੰਦੀਆਂ ਵੀ ਪਹਿਲਕਦਮੀ ਕਰ ਰਹੀਆਂ ਹਨ।

ਜਨਤਕ ਜਮਹੂਰੀ ਜਥੇਬੰਦੀਆਂ ਲਈ ਕੁਝ ਬੁਨਿਆਦੀ ਗੱਲਾਂ ਧਿਆਨ ਵਿੱਚ ਰੱਖਣ ਵਾਲੀਆਂ ਹਨ। ਸਭ ਤੋਂ ਪਹਿਲੀ ਗੱਲ ਇਹ ਹੈ ਕਿ ਨਸ਼ਿਆਂ ਦੀ ਅਲਾਮਤ ਦਾ ਵਰਤਾਰਾ ਸੰਸਾਰ ਪੱਧਰਾ ਵਰਤਾਰਾ ਹੈ। ਇਸ ਦੀ ਮਾਰ ਹੇਠ ਸਭ ਤੋਂ ਵੱਧ ਆਮ ਗਰੀਬ ਕਿਸਾਨਾਂ-ਮਜ਼ਦੂਰਾਂ ਸਮੇਤ ਛੋਟੇ ਕਾਰੋਬਾਰੀਆਂ ਦੇ ਨੌਜਵਾਨ ਆਏ ਹੋਏ ਹਨ। ਇਸ ਸਮੱਸਿਆ ਦੇ ਲਈ ਸਭ ਤੋਂ ਪਹਿਲਾਂ ਨਸ਼ਿਆਂ ਦੀ ਬਹੁਪਰਤੀ ਸਮੱਸਿਆ ਦੇ ਕਾਰਨਾਂ ਨੂੰ ਜਾਨਣਾ ਬਹੁਤ ਜ਼ਰੂਰੀ ਹੈ। ਨਸ਼ਿਆਂ ਦੀ ਸਮੱਸਿਆ ਦੇ ਸਮਾਜਿਕ, ਮਨੋਵਿਗਿਆਨਕ, ਸੱਭਿਆਚਾਰਕ ਅਤੇ ਆਰਥਿਕ ਪਹਿਲੂ ਹਨ। ਪੰਜਾਬ ਸਮੇਤ ਭਾਰਤ ਤੋਂ ਅੱਗੇ ਸੰਸਾਰ ਪੱਧਰ 'ਤੇ ਬੇਰੁਜ਼ਗਾਰੀ ਦਾ ਸੰਕਟ ਸਭ ਤੋਂ ਵੱਧ ਗੰਭੀਰ ਹੈ, ਜੋ ਪਿਛਲੇ ਪੰਜ ਦਹਾਕਿਆਂ ਤੋਂ ਸਭ ਤੋਂ ਵੱਧ ਹੈ। ਪੰਜਾਬ ਵਿੱਚ 2.62 ਲੱਖ ਨਸ਼ਿਆਂ ਦੇ ਆਦੀ ਲੋਕ ਸਰਕਾਰੀ ਹਸਪਤਾਲਾਂ ਅਤੇ 6.12 ਲੱਖ ਲੋਕ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਕਰਵਾ ਰਹੇ ਹਨ। ਸਮਾਜ ਕਲਿਆਣ, ਸਮਾਜਿਕ ਸਸ਼ਕਤੀਕਰਨ ਅਤੇ ਜਲਵਾਯੂ ਬਾਰੇ ਕਮੇਟੀ ਦੀ ਰਿਪੋਰਟ ਹੈ ਕਿ ਪੰਜਾਬ ਵਿੱਚ ਓਪੀਔਇਡ (ਅਫੀਮ, ਮਾਰਫੀਨ ਤੇ ਹੈਰੋਇਨ) ਨਸ਼ੇ ਕਰਨ ਵਾਲਿਆਂ ਦੀ ਗਿਣਤੀ 21.36 ਲੱਖ ਹੈ। 45 ਲੱਖ ਤੋਂ ਜ਼ਿਆਦਾ ਲੋਕ ਹੋਰ ਨਸ਼ਿਆਂ ਦੇ ਆਦੀ ਹਨ। ਸਭ ਤੋਂ ਭਿਆਨਕ ਨਸ਼ਾ ਚਿੱਟਾ/ਸਮੈਕ ਹੈ। ਇਸ ਵਿੱਚ ਸਭ ਤੋਂ ਵੱਧ ਹੈਰੋਇਨ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਆਦੀ ਹੋ ਗਏ ਵਿਅਕਤੀ ਨੂੰ ਇਹ ਨਸ਼ਾ ਛੱਡਣਾ ਮੁਸ਼ਕਿਲ ਹੋ ਜਾਂਦਾ ਹੈ। ਇਸ ਦਾ ਆਦੀ ਹੋਇਆ ਵਿਅਕਤੀ ਓਵਰਡੋਜ਼ ਜਾਂ ਨਾੜਾਂ ਵਿੱਚ ਟੀਕੇ ਲਾਉਣ ਨਾਲ ਹੈਪੇਟਾਇਟਸ, ਏਡਜ਼ ਦਾ ਸ਼ਿਕਾਰ ਹੋਣ ਨਾਲ ਮੌਤ ਦਾ ਸ਼ਿਕਾਰ ਹੋ ਜਾਂਦਾ ਹੈ। ਪੰਜਾਬ ਵਿੱਚ ਖ਼ਤਰਨਾਕ ਹਾਲਾਤ ਇਹ ਹੈ ਕਿ 10 ਤੋਂ 17 ਸਾਲ ਦੀ ਉਮਰ ਦੇ 3.43 ਲੱਖ ਬੱਚੇ ਓਪੀਔਇਡ ਨਸ਼ੇ ਕਰਦੇ ਹਨ। 5 ਜੁਲਾਈ 22 ਤੋਂ 7 ਜੁਲਾਈ 23 ਤੱਕ ਐੱਨ ਡੀ ਪੀ ਐੱਸ ਦੇ ਤਹਿਤ 12,118 ਕੇਸ ਦਰਜ ਕੀਤੇ ਗਏ, ਮਤਲਬ 33 ਕੇਸ ਰੋਜ਼ਾਨਾ ਦਰਜ ਕੀਤੇ ਜਾ ਰਹੇ ਹਨ, ਪਰ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਦੀ ਗਿਣਤੀ ਵਿੱਚ ਕੋਈ ਕਮੀ ਨਹੀਂ ਆ ਰਹੀ। ਪਰਚੇ ਕਰਨ ਦਾ ਅਜਿਹਾ ਹੀ ਕੰਮ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰ ਵੀ ਕਰਦੀ ਹੈ।

ਪਿਛਲੇ ਸਮੇਂ ਵਿੱਚ ਨਸ਼ਿਆਂ ਦੀ ਰੋਕਥਾਮ ਲਈ ਪੰਜਾਬ-ਹਰਿਆਣਾ ਹਾਈ ਕੋਰਟ ਵੱਲੋਂ ਉੱਚ ਪੁਲਸ ਅਧਿਕਾਰੀਆਂ ਦੀ ਅਗਵਾਈ ਵਿੱਚ ਨਸ਼ਿਆਂ ਨੂੰ ਰੋਕਣ ਲਈ ਕਮੇਟੀਆਂ ਬਣਾਈਆਂ ਗਈਆਂ, ਪਰ ਉਹ ਕਮੇਟੀਆਂ ਅਨੁਸਾਰ ਨਸ਼ੇ ਦੇ ਸੌਦਾਗਰਾਂ ਨੂੰ ਨੱਥ ਤਾਂ ਕੀ ਪੈਣੀ ਸੀ, ਰਿਪੋਰਟਾਂ ਵੀ ਜਨਤਕ ਨਹੀਂ ਕੀਤੀਆਂ ਗਈਆਂ। 20 ਅਪ੍ਰੈਲ 2022 ਨੂੰ ਅਡਾਨੀ ਦੀ ਮਾਲਕੀ ਵਾਲਾ ਕਾਂਡਲਾ ਬੰਦਰਗਾਹ ਤੋਂ 1500 ਕਰੋੜ ਰੁਪਏ ਦੇ ਮੁੱਲ ਦੀ 260 ਕਿਲੋਗ੍ਰਾਮ ਫੜੀ ਗਈ ਹੈਰੋਇਨ ਸਾਡੇ ਸਭ ਦੇ ਸਾਹਮਣੇ ਹੈ। ਅਜਿਹੇ ਵੱਡੇ ਵਪਾਰਕ ਘਰਾਣੇ ਨਸ਼ਿਆਂ ਦੇ ਇਸ ਕਾਰੋਬਾਰ ਵਿੱਚ ਲਿਪਤ ਹਨ।

ਨਸ਼ੇ ਦੇ ਆਦੀ ਹੋਇਆ ਵਿਅਕਤੀ ਰੋਜ਼ਾਨਾ 200 ਰੁ. ਤੱਕ ਦਾ ਨਸ਼ਾ ਕਰਦਾ ਹੈ, ਪੰਜਾਬ ਵਿੱਚ ਰੋਜ਼ਾਨਾ 17 ਕਰੋੜ ਰੁ. ਨਸ਼ਿਆਂ ਦੀ ਲਾਗਤ ਹੈ। ਸਾਲ ਭਰ ਵਿੱਚ 6205 ਕਰੋੜ ਰੁਪਏ ਦਾ ਚਿੱਟਾ ਪੰਜਾਬ ਅੰਦਰ ਵਿਕਦਾ ਹੈ। ਸਾਨੂੰ ਇਹ ਸਮੱਸਿਆ ਦਿਸਦੀ ਹੈ, ਮਹਿਸੂਸ ਹੁੰਦੀ ਹੈ, ਪਰ ਉਸ ਦੀ ਤਹਿ ਤੱਕ ਜਾਣ ਲਈ ਕੋਈ ਤਿਆਰ ਨਹੀਂ। ਅਸਲ ਵਿੱਚ ਤਹਿ 'ਤੇ ਪਹੁੰਚ ਕੇ ਸਮੱਸਿਆ ਦੇ ਸਹੀ ਕਾਰਨਾਂ ਦੀ ਨਿਸ਼ਾਨਦੇਹੀ ਕਰਕੇ ਹੀ ਇਲਾਜ ਲਈ ਸਹੀ ਦਿਸ਼ਾ ਮਿਲਦੀ ਹੈ। ਅਸੀਂ ਜਾਣਦੇ ਹਾਂ ਕਿ ਇਸ ਉਮਰ ਦੇ ਕਈ ਗੁਣ-ਔਗੁਣ, ਖਾਸੀਅਤਾਂ ਹਨ, ਜਿਸ ਵਿੱਚ ਨਸ਼ੇ, ਬੇਚੈਨੀ, ਬੇਰੁਜ਼ਗਾਰੀ, ਗੁੱਸਾ, ਹੁੱਲੜਬਾਜ਼ੀ, ਅਨੁਸ਼ਾਸਨਹੀਣਤਾ ਅਤੇ ਹੋਰ ਕਈ ਕੁਝ ਸ਼ਾਮਲ ਹੈ, ਪਰ ਇਸ ਦੀ ਇੱਕ ਤਸਵੀਰ ਹੋਰ ਵੀ ਹੈ, ਜੋ ਸਾਡੇ ਲਈ ਜਾਨਣੀ ਜ਼ਰੂਰੀ ਹੈ।

ਨੌਜਵਾਨਾਂ ਦੀਆਂ ਖੁਦਕੁਸ਼ੀਆਂ ਦਾ ਸਿੱਧਾ ਸੰਬੰਧ ਬਾਰ੍ਹਵੀਂ ਜਮਾਤ ਤੋਂ ਬਾਅਦ ਕਿਸੇ ਚੰਗੇ ਕੋਰਸ ਵਿੱਚ ਦਾਖਲਾ ਨਾ ਮਿਲਣ ਕਾਰਨ ਪੈਦਾ ਹੋਈ ਨਿਰਾਸ਼ਾ ਕਰਕੇ ਹੈ। ਅਗਲਾ ਵੱਡਾ ਕਾਰਨ ਪੜ੍ਹ-ਲਿਖ ਜਾਣ ਤੋਂ ਬਾਅਦ ਵੀ ਰੁਜ਼ਗਾਰ ਦਾ ਨਾਂ ਮਿਲਣਾ ਹੈ। ਸਰਕਾਰਾਂ ਵੱਲੋਂ ਇਨ੍ਹਾਂ ਨੌਜਵਾਨਾਂ ਨੂੰ ਲੈ ਕੇ ਕੋਈ ਚਿੰਤਾ ਨਹੀਂ ਕੀਤੀ ਜਾ ਰਹੀ। ਇਸ ਉਮਰ ਵਿੱਚ ਨਸ਼ਿਆਂ ਦੀ ਸਥਿਤੀ ਬਾਰੇ ਵੀ ਸਭ ਨੂੰ ਪਤਾ ਹੈ, ਪਰ ਸੜਕ ਹਾਦਸਿਆਂ ਵਿੱਚ ਮਰਨ ਅਤੇ ਅਪਾਹਜ ਹੋਣ ਵਾਲਿਆਂ ਵਿੱਚ ਵੀ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ।

ਦੇਸ਼ ਕੋਲ ਨੌਜਵਾਨਾਂ ਦੀ ਊਰਜਾ ਪਛਾਣਨ ਅਤੇ ਉਸ ਦਾ ਸਹੀ ਉਪਯੋਗ ਕਰਨ ਦੀ ਦ੍ਰਿਸ਼ਟੀ ਨਹੀਂ ਹੈ। ਇਸ ਕਾਰਨ ਦੇਸ਼ ਦੇ ਹਾਲਾਤ ਇੱਕ ਵਧੀਆ ਸ਼ਖਸੀਅਤ ਵਾਲੇ ਨੌਜਵਾਨ ਨੂੰ ਭੀੜ ਵਿੱਚ ਬਦਲ ਦਿੰਦੇ ਹਨ। ਇਸ ਉਮਰ ਬਾਰੇ ਇੱਕ ਸਮਝ ਬਣਾਈ ਤੇ ਪ੍ਰਚਾਰੀ ਗਈ ਹੈ ਕਿ ਇਸ ਉਮਰ ਵਿੱਚ ਜੋਸ਼ ਹੁੰਦਾ ਹੈ, ਹੋਸ਼ ਨਹੀਂ। ਮੰਨ ਲਿਆ ਕਿ ਉਨ੍ਹਾਂ ਨੂੰ ਕੋਈ ਹੋਸ਼ ਨਹੀਂ ਹੁੰਦੀ, ਫਿਰ ਇਨ੍ਹਾਂ ਵਿੱਚੋਂ ਕਈ ਆਪਣੇ ਕਾਰਜਾਂ/ਕੋਰਸਾਂ ਵਿੱਚ ਅਗਲੀਆਂ ਥਾਵਾਂ 'ਤੇ ਕਿਵੇਂ ਪਹੁੰਚਦੇ ਹਨ? ਦਰਅਸਲ, ਉਨ੍ਹਾਂ ਦੇ ਜੋਸ਼ ਨੂੰ ਹੁੱਲੜਬਾਜ਼ੀ ਤੇ ਹਿੰਸਾ ਵਿੱਚ ਬਦਲਣਾ ਸਰਕਾਰਾਂ ਦੀ ਲੋੜ ਹੁੰਦੀ ਹੈ। ਨੌਜਵਾਨਾਂ ਦੇ ਜੋਸ਼ ਜਾਂ ਗੁੱਸੇ ਦਾ ਵੱਡਾ ਕਾਰਨ ਇਨ੍ਹਾਂ ਦੀ ਮਨੋਸਥਿਤੀ ਨੂੰ ਸਮਝਣ ਲਈ ਸੰਵਾਦ ਦੀ ਘਾਟ ਹੈ। ਉਨ੍ਹਾਂ ਦੀ ਗੱਲ ਸੁਣੀ ਨਹੀਂ ਜਾ ਰਹੀ। ਇਸ ਉਮਰ ਦੀ ਖਾਸੀਅਤ ਨਵੀਂ ਸੋਚ ਅਤੇ ਨਵੇਂ ਤਜਰਬੇ ਅਜਿਹੇ ਹੁੰਦੇ ਹਨ, ਜੋ ਪੁਰਾਣੀ ਚਲਦੀ ਆ ਰਹੀ ਵਿਵਸਥਾ ਵਿੱਚ ਬਦਲਾਅ ਕਰਨ ਦੇ ਹੁੰਦੇ ਹਨ। ਦੂਜੇ ਪਾਸੇ ਸਮਾਜ ਦੇ ਵੱਡੇ ਵਡੇਰੇ, ਮਾਪੇ, ਰਾਜਨੇਤਾ ਜਾਂ ਅਧਿਆਪਕਾਂ ਨੂੰ ਨੌਜਵਾਨਾਂ ਦਾ ਕਿਸੇ ਵੀ ਤਰ੍ਹਾਂ ਦਾ ਕਿੰਤੂ-ਪਰੰਤੂ ਬਰਦਾਸ਼ਤ ਨਹੀਂ ਹੁੰਦਾ, ਉਹ ਵਿਵਸਥਾ ਨੂੰ ਹੂਬਹੂ ਰੱਖਣ ਦੇ ਚਾਹਵਾਨ ਹੁੰਦੇ ਹਨ।

ਦੇਸ਼ ਦੀ ਆਬਾਦੀ ਦਾ ਇੱਕ ਵੱਡਾ ਹਿੱਸਾ ਜੋ 15 ਤੋਂ 35 ਸਾਲ ਤੱਕ ਦਾ ਹੈ, ਉਹ ਦੇਸ਼/ਪਰਵਾਰ ਦੀ ਸਭ ਤੋਂ ਖਾਸ ਪੂੰਜੀ ਹੁੰਦੀ ਹੈ, ਜੋ ਆਰਥਿਕ ਵਿਕਾਸ ਵਿੱਚ ਵੱਡਾ ਯੋਗਦਾਨ ਪਾਉਣ ਵਾਲੀ ਹੁੰਦੀ ਹੈ। ਸਾਡੇ ਮੁਲਕ ਦੇ ਹਾਕਮਾਂ ਕੋਲ ਉਸ ਬਾਰੇ ਕੋਈ ਯੋਜਨਾ ਨਹੀਂ ਹੈ ਕਿ ਇਨ੍ਹਾਂ ਦੀ ਤਾਕਤ ਦੀ ਸੁਯੋਗ ਵਰਤੋਂ ਕਿਵੇਂ ਕੀਤੀ ਜਾਵੇ? ਸਾਲ 2014 ਵਿੱਚ ਯੁਵਾ ਨੀਤੀ ਬਣਾਈ ਗਈ ਸੀ। ਇਸ ਯੁਵਾ ਨੀਤੀ ਵਿੱਚ ਨਵੀਂ ਸਦੀ ਦੀਆਂ ਨਿਵੇਕਲੀਆਂ ਆਸਾਂ, ਇੱਛਾਵਾਂ ਅਤੇ ਨੌਜਵਾਨਾਂ ਦੇ ਸੁਪਨਿਆਂ ਬਾਰੇ ਕੋਈ ਗੱਲ ਨਹੀਂ ਹੈ। ਇਸ ਉਮਰ ਦੀ ਕੀ ਮਨੋਵਿਗਿਆਨਕ ਲੋੜ ਹੈ? ਇਸ ਦੀ ਪਛਾਣ, ਪ੍ਰਵਾਨਗੀ, ਪਿਆਰ ਅਤੇ ਪਰਵਾਹ ਕਰਨੀ ਜ਼ਰੂਰੀ ਹੈ। ਇਨ੍ਹਾਂ ਪੱਖਾਂ ਨੂੰ ਅੱਖਾਂ ਤੋਂ ਓਹਲੇ ਕਰਕੇ ਅਸੀਂ ਕੁਝ ਵੀ ਹਾਸਲ ਨਹੀਂ ਕਰ ਸਕਦੇ। ਸਮਾਜ ਵਿੱਚ ਮੌਜੂਦ ਆਰਥਿਕ ਪਾੜਾ ਨੌਜਵਾਨਾਂ ਅੰਦਰ ਉਨ੍ਹਾਂ ਅੰਦਰ ਬੇਗ਼ਾਨਗੀ ਪੈਦਾ ਕਰਦਾ ਹੈ, ਪਰ ਠੋਸ ਬਦਲ ਦੀ ਘਾਟ ਕਾਰਨ ਉਹ ਇਸ ਪਾੜੇ ਨੂੰ ਖ਼ਤਮ ਕਰਨ ਲਈ ਸਹੀ ਰਸਤਾ ਨਹੀਂ ਅਖਤਿਆਰ ਕਰ ਪਾਉਂਦੇ। ਅਖੀਰ ਨਿਰਾਸ਼ਾ ਦੇ ਦੌਰ 'ਚ ਜਾ ਕੇ ਨਸ਼ਿਆਂ ਵਰਗੀ ਅਲਾਮਤ ਦਾ ਸ਼ਿਕਾਰ ਹੋ ਜਾਂਦੇ ਹਨ। ਸੱਭਿਆਚਾਰਕ ਪੱਖ ਨੌਜਵਾਨਾਂ ਦੀ ਮਨੋਦਿਸ਼ਾ ਉੱਪਰ ਵਧੇਰੇ ਅਸਰਅੰਦਾਜ਼ ਹੁੰਦਾ ਹੈ। ਮਾਰਧਾੜ ਵਾਲੀਆਂ ਫਿਲਮਾਂ, ਗੀਤ, ਵੀਡੀਓਜ਼, ਨੰਗੇਜ਼ਵਾਦ, ਨਸ਼ਿਆਂ ਦਾ ਸੇਵਨ ਨੌਜਵਾਨਾਂ ਨੂੰ ਤਲਖ਼ ਹਕੀਕਤ ਹਾਲਤਾਂ ਨੂੰ ਸਮਝਣ ਦੀ ਥਾਂ ਫੋਕੀ ਸ਼ੋਹਰਤ ਜਾਂ ਫੁਕਰਪੰਥੀ ਦਾ ਸ਼ਿਕਾਰ ਬਣਾ ਦਿੰਦਾ ਹੈ। ਸਮਾਜਿਕ ਆਲਾ-ਦੁਆਲਾ ਸਮੇਂ ਦੇ ਹਾਣ ਦਾ ਅਤੇ ਵਿਗਿਆਨਕ ਸੋਚ ਦਾ ਨਾ ਹੋਣ ਕਰਕੇ ਜੇਕਰ ਨਸ਼ੇ ਦੀ ਗ੍ਰਿਫ਼ਤ ਵਿੱਚ ਆਇਆ ਨੌਜਵਾਨ ਇਸ ਬੁਰਿਆਈ ਤੋਂ ਖਹਿੜਾ ਛੁਡਾਉਣਾ ਵੀ ਚਾਹੇ ਤਾਂ ਮੁੜ ਉਸੇ ਗ੍ਰਿਫ਼ਤ ਵਿੱਚ ਆ ਜਾਂਦਾ ਹੈ। ਸਮਾਜ ਵਿੱਚ ਕੀਤੇ ਜਾ ਰਹੇ ਕੰਮ ਨੂੰ ਉਲੀਕਣ ਤੋਂ ਲੈ ਕੇ ਸਿਰੇ ਚੜ੍ਹਾਉਣ ਤੱਕ ਹਰ ਪੱਧਰ 'ਤੇ ਨੌਜਵਾਨਾਂ ਨੂੰ ਭਾਗੀਦਾਰ ਬਣਾਉਣ ਦੀ ਲੋੜ ਹੈ। ਜੇਕਰ ਉਨ੍ਹਾਂ ਨੂੰ ਹਾਰ ਤੇ ਜਿੱਤ, ਸਫਲਤਾ ਤੇ ਅਸਫਲਤਾ ਦਾ ਹਿੱਸਾ ਬਣਾ ਕੇ ਤੁਰਿਆ ਜਾਵੇਗਾ ਤਾਂ ਅਸੀਂ ਚੰਗੇ ਭਵਿੱਖ ਦੀ ਕਲਪਨਾ ਸਹਿਜੇ ਹੀ ਕਰ ਸਕਦੇ ਹਾਂ।

# ਸੰਪਰਕ : 84275-11770

# ਸਕੂਲਾਂ ਦੇ ਸਰਕਾਰੀਕਰਨ ਦਿਵਸ ਮੌਕੇ ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ ਕਨਵੈਨਸ਼ਨ

## ਲੋਕ ਵਿਰੋਧੀ ਨਵੀਂ ਸਿੱਖਿਆ ਨੀਤੀ ਤੁਰੰਤ ਰੱਦ ਕਰਨ ਦੀ ਮੰਗ



**ਲੁਧਿਆਣਾ (ਐੱਮ ਐੱਸ ਭਾਟੀਆ)**
ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਵੱਲੋਂ 1 ਅਕਤੂਬਰ 1957 ਨੂੰ ਜ਼ਿਲ੍ਹਾ ਬੋਰਡ ਸਕੂਲਾਂ ਦੇ ਸਰਕਾਰੀਕਰਨ ਦੇ 66ਵੇਂ ਸਥਾਪਨਾ ਦਿਵਸ ਨੂੰ ਸਮਰਪਤ ਜ਼ੋਨਲ ਪੱਧਰੀ ਕਨਵੈਨਸ਼ਨ ਸਥਾਨਕ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਜਨਰਲ ਸਕੱਤਰ ਪਰਵੀਨ ਕੁਮਾਰ ਲੁਧਿਆਣਾ, ਨਵੀਨ ਸਚਦੇਵਾ ਜ਼ੀਰਾ, ਸੂਬਾ ਸਲਾਹਕਾਰ ਪ੍ਰੇਮ ਚਾਵਲਾ, ਪਰਮਿੰਦਰਪਾਲ ਸਿੰਘ ਕਾਲੀਆ, ਸੰਜੀਵ ਸ਼ਰਮਾ, ਜਗਮੇਲ ਸਿੰਘ ਪੱਖੋਵਾਲ, ਗੁਰਮੇਲ ਸਿੰਘ ਮੈਲਡੇ (ਪ੍ਰਧਾਨ ਪੈਨਸ਼ਨਰ ਯੂਨੀਅਨ ਪੰਜਾਬ), ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ ਨੇ ਦੱਸਿਆ ਕਿ ਅਧਿਆਪਕ ਤੇ ਮੁਲਾਜ਼ਮ ਆਗੂ ਸਵ. ਮਹਿੰਦਰ ਸਿੰਘ ਤੂਰ ਦੀ ਅਗਵਾਈ ਹੇਠ ਲੰਬੇ ਸੰਘਰਸ਼ ਤੋਂ ਬਾਅਦ 1 ਅਕਤੂਬਰ 1957 ਨੂੰ ਜ਼ਿਲ੍ਹਾ ਬੋਰਡ ਸਕੂਲਾਂ ਤੋਂ ਸਰਕਾਰੀ ਸਕੂਲਾਂ ਦਾ ਸਰਕਾਰੀਕਰਨ ਹੋਇਆ ਸੀ, ਜਿਸ ਦੀ ਬਦੌਲਤ ਪੰਜਾਬ ਦੇ ਬੱਚਿਆਂ ਲਈ ਸਰਕਾਰੀ ਪ੍ਰਬੰਧ ਹੇਠ ਗੁਣਾਤਮਕ ਮਿਆਰੀ ਸਿੱਖਿਆ ਦੇਣ ਦਾ ਪ੍ਰਬੰਧ ਹੋਇਆ ਸੀ। ਇਸ ਮੌਕੇ ਮਨੀਸ਼ ਸ਼ਰਮਾ, ਬਲਵੀਰ ਸਿੰਘ ਲਿੱਤਰਾਂ, ਜਸਪਾਲ ਸੰਧੂ, ਬਿਕਰਮਜੀਤ ਸਿੰਘ ਥਰੀਕੇ, ਨਰਿੰਦਰਪਾਲ ਸਿੰਘ ਬੁਰਜ ਲਿੱਟਾਂ, ਜਗਜੀਤ ਸਿੰਘ, ਤਰਲੋਚਨ ਸਿੰਘ, ਸੰਦੀਪ ਸਿੰਘ ਆਦਿ ਆਗੂਆਂ ਨੇ ਦੱਸਿਆ ਕਿ ਭਾਰਤ ਵਿੱਚ 1990-91 ਤੋਂ ਆਈਆਂ ਨਵਉਦਾਰਵਾਦੀ ਆਰਥਿਕ ਨੀਤੀਆਂ ਨੇ ਸਥਾਪਤ ਸਕੂਲ ਪ੍ਰਣਾਲੀ ਨੂੰ ਭਾਰੀ ਸੱਟ ਮਾਰੀ ਹੈ ਅਤੇ ਪੰਜਾਬ ਵਿੱਚ ਅਕਾਲੀ-ਭਾਜਪਾ ਤੇ ਕਾਂਗਰਸ ਸਰਕਾਰ ਵੱਲੋਂ ਵੱਖ-ਵੱਖ ਤਰ੍ਹਾਂ ਦੇ ਆਦਰਸ਼ ਮਾਡਲ ਮੈਰੀਟੋਰੀਅਸ ਸਕੂਲ ਖੋਲ੍ਹੇ ਹਨ, ਜਿਸ ਨਾਲ ਸਥਾਪਤ ਸਕੂਲ ਪ੍ਰਣਾਲੀ ਨੂੰ ਕਮਜ਼ੋਰ ਕੀਤਾ ਗਿਆ ਹੈ। ਹੁਣ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਵੀ ਕੁੱਝ ਕੁ 'ਸਕੂਲ ਆਫ ਐਮੀਨੈਂਸ' ਖੋਲ੍ਹ ਕੇ ਪੰਜਾਬ ਦੀ ਸਾਂਝੀ ਸਿੱਖਿਆ ਪ੍ਰਣਾਲੀ ਨੂੰ ਖਤਮ ਕਰਨ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ।

ਜਥੇਬੰਦੀ ਮੰਗ ਕਰਦੀ ਹੈ ਕਿ ਪੰਜਾਬ ਦੇ ਵੱਖ-ਵੱਖ ਸਕੀਮਾਂ ਤੇ ਵੰਨਗੀਆਂ ਦੇ ਸਕੂਲਾਂ ਨੂੰ ਸਥਾਪਤ ਸਕੂਲ ਪ੍ਰਣਾਲੀ ਵਿੱਚ ਸ਼ਾਮਲ ਕਰਕੇ ਪੰਜਾਬ ਦੇ ਸਾਰੇ ਹੀ ਸਕੂਲਾਂ ਨੂੰ ਸਕੂਲ ਆਫ ਐਮੀਨੈਂਸ ਵਰਗੀਆਂ ਸਹੂਲਤਾਂ ਦਿੱਤੀਆਂ ਜਾਣ। ਇਸ ਤੋਂ ਇਲਾਵਾ ਆਰਥਿਕ ਖੁੱਲ੍ਹੀ ਮੰਡੀ ਦੀਆਂ ਮਾਰੂ ਨੀਤੀਆਂ ਨੇ ਅਧਿਆਪਨ ਕਿੱਤੇ, ਅਧਿਆਪਕ ਦੇ ਰੁਤਬੇ ਤੇ ਅਧਿਆਪਕਾਂ ਦੀਆਂ ਸੇਵਾ ਹਾਲਤਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਉਦਾਰਵਾਦੀ ਨੀਤੀਆਂ ਕਾਰਨ ਹੀ ਸਿੱਖਿਆ ਦੀ ਨਿੱਜੀਕਰਨ ਤੇ ਵਪਾਰੀਕਰਨ ਨੂੰ ਉਤਸ਼ਾਹ ਦਿੱਤਾ ਜਾ ਰਿਹਾ ਹੈ। ਅਧਿਆਪਕਾਂ ਦੀਆਂ ਨਿਯੁਕਤੀਆਂ ਠੇਕੇ 'ਤੇ ਹੋਣ ਲੱਗੀਆਂ ਹਨ ਤੇ ਪਿਛਲੇ ਕਈ ਸਾਲਾਂ ਤੋਂ ਠੇਕੇ 'ਤੇ ਕੰਮ ਕਰਦੇ ਹਨ। ਇਸ ਤੋਂ ਇਲਾਵਾ ਸਿੱਖਿਆ ਪ੍ਰੋਵਾਈਡਰ, ਸਿੱਖਿਆ ਵਲੰਟੀਅਰ ਵਰਗੇ ਨਵੇਂ-ਨਵੇਂ ਨਾਂ ਦੇ ਕੇ ਅਧਿਆਪਕ ਦੇ ਸਨਮਾਨ 'ਤੇ ਸੱਟ ਮਾਰੀ ਗਈ ਹੈ ਤੇ ਹੁਣ ਪੱਕੇ ਕਰਨ ਦੇ ਨਾਂ ਉੱਤੇ ਅਸੋਸੀਏਟ ਅਧਿਆਪਕ ਬਣਾਏ ਗਏ ਹਨ। ਇਸ ਸਮੇਂ ਜਥੇਬੰਦੀ ਦੇ ਆਗੂਆਂ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪਿਕਟਸ ਅਧੀਨ ਸੇਵਾਵਾਂ ਨਿਭਾ ਰਹੇ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ਼ ਕੀਤਾ ਜਾਵੇ, ਨਵੀਂ ਸਿੱਖਿਆ ਨੀਤੀ 2020 ਰੱਦ ਕਰਕੇ 1968 ਦੀ ਸਿੱਖਿਆ ਨੀਤੀ 'ਤੇ ਹੋਰ ਸਾਰਥਿਕ ਵਾਧੇ ਕਰਕੇ ਅਜਿਹੀ ਨੀਤੀ ਬਣਾਈ ਜਾਵੇ, ਜਿਸ ਨਾਲ ਹਰ ਪੱਧਰ 'ਤੇ ਸਿੱਖਿਆ ਦਾ ਨਿੱਜੀਕਰਨ ਤੇ ਵਪਾਰੀਕਰਨ ਖਤਮ ਹੋ ਸਕੇ। ਇਸ ਤੋਂ ਇਲਾਵਾ ਸਿੱਖਿਆ ਨੀਤੀ ਬਣਾਉਂਦੇ ਸਮੇਂ ਅਧਿਆਪਕਾਂ ਤੇ ਅਧਿਆਪਕ ਜਥੇਬੰਦੀਆਂ ਨਾਲ ਵਿਚਾਰ ਵਟਾਂਦਰਾ ਕੀਤਾ ਜਾਵੇ। ਇਸ ਤੋਂ ਇਲਾਵਾ ਹਰ ਪ੍ਰਾਇਮਰੀ ਸਕੂਲ ਵਿੱਚ ਜਮਾਤ ਅਨੁਸਾਰ ਪੰਜ ਰੈਗੂਲਰ ਅਧਿਆਪਕ ਦਿੱਤੇ ਜਾਣ, ਸੈਕੰਡਰੀ ਪੱਧਰ 'ਤੇ ਵਿਸ਼ੇ ਅਨੁਸਾਰ ਅਧਿਆਪਕਾਂ ਦੀਆਂ ਅਸਾਮੀਆਂ ਦਿੱਤੀਆਂ ਜਾਣ ਤੇ ਰੈਗੂਲਰ ਭਰਤੀ ਰਾਹੀਂ ਭਰੀਆਂ ਜਾਣ, ਬੱਚਿਆਂ ਨੂੰ ਗੁਣਾਤਮਕ ਸਿੱਖਿਆ ਪ੍ਰਦਾਨ ਕਰਨ ਲਈ ਅਧਿਆਪਕਾਂ ਤੋਂ ਲਏ ਜਾਂਦੇ ਸਾਰੇ ਗੈਰ-ਵਿਦਿਅਕ ਕੰਮ ਤੇ ਬੀ ਐੱਲ ਓਜ਼ ਡਿਊਟੀਆਂ ਕੱਟੀਆਂ ਜਾਣ, ਜਨਵਰੀ 2004 ਤੋਂ ਬਾਅਦ ਨਿਯੁਕਤ ਸਮੂਹ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ, ਪ੍ਰਾਇਮਰੀ ਤੇ ਸੈਕੰਡਰੀ ਵਿਭਾਗ ਅਧੀਨ ਅਧਿਆਪਕਾਂ ਦੇ ਵੱਖ ਵੱਖ ਵਰਗਾਂ ਦੀਆਂ ਬਦਲੀਆਂ ਤਰੱਕੀਆਂ ਦੇ ਹੁਕਮ ਤੁਰੰਤ ਜਾਰੀ ਕੀਤੇ ਜਾਣ। ਇਸ ਮੌਕੇ ਫੈਸਲਾ ਕੀਤਾ ਗਿਆ ਕਿ 14 ਅਕਤੂਬਰ ਨੂੰ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੀ ਚੰਡੀਗੜ੍ਹ ਸੂਬਾਈ ਰੈਲੀ ਵਿੱਚ ਜਥੇਬੰਦੀ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਇਸ ਤੋਂ ਇਲਾਵਾ 21 ਤੇ 22 ਅਕਤੂਬਰ ਨੂੰ ਮੋਗਾ ਵਿਖੇ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਇਜ਼ ਕਨਫੈਡਰੇਸ਼ਨ ਦੀ ਕੌਮੀ ਕਾਨਫਰੰਸ ਵਿੱਚ ਅਧਿਆਪਕਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਇਸ ਸਮੇਂ ਜਗਦੀਸ਼ ਰਾਏ, ਸਨਦੀਪ ਸਿੰਘ ਮਲੇਰਕੋਟਲਾ, ਚਰਨ ਸਿੰਘ ਤਾਜਪੁਰੀ, ਜੋਰਾ ਸਿੰਘ ਬੱਸੀਆਂ, ਸੰਜੀਵ ਯਾਦਵ, ਪਰਮਜੀਤ ਸਿੰਘ, ਵਿਨੋਦ ਕੁਮਾਰ (ਦਰਜਾ ਚਾਰ ਪ੍ਰਧਾਨ), ਸਮਸ਼ੇਰ ਸਿੰਘ, ਗਿਆਨ ਸਿੰਘ ਦੋਰਾਹਾ, ਕੁਲਦੀਪ ਸਿੰਘ ਬਲਾਕ ਪੱਖੋਵਾਲ, ਜੁਗਲ ਸ਼ਰਮਾ, ਦਰਸ਼ਨ ਸਿੰਘ ਮੋਹੀ, ਬਿੰਦਰ ਕੁਮਾਰ, ਅਸ਼ੋਕ ਕੁਮਾਰ ਗੋਇਲ, ਸ਼ਿੰਗਾਰਾ ਸਿੰਘ, ਤਿਰਲੋਚਨ ਸਿੰਘ, ਸੁਖਪਾਲ ਸਿੰਘ, ਗਗਨਦੀਪ ਸਿੰਘ, ਜਗਜੀਤ ਸਿੰਘ, ਜਸਵੰਤ ਸਿੰਘ, ਕ੍ਰਿਸ਼ਨ ਲਾਲ, ਸ਼ਿਵ ਪ੍ਰਭਾਕਰ ਸਮੇਤ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।

# ਸੜਕ ਹਾਦਸੇ 'ਚ ਇੱਕ ਦੀ ਮੌਤ, ਤਿੰਨ ਜ਼ਖ਼ਮੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਵਿਆਹ ਦੀ ਪਹਿਲੀ ਵਰ੍ਹੇਗੰਢ ਮਨਾ ਕੇ ਕਾਰ 'ਚ ਘਰ ਪਰਤ ਰਹੇ ਪਤੀ-ਪਤਨੀ ਤੇ ਦੋ ਰਿਸ਼ਤੇਦਾਰਾਂ ਦੇ ਖਮਾਣੋਂ-ਮੋਰਿੰਡਾ ਹਾਈਵੇ 'ਤੇ ਇੱਕ ਸੜਕ ਹਾਦਸੇ ਦੇ ਸ਼ਿਕਾਰ ਹੋ ਜਾਣ ਦਾ ਸਮਾਚਾਰ ਹੈ। ਸੈਕਟਰ 32 ਹਸਪਤਾਲ ਚੰਡੀਗੜ੍ਹ ਵਿਖੇ ਇਲਾਜ ਅਧੀਨ ਪ੍ਰਦੀਪ ਕੁਮਾਰ (30) ਵਾਸੀ ਪਿੰਡ ਘੁਲਾਲ (ਲੁਧਿਆਣਾ) ਨੇ ਫੋਨ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ 30 ਸਤੰਬਰ ਨੂੰ ਉਸ ਦੀ ਭੈਣ ਤੇ ਜੀਜੇ ਜਸਵੀਰ ਸਿੰਘ ਦੇ ਵਿਆਹ ਦੀ ਪਹਿਲੀ ਵਰ੍ਹੇਗੰਢ ਸੀ, ਜਿਸ ਨੂੰ ਮਨਾਉਣ ਲਈ ਉਸ ਦਾ ਜੀਜਾ ਜਸਵੀਰ ਸਿੰਘ, ਭੈਣ ਦੀਪਾ ਕੁਮਾਰੀ, ਉਹ ਖੁਦ, ਉਸ ਦੀ ਪਤਨੀ ਮਹਿਮਾ ਪਾਲ, ਉਸ ਦੀ ਭਤੀਜੀ ਅੰਜਲੀ ਪਾਲ ਅਤੇ ਉਸ ਦੀ ਬੇਟੀ ਲਕਸ਼ਦੀਪ ਪਾਲ ਜਸਵੀਰ ਸਿੰਘ ਦੀ ਕਾਰ ਨੰਬਰ 01-5720 'ਚ ਸਵਾਰ ਹੋ ਕੇ ਚੰਡੀਗੜ੍ਹ ਗਏ ਸਨ, ਜਿੱਥੋਂ ਵਾਪਸ ਮੁੜਦੇ ਸਮੇਂ ਉਹ ਖਮਾਣੋਂ-ਮੋਰਿੰਡਾ ਮਾਰਗ 'ਤੇ ਸਥਿਤ ਰਾਜਾ ਢਾਬੇ ਵਿਖੇ ਰੁਕ ਕੇ ਚਾਹ ਪੀਣ ਤੋਂ ਬਾਅਦ ਰਾਤ ਕਰੀਬ ਸਾਢੇ ਕੁ ਗਿਆਰਾਂ ਵਜੇ ਉਹ ਜਦੋਂ ਖਮਾਣੋਂ ਵੱਲ ਨੂੰ ਜਾ ਰਹੇ ਸੀ ਤਾਂ ਰਾਣਵਾਂ ਗੁਰਦੁਆਰਾ ਸਾਹਿਬ ਤੋਂ ਥੋੜ੍ਹਾ ਅੱਗੇ ਗਲਤ ਦਿਸ਼ਾ ਤੋਂ ਆ ਰਹੀ ਇੱਕ ਤੇਜ਼ ਰਫਤਾਰ ਗੱਡੀ ਨੰਬਰ 01-6518 ਦੇ ਚਾਲਕ ਨੇ ਉਨ੍ਹਾਂ ਦੀ ਗੱਡੀ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਸ ਦੇ ਜੀਜੇ ਜਸਵੀਰ ਸਿੰਘ (33) ਦੀ ਮੌਤ ਹੋ ਗਈ, ਉਸ ਦਾ (ਪ੍ਰਦੀਪ ਕੁਮਾਰ ਦਾ) ਚੂਲਾ ਟੁੱਟ ਗਿਆ, ਪਤਨੀ ਮਹਿਮਾ ਪਾਲ ਦਾ ਹੰਸ ਟੁੱਟ ਗਿਆ, ਭੈਣ ਦੀਪਾ ਕੁਮਾਰੀ ਦੀ ਦੋ ਥਾਵਾਂ ਤੋਂ ਲੱਤ ਟੁੱਟ ਗਈ, ਜਦੋਂਕਿ ਗੋਦੀ 'ਚ ਬੈਠੀਆਂ ਬੱਚੀਆਂ ਅੰਜਲੀ ਪਾਲ (8) ਤੇ ਲਕਸ਼ਦੀਪ ਪਾਲ (2) ਦੇ ਮਾਮੂਲੀ ਸੱਟਾਂ ਲੱਗੀਆਂ। ਥਾਣਾ ਖਮਾਣੋਂ ਦੀ ਪੁਲਸ ਵੱਲੋਂ ਕਾਰ ਚਾਲਕ ਜਗਤਾਰ ਸਿੰਘ ਵਾਸੀ ਪਿੰਡ ਸਹੌੜਾਂ (ਮੋਹਾਲੀ) ਵਿਰੁੱਧ ਅ/ਧ 279,337,304-ਏ,427 ਆਈ ਪੀ ਸੀ ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਗਾਂਧੀ ਜਯੰਤੀ ਮੌਕੇ ਲਾਇਨਜ਼ ਕਲੱਬ ਗੋਲਡ ਵੱਲੋਂ ਸਾਈਕਲ ਰੈਲੀ



**ਸਮਾਣਾ (ਇਕਬਾਲ ਸਿੰਘ ਬੱਲ)**-ਲਾਇਨਜ਼ ਕਲੱਬ ਸਮਾਣਾ ਗੋਲਡ ਵੱਲੋਂ ਪ੍ਰਧਾਨ ਲਾਇਨ ਵਿਕਾਸ ਸ਼ਰਮਾ ਤੇ ਲਾਇਨ ਜੇ ਪੀ ਗਰਗ ਦੀ ਅਗਵਾਈ ਹੇਠ ਅੱਜ ਗਾਂਧੀ ਜਯੰਤੀ ਮੌਕੇ 6ਵੀਂ ਸਾਲਾਨਾ ਸਾਈਕਲ ਰੈਲੀ ਕੱਢੀ ਗਈ। ਇਸ ਮੌਕੇ ਕੈਬਨਿਟ ਮੰਤਰੀ ਸ੍ਰ. ਚੇਤਨ ਸਿੰਘ ਜੌੜਾਮਾਜਰਾ, ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ ਤੇ ਨਵੀਂ ਅਗਰਵਾਲ ਗਊਸ਼ਾਲਾ ਪ੍ਰਧਾਨ ਅਮਿਤ ਸਿੰਗਲਾ ਸੀ ਏ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਇਸ ਸਾਈਕਲ ਰੈਲੀ ਵਿੱਚ ਹਿੱਸਾ ਲਿਆ। ਇਸ ਦੌਰਾਨ ਸ੍ਰ. ਜੌੜਾਮਾਜਰਾ ਨੇ ਕਿਹਾ ਕਿ ਇਸ ਸਾਈਕਲ ਰੈਲੀ ਵਿੱਚ ਨੌਜਵਾਨਾਂ ਤੇ ਬੱਚਿਆਂ ਦੇ ਉਤਸ਼ਾਹ ਨੂੰ ਦੇਖ ਬਹੁਤ ਖੁਸ਼ੀ ਹੋਈ ਹੈ ਅਤੇ ਅਜਿਹੇ ਮੌਕੇ 'ਤੇ ਹਰ ਵਰਗ ਦਾ ਇਕੱਠੇ ਹੋ ਕੇ ਤੁਰਨਾ ਸਾਡੀ ਆਪਸੀ ਇਕਜੁਟਤਾ ਦਾ ਸੁਨੇਹਾ ਦਿੰਦਾ ਹੈ। ਇਹ ਰੈਲੀ ਸਵੇਰੇ 6 ਵਜੇ ਤਹਿਸੀਲ ਕੰਪਲੈਕਸ ਵਾਲੇ ਪਾਰਕ ਤੋਂ ਸ਼ੁਰੂ ਹੋ ਕੇ ਤਹਿਸੀਲ ਰੋਡ, ਪੰਜਾਬ ਨੈਸ਼ਨਲ ਬੈਂਕ ਤੋਂ ਮਾਜਰੀ ਰੋਡ, ਗੁਰਦੁਆਰਾ ਰਵਿਦਾਸ ਜੀ ਤੋਂ ਘੱਗਾ ਰੋਡ, ਪੁਲਸ ਚੌਕੀ ਗਾਂਧੀ ਗਰਾਊਂਡ ਤੋਂ ਨਗਰ ਕੌਂਸਲ ਦਫਤਰ ਹੁੰਦੇ ਹੋਏ ਤਹਿਸੀਲ ਪਾਰਕ ਵਿਖੇ ਸਮਾਪਤ ਹੋਈ। ਇਸ ਰੈਲੀ ਵਿੱਚ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ, ਸ਼ਹਿਰ ਦੇ ਨੌਜਵਾਨਾਂ, ਸਮਾਜਿਕ ਸੰਸਥਾਵਾਂ ਤੇ ਸ਼ਹਿਰ ਦੇ ਪਤਵੰਤਿਆਂ ਨੇ ਭਾਗ ਲਿਆ। ਲਾਇਨਜ਼ ਕਲੱਬ ਸਮਾਣਾ ਗੋਲਡ ਵੱਲੋਂ ਸਾਈਕਲ ਰੈਲੀ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਤੇ ਨੌਜਵਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਗੌਰਵ ਅਗਰਵਾਲ, ਮਨੀਸ਼ ਸਿੰਗਲਾ ਰੌਕੀ, ਅਨੂਪ ਗੋਇਲ, ਨਵਦੀਪ ਸਿੰਘ ਢਿੱਲੋਂ, ਮੋਹਿਤ ਤਨੂ, ਬੀ ਕੇ ਗੁਪਤਾ, ਸੰਜੀਵ ਸਿੰਗਲਾ, ਮਾਨਵ ਬਾਂਸਲ, ਓਮ ਪ੍ਰਕਾਸ਼ ਅਰੋੜਾ, ਅਮਿਤ ਲੂਥਰਾ ਤੇ ਦੀਪਕ ਸਿੰਗਲਾ ਆਦਿ ਮੌਜੂਦ ਰਹੇ।

## ਕਾਤਰਾਂ

### ਕੈਂਸਰ ਤੇ ਮੈਡੀਕਲ ਚੈੱਕਅੱਪ ਕੈਂਪ 7 ਨੂੰ

**ਚੀਮਾ ਮੰਡੀ (ਰਵਿੰਦਰ ਚੀਮਾ)**-ਕਾਂਗਰਸੀ ਆਗੂ ਜਸਵਿੰਦਰ ਸਿੰਘ ਧੀਮਾਨ ਦੀ ਅਗਵਾਈ ਵਿੱਚ ਦੀ ਯੂਨਾਇਟਡ ਫਾਊਂਡੇਸ਼ਨ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਚੀਮਾ ਮੰਡੀ ਵਿਖੇ ਕੈਂਸਰ ਤੇ ਮੁਫਤ ਮੈਡੀਕਲ ਚੈੱਕਅੱਪ ਕੈਂਪ 7 ਅਕਤੂਬਰ ਨੂੰ ਚੀਮਾ ਮੰਡੀ ਵਿਖੇ ਸ੍ਰੀ ਦੁਰਗਾ ਸ਼ਕਤੀ ਮੰਦਰ ਵਿਖੇ ਲਗਾਇਆ ਜਾ ਰਿਹਾ ਹੈ। ਇਸ ਮੌਕੇ ਕਾਂਗਰਸੀ ਆਗੂ ਜਸਵਿੰਦਰ ਧੀਮਾਨ ਨੇ ਦੱਸਿਆ ਕਿ ਟਾਟਾ ਮੈਮੋਰੀਅਲ ਹੋਮੀ ਭਾਬਾ ਕੈਂਸਰ ਹਸਪਤਾਲ ਸੰਗਰੂਰ ਤੇ ਪ੍ਰਾਈਮ ਮਲਟੀ ਸਪੈਸ਼ਲਿਸਟ ਹਸਪਤਾਲ ਪਟਿਆਲਾ ਦੇ ਸਹਿਯੋਗ ਨਾਲ ਇਹ ਕੈਂਪ ਲਗਾਇਆ ਜਾ ਰਿਹਾ ਹੈ। ਇਸ ਮੌਕੇ ਹੋਮੀ ਭਾਬਾ ਕੈਂਸਰ ਹਸਪਤਾਲ ਦੇ ਮਾਹਰ ਡਾਕਟਰਾਂ ਵੱਲੋਂ ਕੈਂਸਰ ਦੇ ਮਰੀਜ਼ ਡਾਕਟਰ ਰੋਹਿਤ ਗਰਗ ਵੱਲੋਂ ਮੋਟਾਪਾ ਤੇ ਜਨਰਲ ਸਰਜਰੀ ਦੇ ਮਰੀਜ਼ ਡਾਕਟਰ ਜਸਪਾਲ ਗੋਇਲ ਵੱਲੋਂ ਦਿਲ ਤੇ ਸ਼ੂਗਰ ਦੇ ਰੋਗਾਂ ਦੇ ਮਰੀਜ਼ਾਂ ਦਾ ਚੈੱਕਅੱਪ ਕੀਤਾ ਜਾਵੇਗਾ।

### ਸ੍ਰੀ ਗਣਪਤੀ ਸੇਵਾ ਸੰਘ ਵੱਲੋਂ ਕਮਲਜੀਤ ਸਨਮਾਨਤ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਸ੍ਰੀ ਗਣਪਤੀ ਸੇਵਾ ਸੰਘ ਦੀ ਤਰਫੋਂ ਬਾਬਾ ਬਾਲਕ ਨਾਥ ਜੀ ਦੀ 9ਵੀਂ ਵਿਸ਼ਾਲ ਚੌਕੀ ਦੌਰਾਨ ਮੁੱਖ ਮਹਿਮਾਨ ਵਜੋਂ ਪਹੁੰਚੇ ਵੱਖ-ਵੱਖ ਹਿੰਦੂ ਸੰਗਠਨਾਂ ਦੇ ਮੀਡੀਆ ਸਲਾਹਕਾਰ ਕਮਲਜੀਤ ਸਿੰਘ ਨੂੰ ਉਨ੍ਹਾਂ ਵੱਲੋਂ ਧਾਰਮਿਕ ਕੰਮਾਂ ਵਿੱਚ ਪਾਏ ਜਾ ਰਹੇ ਯੋਗਦਾਨ ਨੂੰ ਦੇਖਦੇ ਹੋਏ ਸਨਮਾਨਤ ਕੀਤਾ ਗਿਆ। ਇਸ ਮੌਕੇ ਕਮਲਜੀਤ ਸਿੰਘ ਕਮਲ ਨੇ ਕਿਹਾ ਕਿ ਸਾਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਤਾਂ ਜੋ ਦੇਸ਼ ਵਿੱਚ ਏਕਤਾ ਤੇ ਅਖੰਡਤਾ ਬਰਕਰਾਰ ਰੱਖੀ ਜਾ ਸਕੇ। ਕਮਲ ਨੇ ਕਿਹਾ ਕਿ ਉਹ ਹਿੰਦੂ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਆਪਣਾ ਯੋਗਦਾਨ ਦਿੰਦੇ ਰਹਿਣਗੇ। ਇਸ ਮੌਕੇ ਸੁਖਦੇਵ ਰਤਨ, ਕਲੱਬ ਪ੍ਰਧਾਨ ਰਮਨ ਵਰਮਾ, ਜਨਰਲ ਸਕੱਤਰ ਤੇ ਮੀਡੀਆ ਇੰਚਾਰਜ ਕਰਨ ਵਰਮਾ, ਕੈਸ਼ੀਅਰ ਸੁਰਿੰਦਰ ਪੱਪੂ, ਭਾਰਤ ਭੂਸ਼ਣ ਰਿੰਕੂ, ਉਮੰਗ ਵਿਰਮਾਨੀ, ਟੋਨੀ ਤੇ ਕਲੱਬ ਮੈਂਬਰ ਹਾਜ਼ਰ ਸਨ।

### ਨਗਰ ਪੰਚਾਇਤ ਨੇ ਗਾਂਧੀ ਜੈਅੰਤੀ ਮਨਾਈ

**ਮੱਖੂ (ਰਛਪਾਲ ਸਿੰਘ ਸੰਧੂ)**-ਨਗਰ ਪੰਚਾਇਤ ਮੱਖੂ ਵੱਲੋਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਹਾਤਮਾ ਗਾਂਧੀ ਜੀ ਦੀ 154ਵੀਂ ਜੈਅੰਤੀ ਦਫਤਰ ਨਗਰ ਪੰਚਾਇਤ ਮਖੂ ਵਿਖੇ ਧਰਮਪਾਲ ਸਿੰਘ ਕਾਰਜ ਸਾਧਕ ਅਫਸਰ ਨਗਰ ਪੰਚਾਇਤ ਮਖੂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਨਾਈ ਗਈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਉਨ੍ਹਾਂ ਵੱਲੋਂ ਦਫਤਰ ਨਗਰ ਪੰਚਾਇਤ ਮਖੂ ਵੱਲੋਂ ਸ਼ਹਿਰ ਵਿੱਚ ਚਲਾਏ ਜਾ ਰਹੀ ਸਵੱਛਤਾ ਹੀ ਸੇਵਾ ਮਹਿਮ ਵਿੱਚ ਯੋਗ ਦਾਨ ਪਾਉਣ ਵਾਲੇ ਸਫਾਈ ਮਿੱਤਰਾਂ ਨੂੰ ਸਨਮਾਨ ਚਿੰਨ੍ਹ ਤੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਦਫਤਰ ਨਗਰ ਪੰਚਾਇਤ ਮੱਖੂ ਦੇ ਸੈਨਟਰੀ ਕਲਰਕ ਰਾਜ ਕਮਲ ਤੇ ਸਮੂਹ ਸਟਾਫ ਵੱਲੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

# ਮੁਲਾਜ਼ਮਾਂ ਵੱਲੋਂ ਮੰਗਾਂ ਨੂੰ ਲੈ ਕੇ ਵਿਸ਼ਾਲ ਰੈਲੀ



**ਪਟਿਆਲਾ (ਪੱਤਰ ਪ੍ਰੇਰਕ)**-ਭਾਵੇਂ ਕਿ 2 ਅਕਤੂਬਰ ਨੂੰ ਸਰਕਾਰੀ ਛੁੱਟੀ ਹੋਣ ਦੇ ਬਾਵਜੂਦ ਵੱਡੀ ਗਿਣਤੀ ਵਿੱਚ "ਆਪ ਸਰਕਾਰ" ਵੱਲੋਂ ਮੁਲਾਜ਼ਮਾਂ ਨੂੰ "ਸਿਹਤਮੰਦ ਪੰਜਾਬ" ਦੀ ਰੈਲੀ ਵਿੱਚ ਸ਼ਾਮਲ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਗਿਆ, ਪ੍ਰੰਤੂ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਦੇ ਕੱਚੇ ਤੇ ਪੱਕੇ ਮੁਲਾਜ਼ਮਾਂ, ਜਿਸ ਵਿੱਚ ਜੰਗਲਾਤ ਕਾਮੇ ਵੀ ਸ਼ਾਮਲ ਸਨ, ਵੱਲੋਂ ਫਲਾਈ ਓਵਰ ਪੁਲ ਥੱਲੇ ਰੈਲੀ ਕਰਨੀ ਚਾਹੀ, ਪ੍ਰੰਤੂ ਪ੍ਰਸ਼ਾਸਨ ਨੇ ਇਸ ਮੌਕੇ ਭਾਰੀ ਪੁਲਸ ਫੋਰਸ ਦੀ ਤੈਨਾਤੀ ਕਰਕੇ ਮੁਲਾਜ਼ਮਾਂ ਦੇ ਵਿਸ਼ਾਲ ਕਾਫਲੇ ਨੂੰ ਮਾਤਾ ਕੁਸ਼ੱਲਿਆ ਹਸਪਤਾਲ ਵੱਲ ਰੋਸ ਮਾਰਚ ਕਰਨ ਤੇ ਰੇਲਵੇ ਸਟੇਸ਼ਨ 'ਤੇ ਹੀ ਰੋਕੀ ਰੱਖਿਆ ਤੇ ਇੱਥੇ ਹੀ ਸਰਕਾਰ ਦਾ ਪਿੱਟ ਸਿਆਪਾ ਕੀਤਾ। ਇਸ ਮੌਕੇ ਮੁਲਾਜ਼ਮ ਆਗੂਆਂ ਨੇ "ਸਿਹਤਮੰਦ ਪੰਜਾਬ ਰੈਲੀ" ਸਬੰਧੀ ਦੱਸਿਆ ਕਿ ਭਾਵੇਂ ਕਿ ਪਟਿਆਲਾ ਮੈਡੀਕਲ ਵਿੱਚ ਹੱਬ ਮੰਨਿਆ ਜਾਂਦਾ ਹੈ, ਪ੍ਰੰਤੂ ਇਸ ਵਿਚਲੇ ਵੱਖ-ਵੱਖ ਕੈਟਾਗਰੀਜ਼ ਦੇ ਮੁਲਾਜ਼ਮਾਂ ਦੀ ਇਨ੍ਹਾਂ ਦੇ ਹਸਤਪਾਲਾਂ ਵਿੱਚ ਭਾਰੀ ਕਮੀ ਹੈ ਤੇ ਸਾਲਾਂਬੱਧੀ ਕੋਈ ਭਰਤੀ ਨਹੀਂ ਕੀਤੀ ਗਈ ਅਤੇ ਠੇਕੇ 'ਤੇ ਮੁਲਾਜ਼ਮ ਰੱਖ ਕੇ ਡੰਗ ਟਪਾਇਆ ਜਾ ਰਿਹਾ ਹੈ, ਜਦੋਂਕਿ ਮੈਡੀਕਲ ਕਾਲਜਾਂ ਸਮੇਤ ਰਜਿੰਦਰਾ ਹਸਪਤਾਲ, ਟੀ.ਬੀ. ਹਸਪਤਾਲ ਦੀਆਂ ਇਮਾਰਤਾਂ ਵਿੱਚ ਦੁੱਗਣਾ ਵਾਧਾ ਹੋਇਆ ਹੈ, ਇਸੇ ਤਰ੍ਹਾਂ ਮਾਤਾ ਕੁਸ਼ੱਲਿਆ ਹਸਪਤਾਲ ਵਿੱਚ ਨਾ-ਮਾਤਰ ਪੱਕੇ ਕਰਮਚਾਰੀ ਰਹਿ ਗਏ ਹਨ। ਜਦੋਂਕਿ ਆਊਟ ਸੋਰਸ 'ਤੇ ਕੰਮ ਚਲਾਇਆ ਜਾ ਰਿਹਾ, ਜਿਸ ਦਾ ਠੇਕੇਦਾਰਾਂ ਦੁਆਰਾ ਭਾਰੀ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ। ਨਵੇਂ "ਆਈ.ਸੀ.ਯੂ." ਵਿੱਚ ਕੋਈ ਵੀ ਮੁਲਾਜ਼ਮ ਸਫਾਈ ਸੇਵਕ, ਚੌਥਾ ਦਰਜਾ ਮੁਲਾਜ਼ਮਾਂ ਤੇ ਟੈਕਨੀਸ਼ੀਅਨ ਭਰਤੀ ਨਹੀਂ ਕੀਤਾ ਗਿਆ ਤੇ ਇੱਧਰੋਂ ਉੱਧਰੋਂ ਮੁਲਾਜ਼ਮ ਕੱਢ ਕੇ ਕੰਮ ਚਲਾਇਆ ਜਾ ਰਿਹਾ ਹੈ, ਜਿਸ ਕਰਕੇ ਮੌਜੂਦਾ ਪਹਿਲਾਂ ਤੋਂ ਕੰਮ ਕਰ ਰਹੇ ਮੁਲਾਜ਼ਮਾਂ 'ਤੇ ਕੰਮ ਦਾ ਬੋਝ ਵਧਿਆ ਹੈ।

ਮੁਲਾਜ਼ਮ ਆਗੂ ਦਰਸ਼ਨ ਸਿੰਘ ਲੁਬਾਣਾ, ਜਗਮੋਹਨ ਨੌਲੱਖਾ, ਮਾਧੋ ਰਾਹੀ, ਰਾਮ ਕ੍ਰਿਸ਼ਨ, ਰਾਮ ਲਾਲ ਰਾਮਾ, ਰਾਮ ਪ੍ਰਸਾਦ ਸਹੋਤਾ, ਸਵਰਨ ਸਿੰਘ ਬੰਗਾ, ਵਰਿੰਦਰ ਕੁਮਾਰ ਬੈਣੀ, ਅਸ਼ੋਕ ਬਿੱਟੂ, ਸੂਰਜ ਯਾਦਵ, ਜਸਵਿੰਦਰ ਸੋਜਾ, ਦਰਸ਼ੀ ਕਾਂਤ, ਹਰਜਿੰਦਰ ਖਰੋੜੀ, ਮੋਧ ਨਾਥ, ਤਰਲੋਚਨ ਮੰਡੋਲੀ, ਇੰਦਰਪਾਲ ਵਾਲੀਆ, ਲਖਵਿੰਦਰ ਲੱਕੀ, ਇੰਦਰਪਾਲ ਵਾਲੀਆ, ਹਰਬੰਸ ਸਿੰਘ, ਗੌਤਮ ਭਾਰਦਵਾਜ, ਦਰਸ਼ਨ ਮਲੇਵਾਲ, ਤਰਲੋਚਨ ਮਾਡੂ, ਜਗਤਾਰ ਨਾਭਾ, ਬਲਵਿੰਦਰ ਸਿੰਘ, ਉਂਕਾਰ ਸਿੰਘ ਦਮਨ, ਤਰਲੋਚਨ ਮੰਡੋਲੀ, ਅਨਿਲ ਗਾਗਟ, ਜਗਤਾਰ ਬਾਬਾ, ਸੁਨੀਲ ਦੱਤ, ਸ਼ਿਵ ਚਰਨ, ਰਾਮ ਜੋਧਾ, ਪ੍ਰਕਾਸ਼ ਲੁਬਾਣਾ, ਨਿਸ਼ਾ ਰਾਣੀ, ਸਤਿਨਰਾਇਣ ਗੋਨੀ, ਮੁਮਤਾਜ, ਕਾਕਾ ਸਿੰਘ, ਮੀਨੂੰ, ਕਮਲੇਸ਼, ਮੀਨੂੰ, ਚਰਨਜੀਤ ਸਿੰਘ ਆਦਿ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਸਮੇਤ ਜੰਗਲਾਤ ਵਿਭਾਗ ਦੀ ਅਫਸਰਸ਼ਾਹੀ ਦੀ ਅਰਥੀ ਫੂਕ ਰੈਲੀ 5 ਅਕਤੂਬਰ ਨੂੰ ਜੰਗਲਾਤ ਦਫਤਰ ਤੋਂ ਡਿਪਟੀ ਕਮਿਸ਼ਨਰ ਦਫਤਰ ਅੱਗੇ ਕਰਨ ਜਾ ਰਹੇ ਹਨ ਤੇ 10 ਅਕਤੂਬਰ ਨੂੰ ਮਾਤਾ ਕੁਸ਼ੱਲਿਆ ਹਸਪਤਾਲ ਕੰਪਲੈਕਸ ਵਿੱਚ ਕੀਤੀ ਜਾਵੇਗੀ ਅਤੇ 8 ਅਕਤੂਬਰ ਨੂੰ ਝੰਡਾ ਮਾਰਚ ਸਿੰਚਾਈ ਮੰਤਰੀ ਦੇ ਵਿਧਾਨ ਸਭਾ ਹਲਕਾ ਬਰਨਾਲਾ ਵਿਖੇ ਕੀਤਾ ਜਾਵੇਗਾ ਤੇ 14 ਅਕਤੂਬਰ ਨੂੰ ਚੰਡੀਗੜ੍ਹ ਸਾਂਝੀ ਰੈਲੀ ਵਿੱਚ ਸ਼ਾਮਲ ਹੋਇਆ ਜਾਵੇਗਾ।

# ਮਾਤਾ ਚਤਿੰਨ ਕੌਰ ਦੀ ਯਾਦ 'ਚ ਅੱਖਾਂ ਦਾ ਮੁਫ਼ਤ ਕੈਂਪ ਲਾਇਆ



**ਸੰਗਰੂਰ (ਪ੍ਰਵੀਨ ਸਿੰਘ)**-ਸਰਕਾਰੀ ਰਣਬੀਰ ਕਾਲਜ ਸੰਗਰੂਰ ਦੇ ਸੇਵਾਮੁਕਤ ਐਸੋਸੀਏਟ ਪ੍ਰੋਫੈਸਰ ਸੰਤੋਖ ਕੌਰ ਵੱਲੋਂ ਆਪਣੀ ਮਾਤਾ ਚਤਿੰਨ ਕੌਰ ਦੀ ਯਾਦ ਵਿੱਚ 12ਵਾਂ ਅੱਖਾਂ ਦਾ ਮੁਫਤ ਕੈਂਪ ਲਾਇਆ। ਪਿੰਡ ਫੱਗੂਵਾਲਾ ਦੇ ਗੁਰਦੁਆਰਾ ਸਾਹਿਬ ਵਿਖੇ ਮਾਤਾ ਚਤਿੰਨ ਕੌਰ ਮੈਮੋਰੀਅਲ ਵੈਲਫੇਅਰ ਸੁਸਾਇਟੀ ਵੱਲੋਂ ਕਰਮਜੀਤ ਸਿੰਘ ਸਰਪੰਚ ਗ੍ਰਾਮ ਪੰਚਾਇਤ ਫੱਗੂਵਾਲਾ ਦੇ ਪ੍ਰਬੰਧ ਅਧੀਨ ਇਸ ਕੈਂਪ ਦਾ ਉਦਘਾਟਨ ਪ੍ਰਸਿੱਧ ਸਮਾਜ ਸੇਵੀ ਬਲਦੇਵ ਸਿੰਘ ਗੋਸਲ ਪ੍ਰਧਾਨ ਬਿਰਧ ਆਸ਼ਰਮ ਬਡਰੁੱਖਾਂ ਨੇ ਮੁੱਖ ਮਹਿਮਾਨ ਵਜੋਂ ਕੀਤਾ।

ਉਨ੍ਹਾਂ ਨਾਲ ਡਾ. ਅਮਰਜੀਤ ਸਿੰਘ ਮਾਨ ਪ੍ਰਧਾਨ ਸੈਂਟੇਫਿਕ ਅਵੇਰਨੈੱਸ ਐਸੋਸੀਏਸ਼ਨ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਐਡੀਸਨਲ ਚੀਫ਼ ਸਕੱਤਰ ਸੁਰਿੰਦਰ ਪਾਲ ਸਿੰਘ ਸਿਦਕੀ ਤੇ ਪ੍ਰੋ. ਨਰਿੰਦਰ ਸਿੰਘ ਐਡੀਸ਼ਨਲ ਜ਼ੋਨਲ ਸਕੱਤਰ ਅਕਾਦਮਿਕ ਖੇਤਰ, ਗੁਰਮੇਲ ਸਿੰਘ ਵਿੱਤ ਸਕੱਤਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਐਸੋਸੀਏਸ਼ਨ ਦੇ ਪ੍ਰਬੰਧਕ ਪ੍ਰਿੰਸੀਪਲ ਤਾਰਾ ਸਿੰਘ, ਦਲਜੀਤ ਸਿੰਘ ਕੱਕੜਵਾਲ, ਹਰਜਿੰਦਰ ਸਿੰਘ, ਨਛੱਤਰ ਸਿੰਘ, ਗਮਦੂਰ ਸਿੰਘ ਧਾਲੀਵਾਲ, ਸੁਖਦੇਵ ਕੌਰ, ਮਹਿੰਦਰ ਕੌਰ ਮੁਹਾਲੀ, ਸ਼ਰਨਜੀਤ ਕੌਰ ਦੀ ਦੇਖ-ਰੇਖ ਹੇਠ ਲਾਏ ਇਸ ਕੈਂਪ ਵਿੱਚ ਸਿਵਲ ਹਸਪਤਾਲ ਸੰਗਰੂਰ ਦੇ ਅੱਖਾਂ ਦੇ ਮਾਹਿਰ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਮੋਨਿਕਾ ਖਰਬੰਦਾ ਤੇ ਡਾਕਟਰ ਨਿਧੀ ਗੁਪਤਾ ਨੇ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕ ਅੱਪ ਕੀਤਾ ਤੇ ਆਈ ਮੋਬਾਈਲ ਹਸਪਤਾਲ ਸੰਗਰੂਰ ਦੇ ਸਟਾਫ ਨੇ ਮੈਡੀਕਲ ਡਿਊਟੀਆਂ ਨਿਭਾਈਆਂ ਤੇ ਲੋੜਵੰਦਾਂ ਨੂੰ ਦਵਾਈਆਂ ਵੀ ਦਿੱਤੀਆਂ। ਸਮਾਗਮ ਦੌਰਾਨ ਪ੍ਰਿੰਸੀਪਲ ਤਾਰਾ ਸਿੰਘ ਦੇ ਸਟੇਜ ਸੰਚਾਲਨ ਅਧੀਨ ਬਲਦੇਵ ਸਿੰਘ ਗੋਸਲ, ਡਾਕਟਰ ਅਮਰਜੀਤ ਸਿੰਘ ਮਾਨ, ਸੁਰਿੰਦਰ ਪਾਲ ਸਿੰਘ ਸਿਦਕੀ, ਸੁਰਿੰਦਰ ਸਿੰਘ ਭਿੰਡਰ ਅਫਸਰ ਕਲੋਨੀ ਮੰਗਵਾਲ, ਜਥੇਦਾਰ ਜੋਗਾ ਸਿੰਘ ਫੱਗੂਵਾਲਾ, ਕਰਮਜੀਤ ਸਿੰਘ ਸਰਪੰਚ ਆਦਿ ਨੇ ਪ੍ਰੋ. ਸੰਤੋਖ ਕੌਰ ਵੱਲੋਂ ਮਾਤਾ ਚਤਿੰਨ ਕੌਰ ਦੀ ਯਾਦ ਨੂੰ ਮਾਨਵਤਾ ਦੀ ਭਲਾਈ ਕਾਰਜ ਦੇ ਰੂਪ ਵਿੱਚ ਮਨਾਉਣ ਦੇ ਇਸ ਉੱਦਮ ਦੀ ਭਰਪੂਰ ਸ਼ਲਾਘਾ ਕੀਤੀ। ਪ੍ਰੋ. ਸੰਤੋਖ ਕੌਰ ਨੇ ਮਹਿਮਾਨਾਂ ਤੇ ਸਹਿਯੋਗੀਆਂ, ਡਾਕਟਰਾਂ ਦਾ ਧੰਨਵਾਦ ਕੀਤਾ ਅਤੇ ਦੱਸਿਆ ਕਿ ਇਸ ਕੈਂਪ ਦੌਰਾਨ 200 ਤੋਂ ਵੱਧ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਹੈ।

# ਪਾਥਵੇਜ਼ ਗਲੋਬਲ ਸਕੂਲ ਦੇ ਹਾਕੀ ਖਿਡਾਰੀਆਂ ਨੇ ਗੋਲਡ ਮੈਡਲ ਜਿੱਤਿਆ



**ਕੋਟ ਈਸੇ ਖਾਂ (ਅਰੋੜਾ)**
ਪਾਥਵੇਜ ਗਲੋਬਲ ਵਿਖੇ ਹਾਕੀ ਦੀ ਟੀਮ ਦੇ ਖਿਡਾਰੀ ਸੀ.ਆਈ.ਐਸ.ਸੀ.ਈ. ਦੇ ਨੈਸ਼ਨਲ ਪੱਧਰ ਦੇ ਹਾਕੀ ਟੂਰਨਾਮੈਂਟ ਖੇਡਣ ਲਈ ਬੜੀ ਸ਼ਾਨੋ ਸ਼ ਸ਼ੌਕਤ ਨਾਲ ਉੜੀਸਾ ਗਏ ਹੋਏ ਸਨ, ਪੰਜ ਦਿਨਾਂ ਦੇ ਲਗਾਤਾਰ ਹਾਕੀ ਮੁਕਾਬਲਿਆਂ ਤੋਂ ਬਾਅਦ ਪਾਥਵੇਜ ਦੇ ਖਿਡਾਰੀਆਂ ਨੇ ਆਪਣੀ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਗੋਲਡ ਮੈਡਲ ਜਿੱਤ ਕੇ ਕੋਟ ਈਸੇ ਖਾਂ ਹੀ ਨਹੀਂ, ਸਗੋਂ ਪੂਰੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ ਹੈ। ਇਹ ਮੁਕਾਬਲੇ ਉੜੀਸਾ ਦੇ ਜੋਸਫ ਸਰਪੀਰਸਦਮ ਐਸ.ਵੀ.ਡੀ.ਸਕੂਲ ਵਿੱਚ ਕਰਾਏ ਗਏ। ਖਿਡਾਰੀਆਂ ਅਰਮਾਨਦੀਪ ਸਿੰਘ ਤੇ ਕ੍ਰਿਸ ਅਰੋੜਾ ਨੇ ਉੱਤਰੀ ਭਾਰਤ ਦੀ ਨੁਮਾਇੰਦਗੀ ਕਰਨ ਦੀ ਕਮਾਨ ਸੰਭਾਲੀ ਅਤੇ ਸ਼ਾਨਦਾਰ ਢੰਗ ਨਾਲ ਦੋ ਸੋਨ ਤਗਮੇ ਜਿੱਤੇ। ਇਸ ਸਮੇਂ ਸਕੂਲ ਦੇ ਸਰਪ੍ਰਸਤ ਚੇਅਰਮੈਨ ਸਰਦਾਰ ਸੁਰਜੀਤ ਸਿੰਘ ਸਿੱਧੂ, ਸਕੂਲ ਦੇ ਵਾਈਸ ਚੇਅਰਮੈਨ ਸਰਦਾਰ ਅਵਤਾਰ ਸਿੰਘ ਸੋਂਦ ਅਤੇ ਪ੍ਰੈਜ਼ੀਡੈਂਟ ਡਾਕਟਰ ਅਨਿਲਜੀਤ ਕੰਬੋਜ ਜੀ ਨੇ ਉੜੀਸਾ ਵਿਖੇ ਗੋਲਡ ਮੈਡਲ ਜਿੱਤ ਕੇ ਪਾਥਵੇਜ ਦਾ ਨਾਂਅ ਚਮਕਾਉਣ ਤੇ ਸਾਰੇ ਹੀ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਬੜੀ ਆਸ ਨਾਲ ਕਿਹਾ ਕਿ ਇਹ ਖਿਡਾਰੀ ਇਸੇ ਤਰ੍ਹਾਂ ਸੰਸਥਾ ਦਾ, ਮਾਤਾ ਪਿਤਾ ਦਾ, ਕੋਚ ਸਾਹਿਬਾਨਾਂ ਦਾ ਤੇ ਇਲਾਕੇ ਦਾ ਨਾਂਅ ਜ਼ਰੂਰ ਰੌਸ਼ਨ ਕਰਦੇ ਰਹਿਣਗੇ। ਪ੍ਰਿੰਸੀਪਲ ਹਰਵੰਤ ਸਿੰਘ ਨੇ ਖਿਡਾਰੀਆਂ ਦੇ ਮਾਤਾ ਪਿਤਾ ਨਾਲ ਉਚੇਚੇ ਤੌਰ 'ਤੇ ਮੁਲਾਕਾਤ ਕੀਤੀ ਅਤੇ ਇਸ ਜਿੱਤ ਦੀ ਖੁਸ਼ੀ ਨੂੰ ਬਿਆਨ ਕਰਦਿਆਂ ਸਾਰੇ ਹੀ ਖਿਡਾਰੀਆਂ ਦੇ ਮਾਤਾ-ਪਿਤਾ, ਸਮੂਹ ਪਾਥਵੇਜ ਮੈਨੇਜਮੈਂਟ ਅਤੇ ਸਮੂਹ ਪਾਥਵੇਜ ਪਰਵਾਰ ਸਮੇਤ ਸਾਰੇ ਹੀ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ ਦਿੱਤੀਆਂ।

# ਖੂਨਦਾਨ ਲੌਕਿਕ ਧਰਮ ਦੀ ਉੱਤਮ ਮਿਸਾਲ : ਵਿਸ਼ਾਲ ਜੈਨ



**ਜਗਰਾਉਂ (ਅਮਿਤ ਖੰਨਾ)**-ਸ੍ਰੀ ਜੈਨ ਸ਼ਵੇਤਾਂਬਰ ਤੇਰਾਪੰਥ ਧਰਮਸੰਘ ਨਾਲ ਸੰਬੰਧਤ ਅਖਿਲ ਭਾਰਤੀ ਤੇਰਾਪੰਥ ਯੁਵਕ ਪ੍ਰੀਸ਼ਦ ਦੀ ਦੇਖ-ਰੇਖ 'ਚ ਯੁਵਕ ਪ੍ਰੀਸ਼ਦ ਵੱਲੋਂ ਸਿਵਲ ਹਸਪਤਾਲ ਦੇ ਸਹਿਯੋਗ ਨਾਲ ਇੱਕ ਖੂਨਦਾਨ ਕੈਂਪ ਲਾਇਆ ਗਿਆ। ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਸ੍ਰੀ ਵਿਸ਼ਾਲ ਜੈਨ, ਡਾਇਰੈਕਟਰ ਮਹਾਪ੍ਰਗਯ ਸਕੂਲ ਵੱਲੋਂ ਕੀਤਾ ਗਿਆ। ਸ੍ਰੀ ਵਿਸ਼ਾਲ ਜੈਨ ਨੇ ਯੁਵਕ ਪ੍ਰੀਸ਼ਦ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕੰਮਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਤੇਰਾਪੰਥ ਯੁਵਕ ਪ੍ਰੀਸ਼ਦ ਵੱਲੋਂ ਕੀਤੀ ਜਾ ਰਹੀ ਸੇਵਾ ਅਨਮੋਲ ਹੈ। ਸਾਧਵੀ ਸ੍ਰੀ ਪ੍ਰਤਿਭਾ ਸ਼੍ਰੀ ਠਾਣਾ-4 ਵੱਲੋਂ ਕੀਤੇ ਮੰਗਲ ਪਾਠ ਨਾਲ ਕੈਂਪ ਦੀ ਸ਼ੁਰੂਆਤ ਹੋਈ ਤੇ 42 ਯੂਨਿਟ ਖੂਨ ਇਕੱਠਾ ਕੀਤਾ ਗਿਆ। ਇਸ ਮੌਕੇ ਸਤਿੰਦਰਪਾਲ ਸਿੰਘ ਕਾਕਾ ਗਰੇਵਾਲ ਸਾਬਕਾ ਚੇਅਰਮੈਨ, ਮਾਰਕੀਟ ਕਮੇਟੀ ਨੇ ਕਿਹਾ ਕਿ ਜੈਨ ਯੁਵਕ ਪ੍ਰੀਸ਼ਦ ਵੱਲੋਂ ਪਿਛਲੇ ਕਈ ਵਰ੍ਹਿਆਂ ਤੋਂ ਕੀਤੀ ਜਾ ਰਹੀ ਸੇਵਾ ਅੱਗੇ ਵੀ ਜਾਰੀ ਰਹੇਗੀ ਅਤੇ ਅਸੀਂ ਸਭ ਇਸ ਵਿੱਚ ਸਹਿਯੋਗ ਦਿੰਦੇ ਰਹਾਂਗੇ। ਸਾਧਵੀ ਸ੍ਰੀ ਨੇ ਵਿਸ਼ਾਲ ਜੈਨ ਜੀ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਵਿਸ਼ਾਲ ਜੈਨ, ਜੈਨ ਸਮਾਜ ਦਾ ਇੱਕ ਮਜਬੂਤ ਸਤੰਭ ਹੈ ਤੇ ਵਾਸਤਵਿਕ ਤੌਰ 'ਤੇ ਉਹ ਆਪਣੇ ਪੁਰਖਿਆਂ 'ਲਾਲਾ ਝੰਡੂ ਮੱਲ-ਤਿਲਕ ਰਾਜ ਜੈਨ ਪਾਟਨੀ ਪਰਵਾਰ' ਦੀ ਰਿਵਾਇਤ ਨੂੰ ਅੱਗੇ ਵਧਾ ਰਹੇ ਹਨ। ਸਮੂਹ ਯੁਵਕ ਪ੍ਰੀਸ਼ਦ ਦੇ ਮੈਂਬਰਾਂ ਨੇ ਸਿਵਲ ਹਸਪਤਾਲ ਤੋਂ ਆਈ ਹੋਈ ਟੀਮ ਦਾ ਧੰਨਵਾਦ ਕੀਤਾ।

# ਮਾਨ ਤੇ ਕੇਜਰੀਵਾਲ ਵੱਲੋਂ ਮਹਾਤਮਾ ਗਾਂਧੀ ਤੇ ਲਾਲ ਬਹਾਦਰ ਸ਼ਾਸਤਰੀ ਨੂੰ ਸ਼ਰਧਾ ਦੇ ਫੁੱਲ ਭੇਟ



**ਸਮਾਣਾ/ਪਟਿਆਲਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**
ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਤੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੂੰ ਉਨ੍ਹਾਂ ਦੇ ਜਨਮ ਦਿਵਸ ਮੌਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਭਗਵੰਤ ਸਿੰਘ ਮਾਨ ਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਰਾਸ਼ਟਰਪਿਤਾ ਦਾ ਜੀਵਨ, ਫਲਸਫਾ ਤੇ ਕੁਰਬਾਨੀ ਹਮੇਸ਼ਾ ਚਾਨਣ ਮੁਨਾਰੇ ਵਾਂਗ ਰੁਸ਼ਨਾਉਂਦੇ ਰਹਿਣਗੇ ਤੇ ਸਾਨੂੰ ਸਾਰਿਆਂ ਨੂੰ ਸਮਾਜ, ਰਾਜ ਤੇ ਦੇਸ਼ ਦੀ ਨਿਸ਼ਕਾਮ ਸੇਵਾ ਕਰਨ ਲਈ ਪ੍ਰੇਰਿਤ ਕਰਦੇ ਰਹਿਣਗੇ। ਉਨ੍ਹਾਂ ਲੋਕਾਂ ਨੂੰ ਬਰਾਬਰੀ ਦੇ ਸਮਾਜ ਦੀ ਸਿਰਜਣਾ ਲਈ ਮਹਾਤਮਾ ਗਾਂਧੀ ਜੀ ਵੱਲੋਂ ਦਰਸਾਏ ਸ਼ਾਂਤੀ ਤੇ ਅਹਿੰਸਾ ਦੇ ਫਲਸਫੇ 'ਤੇ ਚੱਲਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ ਜੀ ਨੇ ਭਾਰਤੀ ਆਜ਼ਾਦੀ ਸੰਗਰਾਮ ਨੂੰ ਇੱਕ ਜਨ ਅੰਦੋਲਨ ਵਿੱਚ ਤਬਦੀਲ ਕੀਤਾ, ਜਿਸ ਨਾਲ ਦੇਸ ਨੂੰ ਬਰਤਾਨਵੀ ਸਾਮਰਾਜਵਾਦ ਦੀ ਜਕੜ ਤੋਂ ਮੁਕਤ ਕਰਵਾਇਆ ਗਿਆ। ਪੰਜਾਬ ਦੇ ਮੁੱਖ ਮੰਤਰੀ ਤੇ ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਮਹਾਤਮਾ ਗਾਂਧੀ ਜੀ ਵਾਹਿਦ ਵਿਸ਼ਵ ਆਗੂ ਸਨ, ਜਿਨ੍ਹਾਂ ਨੇ ਅਹਿੰਸਾ ਦੀ ਆਪਣੀ ਵਿਚਾਰਧਾਰਾ ਰਾਹੀਂ ਆਜ਼ਾਦੀ ਦੀ ਲੜਾਈ ਜਿੱਤੀ। ਉਨ੍ਹਾਂ ਕਿਹਾ ਕਿ ਗਾਂਧੀ ਜੀ ਇੱਕ ਮਹਾਨ ਰਾਜਨੇਤਾ ਤੇ ਮਹਾਨ ਸ਼ਖਸੀਅਤ ਸਨ, ਜਿਨ੍ਹਾਂ ਨੇ ਪਿਆਰ, ਸ਼ਾਂਤੀ ਤੇ ਅਹਿੰਸਾ ਦੇ ਆਪਣੇ ਫਲਸਫੇ ਦਾ ਪ੍ਰਚਾਰ ਕਰਨ ਲਈ ਦੁਨੀਆ ਭਰ ਦੀ ਯਾਤਰਾ ਕੀਤੀ। ਉਨ੍ਹਾਂ ਕਿਹਾ ਕਿ ਦੁਨੀਆ ਭਰ ਦੇ ਲੋਕ ਮਹਾਤਮਾ ਗਾਂਧੀ ਜੀ ਦੀ ਵਿਚਾਰਧਾਰਾ ਦੇ ਪ੍ਰਸ਼ੰਸਕ ਤੇ ਪੈਰੋਕਾਰ ਹਨ। ਲਾਲ ਬਹਾਦਰ ਸ਼ਾਸਤਰੀ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਤੇ ਦਿੱਲੀ ਦੇ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਭਾਰਤੀ ਰਾਜਨੀਤੀ ਦਾ ਇੱਕ ਅਜਿਹਾ ਚਾਨਣ ਮੁਨਾਰਾ ਦੱਸਿਆ, ਜਿਸ ਨੇ ਭਾਰਤ ਨੂੰ ਅਨਾਜ ਉਤਪਾਦਨ ਵਿੱਚ ਆਤਮ ਨਿਰਭਰ ਬਣਾਉਣ ਲਈ ਮੁੱਖ ਧੁਰੇ ਵਜੋਂ ਕੰਮ ਕੀਤਾ। ਉਨ੍ਹਾਂ ਕਿਹਾ ਕਿ ਲਾਲ ਬਹਾਦਰ ਸ਼ਾਸਤਰੀ ਜੀ ਵੱਲੋਂ ਦਿੱਤਾ ਗਿਆ 'ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਹਮੇਸ਼ਾ ਸਾਡਾ ਮਾਰਗਦਰਸ਼ਨ ਕਰਨ ਸਣੇ ਭਾਰਤ ਨੂੰ ਇੱਕ ਆਤਮ-ਨਿਰਭਰ ਤੇ ਸੁਰੱਖਿਅਤ ਰਾਸਟਰ ਵਜੋਂ ਅੱਗੇ ਵਧਾਉਣ ਵਿੱਚ ਮਦਦ ਕਰਦਾ ਰਹੇਗਾ। ਲੋਕਾਂ ਨੂੰ ਸਾਬਕਾ ਪ੍ਰਧਾਨ ਮੰਤਰੀ ਵੱਲੋਂ ਪ੍ਰਚਾਰੀਆਂ ਗਈਆਂ ਸਵੈ-ਅਨੁਸ਼ਾਸਨ, ਸਮਰਪਣ ਤੇ ਸਖਤ ਮਿਹਨਤ ਦੀਆਂ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨ ਦਾ ਸੱਦਾ ਦਿੰਦਿਆਂ ਭਗਵੰਤ ਸਿੰਘ ਮਾਨ ਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਲਾਲ ਬਹਾਦਰ ਸ਼ਾਸਤਰੀ ਜੀ ਇਮਾਨਦਾਰੀ, ਨੈਤਿਕਤਾ ਤੇ ਸਾਦਗੀ ਦੇ ਪ੍ਰਤੀਕ ਸਨ ਅਤੇ ਆਪਣੇ ਦੇਸ਼ ਦੇ ਸਰਬਪੱਖੀ ਵਿਕਾਸ ਤੇ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਜੋਸ਼ ਨਾਲ ਕੰਮ ਕਰਨਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫ਼ਤਿਹ) ਨੇ ਮੰਗਾਂ ਸੰਬੰਧੀ ਮੁੱਖ ਮੰਤਰੀ ਦੇ ਨਾਂਅ ਸੌਂਪਿਆ ਮੰਗ ਪੱਤਰ



**ਲੌਂਗੋਵਾਲ/ਸੰਗਰੂਰ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫ਼ਤਿਹ) ਪਾਰਟੀ ਦੇ ਕੌਮੀ ਪ੍ਰਧਾਨ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਦੀ ਅਗਵਾਈ ਵਿੱਚ ਗੁਰਦੁਆਰਾ ਸ੍ਰੀ ਮਸਤੂਆਣਾ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਵਿਖੇ ਮੰਗ ਪੱਤਰ ਦਿੱਤਾ ਗਿਆ। ਕਾਹਨ ਸਿੰਘ ਵਾਲਾ ਨੇ ਆਖਿਆ ਕਿ ਪਾਰਟੀ ਵੱਲੋਂ ਦਿੱਤੇ ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ ਦੂਜੀਆਂ ਰਵਾਇਤੀ ਪਾਰਟੀਆਂ ਵਾਂਗ ਚੋਣਾਂ ਸਮੇਂ ਆਮ ਆਦਮੀ ਪਾਰਟੀ ਵੱਲੋਂ ਵੀ ਪੰਜਾਬ ਦੇ ਲੋਕਾਂ ਨਾਲ ਵਾਅਦੇ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ ਫ੍ਰੀ ਸਿਹਤ ਸਹੂਲਤਾਂ, ਫ੍ਰੀ ਵਿੱਦਿਆ, ਕਰਜ਼ਾ ਮੁਆਫ਼ੀ, ਨਸ਼ੇ ਦਾ ਖਾਤਮਾ ਤੇ ਬੀਬੀਆਂ ਨੂੰ 2000 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ ਦੇ ਵਾਅਦੇ ਕੀਤੇ ਗਏ ਸਨ, ਜੋ ਪੂਰੇ ਨਹੀਂ ਹੋਏ ਅਤੇ ਦੋ ਸਾਲ ਸਰਕਾਰ ਨੂੰ ਬੀਤ ਚੁੱਕੇ ਹਨ, ਜਿਸ ਸਬੰਧੀ ਅੱਜ ਮੰਗ ਪੱਤਰ ਦਿੱਤਾ ਗਿਆ ਕਿ ਕੀਤੇ ਹੋਏ ਵਾਅਦੇ ਜਲਦ ਤੋਂ ਜਲਦ ਪੂਰੇ ਕੀਤੇ ਜਾਣ।

ਕਾਹਨ ਸਿੰਘ ਵਾਲਾ ਨੇ ਕਿਹਾ ਕਿ ਜਦੋਂ ਪੰਜਾਬ ਅੰਦਰ ਕਾਂਗਰਸ, ਬਾਦਲ ਦਲ ਤੇ ਭਾਜਪਾ ਸਰਕਾਰ ਨੇ ਪੰਜਾਬ ਦੇ ਲੋਕਾਂ ਦਾ 75 ਸਾਲਾ ਦੌਰਾਨ ਕੁਝ ਵੀ ਨਹੀਂ ਸੰਵਾਰਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਹੋਈਆਂ, ਨਸ਼ੇ ਨਾਲ ਨੌਜਵਾਨੀ ਬਰਬਾਦ ਹੋ ਗਈ, ਪੰਜਾਬ ਦੇ ਪਾਣੀਆਂ ਦੀ ਲੁੱਟ ਹੋਈ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬ ਹਾਈ ਕੋਰਟ ਅਤੇ ਪੰਜਾਬੀ ਯੂਨੀਵਰਸਿਟੀਆਂ ਤੱਕ ਖੋ ਲਈਆਂ ਗਈਆਂ, ਪੰਜਾਬੀ ਮਾਂ ਬੋਲੀ ਦਾ ਵਿਕਾਸ ਨਹੀਂ ਹੋਇਆ ਤੇ ਉਸ ਨੂੰ ਜਾਣ-ਬੁੱਝ ਕੇ ਅੱਖੋਂ ਪਰੋਖੇ ਕੀਤਾ ਗਿਆ, ਸਾਡੇ ਦਰਿਆਵਾਂ ਦੇ ਹੈਡ ਵਰਕਰਸ ਤੇ ਸੈਂਟਰ ਦੀ ਦਿੱਲੀ ਸਰਕਾਰ ਨੇ ਕਬਜ਼ੇ ਕਰ ਲਏ, ਸਾਡੀ ਇੰਡਸਟਰੀ ਪੰਜਾਬ ਤੋਂ ਬਾਹਰਲੇ ਸੂਬਿਆਂ ਵਿੱਚ ਚਲੀ ਗਈ, ਟਰਾਂਸਪੋਰਟਰ ਤਬਾਹ ਹੋ ਗਏ, ਬਾਹਰਲੇ ਸੂਬਿਆਂ ਵਿੱਚ ਪੰਜਾਬੀਆਂ ਨੂੰ ਜ਼ਮੀਨਾਂ ਖਰੀਦਣ 'ਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ, ਸਾਡੇ ਬੰਦੀ ਸਿੰਘ ਜੇਲ੍ਹਾਂ ਵਿੱਚ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਜੇਲ੍ਹਾਂ ਅੰਦਰ ਗੈਰ ਕਾਨੂੰਨੀ ਢੰਗ ਨਾਲ ਬੰਦ ਹਨ, ਸਾਡੇ ਕਿਸਾਨਾਂ ਤੇ ਤਿੰਨ ਕਾਲੇ ਕਾਨੂੰਨ ਲਾਗੂ ਕਰਕੇ ਕੇਂਦਰ ਦੀ ਆਰਐਸਐਸ ਭਾਜਪਾ ਦੀ ਮੋਦੀ ਸਰਕਾਰ ਨੇ 700 ਤੋਂ ਵੱਧ ਕਿਸਾਨਾਂ ਦੀਆਂ ਜਾਨਾਂ ਲੈ ਲਈਆਂ ਅਤੇ ਅਜੇ ਤੱਕ ਡਾਕਟਰ ਸਵਾਮੀਨਾਥਨ ਕਮਿਸ਼ਨ ਲਾਗੂ ਨਹੀਂ ਹੋਇਆ, ਪੰਜਾਬ ਦਾ ਕਿਸਾਨ ਮਜ਼ਦੂਰ ਤੇ ਛੋਟਾ ਦੁਕਾਨਦਾਰ ਸਰਕਾਰ ਦੀਆਂ ਪੰਜਾਬ ਮਾਰੂ ਨੀਤੀਆਂ ਕਾਰਨ ਖੁਦਕੁਸ਼ੀਆਂ ਕਰ ਰਿਹਾ ਹੈ, ਪਰ ਜੋ ਉਪਰੋਕਤ ਸਾਰੀਆਂ ਵਧੀਕੀਆਂ ਪੰਜਾਬ ਦੀ ਜਨਤਾ ਨਾਲ ਹੋਈਆਂ ਆਪ ਜੀ ਨੇ ਆਪਣੀ ਪਾਰਟੀ ਦਾ ਚੋਣਾਂ ਦੌਰਾਨ ਮੈਨੀਫੈਸਟੋ ਜਾਰੀ ਕਰਕੇ ਕਾਨਫਰੰਸ ਅਤੇ ਚੋਣ ਰੈਲੀਆਂ ਰਾਹੀਂ ਕਿਹਾ ਸੀ ਕਿ ਕਿਸਾਨ ਮਜ਼ਦੂਰਾਂ ਤੇ ਛੋਟੇ ਦੁਕਾਨਦਾਰਾਂ ਦਾ ਕਰਜ਼ਾ ਮੁਆਫ਼ ਕਰ ਦਿੱਤਾ ਜਾਵੇਗਾ ਅਤੇ ਬੀ.ਏ ਤੱਕ ਦੀ ਵਿਦਿਆ ਫਰੀ ਕਰ ਦਿੱਤੀ ਜਾਵੇਗੀ, ਸਿਹਤ ਸਹੂਲਤਾਂ ਬਿਲਕੁਲ ਫ੍ਰੀ ਦਿੱਤੀਆਂ ਜਾਣਗੀਆਂ, ਨਸ਼ਾ ਜੜ੍ਹ ਤੋਂ ਖਤਮ ਹੋਵੇਗਾ ਤੇ ਕਿਸਾਨਾਂ ਦੇ ਲਿਫਟ ਪੰਪ ਲੱਗੇ ਹੋਏ ਹਨ ਉਨ੍ਹਾਂ ਨੂੰ ਬਿੱਲ ਮੁਕਤ ਕਰ ਦਿੱਤਾ ਜਾਵੇਗਾ, ਮੱਛੀ ਫਾਰਮਾ ਨੂੰ ਵੀ ਬਿੱਲ ਮੁਕਤ ਕਰ ਦਿੱਤਾ ਜਾਵੇਗਾ, ਪਰ ਦੋ ਸਾਲ ਤੁਹਾਡੀ ਸਰਕਾਰ ਨੂੰ ਬੀਤ ਜਾਣ ਦੇ ਬਾਵਜੂਦ ਇਹ ਸਾਰਾ ਕੁਝ ਨਹੀਂ ਹੋਇਆ।

# ਆਜ਼ਾਦੀ ਘੁਲਾਟੀਏ ਹਰਭਜਨ ਸਿੰਘ ਦੀ ਯਾਦ ਨੂੰ ਸਮਰਪਤ ਸਮਾਰਕ ਦਾ ਉਦਘਾਟਨ



ਸਮਾਰਕ ਦਾ ਉਦਘਾਟਨ ਕਰਦੇ ਹੋਏ ਜਥੇਬੰਦੀ ਦੇ ਆਗੂ ਇੰਦਰਪਾਲ ਸਿੰਘ ਧਾਲੀਵਾਲ ਤੇ ਪਤਵੰਤੇ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਸੁਤੰਤਰਤਾ ਸੰਗਰਾਮੀ ਉੱਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਦੀ ਅਗਵਾਈ ਹੇਠ ਮੇਰੀ ਮਿੱਟੀ ਮੇਰਾ ਦੇਸ਼ ਮੁਹਿੰਮ ਤਹਿਤ ਉੱਪ ਮੰਡਲ ਅਫਸਰ ਪਾਤੜਾਂ ਨਵਦੀਪ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਪੰਚਾਇਤ ਘੱਗਾ ਦੇ ਕਾਰਜ ਸਾਧਕ ਅਫਸਰ ਸ੍ਰੀਮਤੀ ਬਲਜਿੰਦਰ ਕੌਰ ਦੀ ਦੇਖ-ਰੇਖ ਹੇਠ ਆਜ਼ਾਦੀ ਘੁਲਾਟੀਏ ਹਰਭਜਨ ਸਿੰਘ ਤੇ ਆਜ਼ਾਦੀ ਘੁਲਾਟੀਏ ਨਾਜ਼ਰ ਸਿੰਘ ਦੀ ਯਾਦ ਨੂੰ ਸਮਰਪਤ ਸਮਾਰਕ ਦਾ ਉਦਘਾਟਨ ਕੀਤਾ ਗਿਆ। ਦੇਸ਼ ਭਗਤਾਂ ਨੂੰ ਸਰਧਾਂਜਲੀ ਭੇਂਟ ਕਰਦਿਆਂ ਆਜ਼ਾਦੀ ਘੁਲਾਟੀਏ ਹਰਭਜਨ ਸਿੰਘ ਦੀ ਬੇਟੀ ਨੇ ਸਮਾਗਮ ਵਿੱਚ ਸ਼ਾਮਲ ਹੋਏ ਸਾਰੇ ਅਧਿਕਾਰੀਆਂ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਸੁਤੰਤਰਤਾ ਸੰਗਰਾਮੀ ਉੱਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਨੇ ਸਮਾਗਮ ਵਿੱਚ ਵਿਸ਼ੇਸ ਤੌਰ 'ਤੇ ਸ਼ਿਰਕਤ ਕਰਦਿਆਂ ਨਗਰ ਪੰਚਾਇਤ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ। ਫਰੀਡਮ ਫਾਈਟਰ ਹਰਭਜਨ ਸਿੰਘ ਦੇ ਪਰਿਵਾਰਕ ਮੈਂਬਰਾਂ ਸਤਪਾਲ ਕੌਰ ਸੋਹੀ ਢੀਂਡਸਾ, ਪਰਦੁਮਨ ਸਿੰਘ ਢੀਂਡਸਾ ਵੱਲੋਂ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਤੇ ਹਰਨੇਕ ਸਿੰਘ ਭੁੱਲਰ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਨਗਰ ਪੰਚਾਇਤ ਘੱਗਾ ਦੇ ਈ ਓ ਬਲਜਿੰਦਰ ਕੌਰ, ਪ੍ਰਿੰਸੀਪਲ ਸੁਖਜਿੰਦਰ ਕੌਰ, ਸਤਪਾਲ ਕੌਰ ਸੋਹੀ ਢੀਂਡਸਾ, ਪਰਦੁਮਨ ਸਿੰਘ ਢੀਂਡਸਾ, ਰੁਪਿੰਦਰਪਾਲ ਸਿੰਘ ਤੇ ਤੇਜਿੰਦਰਪਾਲ ਸਿੰਘ ਸੁਤੰਤਰਤਾ ਸੰਗਰਾਮੀ ਉੱਤਰਾਧਿਕਾਰੀ ਹਾਜ਼ਰ ਸਨ।

# ਨੈਸ਼ਨਲ ਪ੍ਰੋਜੈਕਟ ਗੁਰੂਵੰਦਨ ਛਾਤਰ ਅਭਿਨੰਦਨ ਤਹਿਤ ਸਮਾਗਮ ਕਰਾਇਆ



ਅਧਿਆਪਕਾਂ ਤੇ ਬੱਚਿਆਂ ਨੂੰ ਸਨਮਾਨਤ ਕਰਦੇ ਹੋਏ ਮੁੱਖ ਮਹਿਮਾਨ ਤੇ ਭਾਰਤ ਵਿਕਾਸ ਪ੍ਰੀਸ਼ਦ ਦੇ ਮੈਂਬਰ।

**ਜਲਾਲਾਬਾਦ (ਜੀਤ ਕੁਮਾਰ)**
ਭਾਰਤ ਵਿਕਾਸ ਪ੍ਰੀਸ਼ਦ ਜਲਾਲਾਬਾਦ ਵੱਲੋਂ ਨੈਸ਼ਨਲ ਪ੍ਰੋਜੈਕਟ ਗੁਰੂਵੰਦਨ ਛਾਤਰ ਅਭਿਨੰਦਨ ਤਹਿਤ ਸ਼ਿਵਾਲਿਕ ਪਬਲਿਕ ਸੀ.ਸ. ਸਕੂਲ ਫਲੀਆਂਵਾਲਾ ਵਿਖੇ ਇੱਕ ਵਿਸ਼ੇਸ਼ ਤੇ ਪ੍ਰਭਾਵਸ਼ਾਲੀ ਸਮਾਗਮ ਕਰਾਇਆ ਗਿਆ।

ਸਮਾਗਮ 'ਚ ਮੁੱਖ ਮਹਿਮਾਨ ਵਜੋਂ ਅਨਿਲ ਘੀਕ ਉਦਯੋਗਪਤੀ, ਚਰਨਜੀਤ ਸਿੰਘ (ਸੋਨੂੰ ਧਮੀਜਾ) ਜ਼ਿਲ੍ਹਾ ਪ੍ਰਧਾਨ ਰਾਈਸ ਮਿੱਲਰ ਐਸੋਸੀਏਸ਼ਨ ਫ਼ਾਜ਼ਿਲਕਾ, ਭੁਪਿੰਦਰ ਸਿੰਘ ਮਦਾਨ ਐਮ ਡੀ ਏਕਮ ਰਾਈਸ ਮਿੱਲ, ਮਦਨ ਲਾਲ ਗੁੰਬਰ ਪ੍ਰਸਿੱਧ ਸਮਾਜ ਸੇਵੀ, ਰਮੇਸ਼ ਚੁਚਰਾ ਕਨਵੀਨਰ ਪੰਜਾਬ ਸਾਊਥ, ਜ਼ਿਲ੍ਹਾ ਪ੍ਰਧਾਨ ਦਵਿੰਦਰ ਕੁੱਕੜ, ਬਰਾਂਚ ਪ੍ਰਧਾਨ ਪ੍ਰਵੇਸ਼ ਖੰਨਾ, ਸਕੱਤਰ ਰੋਸ਼ਨ ਲਾਲ ਅਸੀਜਾ, ਖਜਾਨਚੀ ਰਮੇਸ਼ ਸਿਡਾਨਾ, ਸਟੇਟ ਮੈਂਬਰ ਰਾਜੇਸ਼ ਪਰੂਥੀ, ਦੇਵ ਰਾਜ ਸ਼ਰਮਾ ਚੇਅਰਮੈਨ ਮਾਰਕੀਟ ਕਮੇਟੀ ਅਤੇ ਪ੍ਰੋਜੈਕਟ ਇੰਚਾਰਜ ਸੁਰੇਸ਼ ਗਾਬਾ ਸ਼ਾਮਲ ਹੋਏ।

ਇਸ ਮੌਕੇ ਬ੍ਰਾਂਚ ਪ੍ਰਧਾਨ ਪ੍ਰਵੇਸ਼ ਖੰਨਾ ਨੇ ਆਏ ਹੋਏ ਮੁੱਖ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਉੱਥੇ ਹੀ ਵੱਖ-ਵੱਖ ਸਕੂਲਾਂ ਤੋਂ ਆਏ ਅਧਿਆਪਕ ਅਤੇ ਬੱਚਿਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਸਵਾਗਤ ਕੀਤਾ। ਬ੍ਰਾਂਚ ਪ੍ਰਧਾਨ ਪ੍ਰਵੇਸ਼ ਖੰਨਾ ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਸੰਸਥਾਂ ਨੂੰ ਵਿੱਤੀ ਸਹਿਯੋਗ ਦੇਣ ਦੇ ਲਈ ਉਹਨਾਂ ਦਾ ਸ਼ੁਕਰੀਆ ਅਦਾ ਕੀਤਾ। ਸਮਾਗਮ 'ਚ ਸ਼ਾਮਲ ਮੁੱਖ ਮਹਿਮਾਨਾਂ ਨੇ ਇਸ ਤਰ੍ਹਾਂ ਦੇ ਸਮਾਗਮ ਕਰਾਉਣ ਲਈ ਸੰਸਥਾ ਦੇ ਇਸ ਉੱਦਮ ਦੀ ਭਰਪੂਰ ਸ਼ਾਲਾਘਾ ਕੀਤੀ। ਸਮਾਗਮ 'ਚ ਵੱਖ-ਵੱਖ 21 ਸਕੂਲਾਂ ਦੇ 27 ਅਧਿਆਪਕ ਅਤੇ 40 ਬੱਚਿਆਂ ਨੂੰ ਆਪਣੇ ਆਪਣੇ ਖੇਤਰ ਵਿੱਚ ਯੋਗਦਾਨ ਪਾਉਣ ਲਈ ਸਨਮਾਨਤ ਕੀਤਾ ਗਿਆ।

ਸਾਬਕਾ ਪ੍ਰਧਾਨ ਮਦਨ ਲਾਲ ਦੂਮੜਾ ਨੇ ਸੰਸਥਾ ਦੇ ਕਾਰਜਾਂ ਸਬੰਧੀ ਵਿਸਥਾਰ ਨਾਲ ਦੱਸਿਆ। ਸਾਬਕਾ ਪ੍ਰਧਾਨ ਤਰਸੇਮ ਵਿਖੌਣਾ, ਪਵਨ ਅਰੋੜਾ, ਜਸਕਰਨਜੀਤ ਸਿੰਘ, ਅਮਨਪ੍ਰੀਤ ਕੌਰ ਅਤੇ ਅਰਚਨਾ ਅਰੋੜਾ ਨੇ ਅਧਿਆਪਕਾਂ ਤੇ ਵਿਦਿਅਰਥੀਆਂ ਦੇ ਰਿਸ਼ਤੇ ਬਾਰੇ ਵਿਸਥਾਰ ਨਾਲ ਦੱਸਿਆ। ਮੰਚ ਸੰਚਾਲਨ ਰੋਸ਼ਨ ਲਾਲ ਅਸੀਜਾ ਨੇ ਕੀਤਾ ਤੇ ਖ਼ਜ਼ਾਨਚੀ ਰਮੇਸ਼ ਸਿਡਾਨਾ ਨੇ ਰਿਫਰੈਸ਼ਮੈਂਟ ਦਾ ਇੰਤਜ਼ਾਮ ਬਾਖੂਬੀ ਨਿਭਾਇਆ। ਪ੍ਰੋਜੈਕਟ ਇੰਚਾਰਜ ਸੁਰੇਸ਼ ਗਾਬਾ ਅਤੇ ਰਾਜਨ ਦੂਮੜਾ ਵਲੰਟੀਅਰ ਨੇ ਹਰ ਸੰਭਵ ਸਹਿਯੋਗ ਦਿੱਤਾ। ਵਿਜੇ ਖੰਨਾ ਅਤੇ ਸੰਯਮ ਸਹਿਗਲ ਨੇ ਆਪਣੇ ਗੀਤਾਂ ਰਾਹੀਂ ਸਮਾਗਮ ਨੂੰ ਸੰਗੀਤਮਈ ਬਣਾਇਆ। ਸੰਸਥਾਂ ਵੱਲੋਂ ਆਏ ਹੋਏ ਸਾਰੇ ਮੁੱਖ ਮਹਿਮਾਨਾਂ ਨੂੰ ਸਨਮਾਨਤ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਦਵਿੰਦਰ ਕੁੱਕੜ ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਅਧਿਆਪਕਾਂ ਤੇ ਬੱਚਿਆਂ ਦਾ ਧੰਨਵਾਦ ਕੀਤਾ ਉੱਥੇ ਹੀ ਸੰਜੀਵ ਦਹੂਜਾ ਚੇਅਰਮੈਨ ਤੇ ਪ੍ਰਿੰਸੀਪਲ ਸ਼ਗੁਫ਼ਤਾ ਸ਼ਰਮਾ ਦਾ ਵੀ ਪੂਰਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ।

page-6-3-(OCTO)-2023-G-(BV).qxd 10/2/2023 10:24 PM Page 1



# ਅੱਗ ਲੱਗਣ ਕਾਰਨ ਸੌ ਦੇ ਕਰੀਬ ਝੁੱਗੀਆਂ ਸੜ ਕੇ ਸਵਾਹ



ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬੱਸੀ ਪਠਾਣਾਂ ਦੇ ਸੰਘੋਲ ਬਾਈਪਾਸ ਨਜ਼ਦੀਕ ਅੱਜ ਦੁਪਹਿਰੇ ਅਚਾਨਕ ਅੱਗ ਲੱਗ ਜਾਣ ਕਾਰਨ ਸੌ ਦੇ ਕਰੀਬ ਝੁੱਗੀਆਂ ਸੜ ਕੇ ਸੁਆਹ ਹੋ ਗਈਆਂ ਹਾਲਾਂਕਿ ਇਸ ਹਾਦਸੇ 'ਚ ਕਿਸੇ ਕਿਸਮ ਦੇ ਜਾਨੀ ਨੁਕਸਾਨ ਦੀ ਖਬਰ ਨਹੀਂ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਬੱਸੀ ਪਠਾਣਾਂ ਵਿਖੇ ਝੁੱਗੀਆਂ ਦੇ ਇੱਕ ਸਮੂਹ ਜਿਸ ਵਿੱਚ ਜ਼ਿਆਦਾਤਰ ਲੋਕ ਮੁਸਲਿਮ ਭਾਈਚਾਰੇ ਨਾਲ ਸਬੰਧਿਤ ਦੱਸੇ ਜਾਂਦੇ ਹਨ, ਵਿਖੇ ਰਹਿੰਦਾ ਜ਼ਾਕਿਰ ਨਾਮਕ ਵਿਅਕਤੀ ਦੁਪਹਿਰ ਸਾਢੇ ਕੁ ਬਾਰਾਂ ਵਜੇ ਜਦੋਂ ਆਪਣੀ ਝੁੱਗੀ 'ਚ ਖਾਣਾ ਬਣਾ ਰਿਹਾ ਸੀ ਤਾਂ ਉੱਥੇ ਪਏ ਗੈਸ ਸਿਲੰਡਰ ਨੇ ਅੱਗ ਫੜ ਲਈ ਜਿਸ ਤੋਂ ਬਾਅਦ ਕੁਝ ਹੀ ਮਿੰਟਾਂ 'ਚ ਅੱਗ ਨੇ ਨੇੜੇ ਦੀਆਂ ਝੁੱਗੀਆਂ ਨੂੰ ਵੀ ਆਪਣੀ ਲਪੇਟ 'ਚ ਲੈ ਲਿਆ ਜਿਸ ਦੀ ਸੂਚਨਾ ਪੁਲਸ ਅਤੇ ਫਾਇਰ ਬ੍ਰਿਗੇਡ ਨੂੰ ਦਿੱਤੀ ਗਈ ਜਿਸ ਤੋਂ ਬਾਅਦ ਮੰਡੀ ਗੋਬਿੰਦਗੜ੍ਹ ਅਤੇ ਸਰਹਿੰਦ ਤੋਂ ਆਏ ਫਾਇਰਮੈਨਾਂ ਅਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਬੜੀ ਮੁਸ਼ੱਕਤ ਕਰਕੇ ਅੱਗ 'ਤੇ ਕਾਬੂ ਪਾਇਆ।

ਇਸ ਮੌਕੇ ਪੁਲਸ ਕਰਮਚਾਰੀ ਇੱਕ ਨਵ ਜਨਮੇ ਬੱਚੇ ਅਤੇ ਉਸਦੀ ਮਾਂ ਸਣੇ ਝੁੱਗੀਆਂ 'ਚ ਰਹਿ ਰਹੇ ਲੋਕਾਂ ਨੂੰ ਸੁਰੱਖਿਅਤ ਥਾਂ 'ਤੇ ਪਹੁੰਚਾਉਂਦੇ ਹੋਏ ਅਤੇ ਉਨ੍ਹਾਂ ਦੇ ਸਾਮਾਨ ਨੂੰ ਬਾਹਰ ਕੱਢਦੇ ਹੋਏ ਨਜ਼ਰ ਆਏ। ਅੱਗ ਲੱਗਣ ਦੀ ਇਸ ਘਟਨਾ ਕਾਰਨ ਝੁੱਗੀਆਂ 'ਚ ਰਹਿ ਰਹੇ ਲੋਕਾਂ ਦਾ ਵੱਡੀ ਗਿਣਤੀ 'ਚ ਸਾਮਾਨ ਸੜਨ ਦਾ ਅਨੁਮਾਨ ਹੈ।

# ਬਜ਼ੁਰਗ ਸਮਾਜ ਦਾ ਸਰਮਾਇਆ ਹਨ : ਡਾ. ਜਵੰਦਾ



ਸੰਗਰੂਰ (ਪ੍ਰਵੀਨ ਸਿੰਘ) ਬਨਾਸਰ ਬਾਗ ਵਿਖੇ ਸਥਿਤ ਸੀਨੀਅਰ ਸਿਟੀਜਨ ਭਲਾਈ ਸੰਸਥਾ ਵੱਲੋਂ ਅੰਤਰਰਾਸ਼ਟਰੀ ਸੀਨੀਅਰ ਸਿਟੀਜ਼ਨ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰਸਿੱਧ ਚਿੰਤਕ ਤੇ ਵਾਤਾਵਰਣ ਪ੍ਰੇਮੀ ਪਾਲਾ ਮੱਲ ਸਿੰਗਲਾ ਸੰਸਥਾ ਪ੍ਰਧਾਨ ਦੀ ਯੋਗ ਅਗਵਾਈ, ਗੁਰਪਾਲ ਸਿੰਘ ਗਿੱਲ ਸਰਪ੍ਰਸਤ, ਇੰਜ ਪਰਵੀਨ ਬਾਂਸਲ, ਪ੍ਰੇਮ ਚੰਦ ਗਰਗ, ਸੱਤਦੇਵ ਸ਼ਰਮਾ, ਬਾਲ ਕ੍ਰਿਸ਼ਨ, ਅਵਿਨਾਸ਼ ਸ਼ਰਮਾ, ਪ੍ਰੇਮ ਚੰਦ ਗਰਗ, ਸੁਰਿੰਦਰ ਸ਼ੋਰੀ, ਅਵਿਨਾਸ਼ ਸ਼ਰਮਾ ਦੀ ਦੇਖ-ਰੇਖ ਹੋਏ ਇਸ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਡਾ. ਗੁਨਿੰਦਰ ਸਿੰਘ ਸਿੰਘ ਜਵੰਦਾ ਚੇਅਰਮੈਨ ਇਨਫੋਟੈਕ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਨਾਲ ਮਨਦੀਪ ਸਿੰਘ ਲੱਖੋਵਾਲ, ਲਵਲੀਨ ਬੜਿੰਗ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਬਲਵਿੰਦਰ ਕੌਰ ਸੋਹੀ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਵੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ, ਜਦੋਂ ਕਿ ਸੀਨੀਅਰ ਸਰਪ੍ਰਸਤ ਇੰਜ ਬਲਦੇਵ ਸਿੰਘ ਗੋਸਲ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਪ੍ਰੀਤਮ ਸਿੰਘ ਪੀਤੂ ਚੇਅਰਮੈਨ ਇੰਮਰੂਵਮੈਂਟ ਟਰੱਸਟ, ਅਵਤਾਰ ਸਿੰਘ ਈਲਵਾਲ ਚੇਅਰਮੈਨ ਮਾਰਕੀਟ ਕਮੇਟੀ ਨੇ ਸੰਸਥਾ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸਲਾਘਾ ਕੀਤੀ ਤੇ ਜਨਮ ਦਿਨ ਵਾਲਿਆਂ ਨੂੰ ਸਨਮਾਨਤ ਕੀਤਾ। ਡਾ. ਗੁਨਿੰਦਰ ਜੀਤ ਸਿੰਘ ਮਿੰਕੂ ਜਵੰਦਾ ਨੇ ਪ੍ਰਧਾਨਗੀ ਮੰਡਲ, ਕਾਰਜਕਾਰਨੀ ਕਮੇਟੀ ਮੈਂਬਰਾਂ ਨਾਲ ਸੰਸਥਾ ਦੀਆਂ ਸਰਗਰਮੀਆਂ ਤੇ ਪ੍ਰੇਰਨਾਦਾਇਕ ਰਚਨਾਵਾਂ ਨਾਲ ਖੂਬਸੂਰਤ ਸੋਵੀਨਰ ਤਾੜੀਆਂ ਦੀ ਗੂੰਜ ਵਿੱਚ ਜਾਰੀ ਕੀਤਾ।

# ਕਾਮਿਆਂ ਦਾ ਸਮਾਂ 8 ਤੋਂ ਵਧਾ ਕੇ 12 ਘੰਟੇ ਕਰਨ ਦੀ ਨਿੰਦਾ



ਸੰਗਰੂਰ (ਪ੍ਰਵੀਨ ਸਿੰਘ)-ਸਾਬਕਾ ਸਰਪੰਚ ਥਲੇਸ ਵਰਿਆਮ ਸਿੰਘ ਚੰਦੜ ਤੇ ਡਾ. ਸੁਖਚੈਨ ਸਿੰਘ ਸਾਰੋਂ ਸ਼੍ਰੋਮਣੀ ਅਕਾਲੀ ਦਲ ਅਨੁਸੂਚਿਤ ਜਾਤੀਆਂ ਵਿੰਗ ਦੇ ਸੀਨੀਅਰ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਖੇਤੀ ਮਜ਼ਦੂਰਾਂ, ਦਿਹਾੜੀਦਾਰ ਮਜ਼ਦੂਰਾਂ, ਮਨਰੇਗਾ ਮਜ਼ਦੂਰਾਂ ਤੇ ਫੈਕਟਰੀਆਂ ਵਿੱਚ ਕੰਮ ਕਰਦਿਆਂ ਗਰੀਬ ਮਜ਼ਦੂਰਾਂ ਦੀ ਦਿਹਾੜੀ ਦਾ ਕੰਮ ਕਰਨ ਦਾ ਸਮਾਂ 8 ਘੰਟਿਆਂ ਤੋਂ ਵਧਾ ਕੇ 12 ਘੰਟਿਆਂ ਦਾ ਨੋਟੀਫਿਕੇਸ਼ਨ ਕਰ ਦਿੱਤਾ ਹੈ।

ਇਹ ਨੋਟੀਫਿਕੇਸ਼ਨ ਮਾਨ ਸਰਕਾਰ ਨੇ ਚੁੱਪ ਚਾਪ, ਚੋਰੀ-ਚੋਰੀ ਜਾਰੀ ਕਰਕੇ ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰ ਦਿੱਤਾ ਹੈ। ਵਰਿਆਮ ਸਿੰਘ ਚੰਦੜ ਤੇ ਡਾ. ਸੁਖਚੈਨ ਸਿੰਘ ਸਾਰੋਂ ਨੇ ਭਾਰਤ ਰਤਨ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਨ੍ਹਾਂ ਨੇ ਬਹੁਤ ਸੰਘਰਸ਼ ਕਰਕੇ ਗਰੀਬ ਮਜ਼ਦੂਰਾਂ ਨੂੰ ਲਾਮਬੰਦ ਕਰਕੇ ਉਨ੍ਹਾਂ ਦਾ ਕੰਮ ਕਰਨ ਦਾ ਸਮਾਂ 12 ਘੰਟਿਆਂ ਤੋਂ ਘੱਟ ਕਰਕੇ 8 ਘੰਟੇ ਕਰਵਾਇਆ ਸੀ। ਇਸ ਸਮੇਂ ਨਿਰਮਲ ਸਿੰਘ ਭੜੋ ਸਾਬਕਾ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ, ਹਰਜੀਵਨ ਸਿੰਘ ਲਾਡੀ, ਸਾਬਕਾ ਸਰਪੰਚ ਗੁਰਦਾਸਪੁਰਾ, ਡਾ. ਰਾਜ ਸਿੰਘ ਭਲਵਾਨ, ਗੋਬਿੰਦਰ ਸਿੰਘ ਵੀਗਾਂਵਾਸੀ ਤੇ ਬਿੱਟੂ ਡਾਕਟਰ ਬਡਰੁੱਖਾਂ ਆਦਿ ਹਾਜ਼ਰ ਸਨ।

# ਕੱਟੇ ਰਾਸ਼ਨ ਕਾਰਡਾਂ ਦੀ ਬਹਾਲੀ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ



ਪਠਾਨਕੋਟ (ਦਵਿੰਦਰ ਸਿੰਘ)-ਗਰੀਬ ਪਰਿਵਾਰਾਂ ਦੇ ਕੱਟੇ ਰਾਸ਼ਨ ਕਾਰਡਾਂ ਨੂੰ ਲੈ ਕੇ ਜ਼ਿਲ੍ਹਾ ਹੈੱਡਕੁਆਰਟਰ ਪਠਾਨਕੋਟ ਵਿਖੇ ਅਣਮਿੱਥੇ ਸਮੇਂ ਲਈ ਲੱਗਾ ਦਿਨ-ਰਾਤ ਦਾ ਧਰਨਾ ਦਿਹਾਤੀ ਮਜ਼ਦੂਰ ਸਭਾ ਦੀ ਅਗਵਾਈ ਹੇਠ ਅੱਜ 30ਵੇਂ ਦਿਨ ਵੀ ਜਾਰੀ ਰਿਹਾ।

ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਪਠਾਨਕੋਟ ਵੱਲੋਂ ਗਰੀਬ ਲੋਕਾਂ ਦੀਆਂ ਮੰਗਾਂ/ਮੁਸ਼ਕਲਾਂ ਨੂੰ ਅਣਗੌਲਿਆਂ ਕਰਨ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਸਾਥੀ ਅਜੀਤ ਰਾਮ ਗੰਦਲਾਂ ਲਾਹੜੀ, ਪਰਵੀਨ ਕੁਮਾਰ ਬਮਿਆਲ, ਯਸ਼ਪਾਲ, ਬਲਕਾਰ ਚੰਦ ਭਰਿਆਲ ਲਾਹੜੀ ਨੇ ਕਿਹਾ ਕਿ ਜਦੋਂ ਤੱਕ ਸਾਰੇ ਗਰੀਬ ਲੋਕਾਂ ਦੇ ਰਾਸ਼ਨ ਕਾਰਡ ਨਹੀਂ ਬਣਦੇ ਜ਼ਿਲ੍ਹਾ ਹੈੱਡਕੁਆਰਟਰ ਪਠਾਨਕੋਟ ਵਿਖੇ ਲੱਗਾ ਧਰਨਾ ਜਾਰੀ ਰਹੇਗਾ ਅਤੇ ਪਿੰਡਾਂ ਵਿੱਚ ਛੋਟੀਆਂ ਛੋਟੀਆਂ ਵੇਹੜਾ ਮੀਟਿੰਗਾਂ ਕਰਕੇ ਲੋਕਾਂ ਨੂੰ ਲਾਮਬੰਦ ਕਰਨ ਦਾ ਉਪਰਾਲਾ ਵੀ ਜਾਰੀ ਰਹੇਗਾ।

ਵੇਹੜਾ ਮੀਟਿੰਗਾਂ ਵਿੱਚ ਹਾਜ਼ਰ ਮਜ਼ਦੂਰ ਆਗੂ ਕਾਮਰੇਡ ਸ਼ਿਵ ਕੁਮਾਰ ਨੇ ਕਿਹਾ ਕਿ ਪਹਿਲਾਂ ਸਰਕਾਰ ਨੇ ਗਰੀਬ ਪਰਿਵਾਰਾਂ ਦੇ ਰਾਸ਼ਨ ਕਾਰਡ ਨਾਜਾਇਜ਼ ਢੰਗ ਨਾਲ ਕੱਟ ਕੇ ਨਿਗੂਣੀ ਕਣਕ ਦੀ ਰਾਹਤ ਖੋਹ ਲਈ ਅਤੇ ਹੁਣ ਮਾਨ ਸਰਕਾਰ ਨੇ ਮਜ਼ਦੂਰਾਂ 'ਤੇ ਇੱਕ ਹੋਰ ਹਮਲਾ ਕਰਦਿਆਂ ਪਿਛਲੇ ਹਫਤੇ ਨੋਟੀਫਿਕੇਸ਼ਨ ਜਾਰੀ ਕਰਕੇ ਕੰਮ ਦਿਹਾੜੀ ਦਾ ਸਮਾਂ ਅੱਠ ਘੰਟੇ ਤੋਂ ਵਧਾ ਕੇ ਬਾਰਾਂ ਘੰਟੇ ਕਰਕੇ ਸਰਮਾਏਦਾਰਾਂ ਨੂੰ ਮਜ਼ਦੂਰਾਂ ਦੀ ਆਰਥਿਕ ਤੇ ਜਿਸਮਾਨੀ ਲੁੱਟ ਕਰਨ ਦਾ ਰਾਹ ਪੱਧਰਾ ਕਰਦਿਆਂ ਮੋਦੀ ਸਰਕਾਰ ਦੀ ਹਾਂ ਵਿੱਚ ਹਾਂ ਮਿਲਾ ਕੇ ਮਜ਼ਦੂਰ ਜਮਾਤ ਦਾ ਵਿਰੋਧੀ ਤੇ ਪੂੰਜੀਪਤੀਆਂ ਦਾ ਮਿੱਤਰ ਸਾਬਤ ਹੋਣ ਦਾ ਸਬੂਤ ਦੇ ਦਿੱਤਾ।

# ਮਹਾਤਮਾ ਗਾਂਧੀ ਦੀ 154ਵੀਂ ਜੈਯੰਤੀ ਮਨਾਈ

ਮਲੋਟ, (ਗੁਰਮੀਤ ਸਿੰਘ ਮੱਕੜ) ਮਿਊਂਸਪਲ ਕਮੇਟੀ ਵਿਖੇ ਸ਼ੁੱਭਦੀਪ ਸਿੰਘ ਬਿੱਟੂ ਜ਼ਿਲ੍ਹਾ ਪ੍ਰਧਾਨ ਕਾਂਗਰਸ ਤੇ ਸ਼ਿਵ ਕੁਮਾਰ ਸ਼ਿਵਾ ਬਲਾਕ ਪ੍ਰਧਾਨ ਮਲੋਟ ਦੀ ਰਹਿਨੁਮਾਈ ਹੇਠ ਮਹਾਤਮਾ ਗਾਂਧੀ ਦੀ 154ਵੀਂ ਜੈਯੰਤੀ ਮਨਾਈ ਗਈ।

ਪ੍ਰੋ. ਬਲਜੀਤ ਗਿੱਲ ਨੇ ਬੋਲਦਿਆਂ ਦੱਸਿਆ ਕਿ ਸ਼੍ਰੀ ਮਹਾਤਮਾ ਗਾਂਧੀ ਆਪਣੇ ਤਜਰਬਿਆਂ ਦੀ ਮਨੋਯਾਤਰਾ 'ਚ ਘੁੰਮਦੇ ਰਹਿੰਦੇ ਸਨ, ਉਹ ਖੁਦ ਆਪਣੀ ਪ੍ਰੀਖਿਆ ਆਪ ਹੀ ਲੈਂਦੇ ਸਨ ਤੇ ਆਪਣੀਆਂ ਗਲਤੀਆਂ ਨੂੰ ਸਵੀਕਾਰ ਕਰਦਿਆਂ ਖੁਦ ਨੂੰ ਕਈ ਵਾਰ ਸਜ਼ਾ ਦੇ ਕੇ ਪਛਤਾਵਾ ਵੀ ਕੀਤਾ ਸੀ। ਉਨ੍ਹਾਂ ਦੱਸਿਆ ਸਵੈ ਚਰਚਾ ਉਨ੍ਹਾਂ ਦੀ ਜ਼ਿੰਦਗੀ 'ਚ ਇੱਕ ਜ਼ਰੂਰੀ ਸਥਾਨ ਸੀ। ਉਹ ਆਪਣੇ ਦੋਸ਼ ਵੀ ਬਿਨ੍ਹਾਂ ਘਬਰਾਏ ਲੱਭ ਲੈਂਦੇ ਸਨ। ਉਨ੍ਹਾਂ ਦੱਸਿਆ ਕਿ ਗਾਂਧੀ ਜੀ ਸਮਾਜ ਨਾਲ ਜੁੜਨ ਦਾ ਕੋਈ ਵੀ ਮੌਕਾ ਨਹੀਂ ਛੱਡਦੇ ਸਨ। ਉਨ੍ਹਾਂ ਦੱਸਿਆ ਕਿ ਮਨੁੱਖ ਦੀ ਅੰਦਰੂਨੀ ਏਕਤਾ ਨੂੰ ਸਵੀਕਾਰ ਕਰਨ ਦੇ ਨਾਲ ਹੀ ਵਿਰੋਧੀਆਂ ਨਾਲ ਮਿਲ ਕੇ ਉਨ੍ਹਾਂ ਦਾ ਹਿਰਦੇ ਪਰਿਵਰਤਨ ਕਰਨਾ ਗਾਂਧੀ ਜੀ ਦੇ ਕੰਮ ਦਾ ਇੱਕ ਵੱਡਾ ਹਿੱਸਾ ਸੀ ਅਤੇ ਉਹ ਕਦੇ ਵੀ ਕਿਸੇ ਜਾਤ- ਪਾਤ, ਕੌਮ, ਧਰਮ ਦਾ ਭੇਦਭਾਵ ਨਹੀਂ ਰੱਖਦੇ ਸਨ।



ਮਹਾਤਮਾ ਗਾਂਧੀ ਜੀ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਕਾਂਗਰਸੀ ਆਗੂ ਤੇ ਵਰਕਰ। (ਤਸਵੀਰ: ਗੁਰਮੀਤ ਸਿੰਘ ਮੱਕੜ, ਮਲੋਟ)

ਇਸ ਮੌਕੇ 'ਤੇ ਸਾਬਕਾ ਬਲਾਕ ਪ੍ਰਧਾਨ ਨੱਥੂ ਰਾਮ ਗਾਂਧੀ, ਨਰਸਿੰਘ ਦਾਸ ਚਲਾਣਾ, ਜਗਦੀਸ਼ ਖੇੜਾ, ਬਲਕਾਰ ਸਿੰਘ ਔਲਖ, ਬਲੌਰ ਸਿੰਘ, ਡਾ. ਕੱਕੜ, ਡਾ. ਲੀਲੂ ਰਾਮ, ਓਮ ਪ੍ਰਕਾਸ਼ ਚੀਆ, ਨਿੱਕੀ ਰਾਮ, ਜਤਿੰਦਰ ਸ਼ਾਸਤਰੀ, ਅਵਤਾਰ ਸੋਨੀ, ਪੂਰਨ ਰਾਮ, ਅਜੀਤ ਸਿੰਘ, ਲੂਨਾ ਰਾਮ, ਰਾਜ ਕੁਮਾਰ, ਵਰਿੰਦਰ ਮੱਕੜ ਅਤੇ ਪਿੰਟੂ ਸਿਡਾਨਾ ਅਤੇ ਹੋਰ ਸੀਨੀਅਰ ਕਾਂਗਰਸੀ ਆਗੂ ਵੀ ਹਾਜ਼ਰ ਸਨ।

# ਰਾਸ਼ਟਰਪਿਤਾ ਨੂੰ ਸ਼ਰਧਾਂਜਲੀ ਦਿੰਦਿਆਂ ਸਵੱਛਾਂਜਲੀ ਮੁਹਿੰਮ ਚਲਾਈ



ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ) ਰਾਸ਼ਟਰਪਿਤਾ ਨੂੰ ਸਰਧਾਂਜਲੀ ਵਜੋਂ ਸਵੱਛਾਂਜਲੀ ਤਹਿਤ 'ਇਕ ਤਰੀਕ, ਇਕ ਘੰਟਾ, ਇਕ ਸਾਥ' ਸਫਾਈ ਮੁਹਿੰਮ ਸਵੇਰੇ 10 ਵਜੇ ਦਰਬਾਰ ਗੰਜ ਵਿਖੇ ਇਕੱਤਰ ਹੋ ਕੇ ਸ਼ਹਿਰ ਵਿਖੇ ਸਫਲਤਾਪੂਰਵਕ ਚਲਾਈ ਗਈ। ਇਸ ਮੁਹਿੰਮ ਵਿੱਚ ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਡਿਪਟੀ ਕਮਿਸ਼ਨਰ ਵਿਨੀਤ ਕੁਮਾਰ, ਏ.ਡੀ.ਸੀ.ਨਿਰਮਲ ਓਸੇਪਚਾਨ, ਐਸ.ਡੀ.ਐਮ ਬਲਜੀਤ ਕੌਰ, ਨਗਰ ਕੌਂਸਲ ਪ੍ਰਧਾਨ ਨਰਿੰਦਰਪਾਲ ਸਿੰਘ, ਸੈਨੇਟਰੀ ਇੰਸਪੈਕਟਰ ਦਵਿੰਦਰ ਸਿੰਘ, ਐਸ.ਬੀ.ਐਮ ਟੀਮ, ਐਮ.ਸੀ ਸਾਹਿਬਾਨ, ਸਮੂਹ ਸਫਾਈ ਕਰਮਚਾਰੀ, ਐਨ.ਜੀ.ਓਜ, ਧਾਰਮਿਕ ਸੰਸਥਾਵਾਂ, ਬਰੈਂਡ ਅੰਬੈਸਡਰ ਸ਼ਾਮਲ ਹੋਏ ਅਤੇ ਫ਼ਰੀਦਕੋਟ ਸ਼ਹਿਰ ਦੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਅਤੇ ਸ਼ਹਿਰ ਵਾਸੀਆਂ ਨੇ ਇਕੱਠੇ ਹੋ ਕੇ ਸਵੱਛਾਂਜਲੀ ਤਹਿਤ ਆਪਣਾ ਸ਼ਰਮਦਾਨ ਕੀਤਾ ਗਿਆ।

ਇਸ ਮੁਹਿੰਮ ਤਹਿਤ ਸਹਿਰ ਦੀਆਂ ਵੱਖ-ਵੱਖ ਥਾਂਵਾਂ ਜਿਵੇਂ ਸੜਕਾਂ, ਗਲੀਆਂ, ਚੌਂਕਾਂ, ਬਜ਼ਾਰਾਂ ਤੇ ਖਾਲੀ ਪਈਆਂ ਥਾਂਵਾਂ ਦੀ ਸਫ਼ਾਈ ਕੀਤੀ ਗਈ। ਖਾਲੀ ਪਏ ਪਲਾਟਾਂ ਤੋਂ ਪਲਾਸਟਿਕ ਦੇ ਲਿਫ਼ਾਫ਼ੇ ਇਕੱਠੇ ਕੀਤੇ ਗਏ।

ਇਸ ਮੌਕੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਅਤੇ ਡਿਪਟੀ ਕਮਿਸਨਰ ਵਿਨੀਤ ਕੁਮਾਰ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਅਤੇ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਤੇ ਸਿੰਗਲ ਯੂਜ ਪਲਾਸਟਿਕ ਤੋਂ ਮੁਕਤ ਰੱਖਣ ਲਈ ਇਸਦਾ ਇਸਤੇਮਾਲ ਨਾ ਕੀਤਾ ਜਾਵੇ। ਇਸ ਮੌਕੇ ਹਾਜ਼ਰ ਲੋਕਾਂ ਨੂੰ ਕੱਚ ਅਤੇ ਸਟੀਲ ਦੇ ਗਲਾਸਾਂ ਵਿੱਚ ਰਿਫਰੈਸ਼ਮੈਂਟ ਵੰਡੀ ਗਈ।

# ਬੀਬੀ ਕੌਲਾਂ ਜੀ ਭਲਾਈ ਕੇਂਦਰ ਦਾ 40ਵਾਂ ਸਾਲਾਨਾ ਸਮਾਗਮ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਬੰਦੀ ਛੋੜ ਦਿਵਸ ਅਤੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਦਾ 40ਵਾਂ ਸਾਲਾਨਾ ਸਮਾਗਮ ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ ਸ਼ਰਧਾਪੂਰਵਕ ਮਨਾਇਆ ਗਿਆ। ਸਮਾਗਮ ਦੀ ਆਰੰਭਤਾ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਗੁਰਦੁਆਰਾ ਬੀਬੀ ਕੌਲਾਂ ਜੀ ਭਾਈ ਗੁਰਦੀਪ ਸਿੰਘ ਸਲੂਜਾ ਦੇ ਜੱਥੇ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਸੰਗਤ ਰੂਪੀ ਪਾਠ ਨਾਲ ਕੀਤੀ ਗਈ। ਉਪਰੰਤ ਕਵੀ ਦਰਬਾਰ ਕਰਵਾਇਆ ਗਿਆ ਅਤੇ ਭਾਈ ਤੇਜਪਾਲ ਸਿੰਘ, ਭਾਈ ਸੁਖਵਿੰਦਰ ਸਿੰਘ ਗੋਗਾ ਵੀਰ ਜੀ, ਭਾਈ ਸੁਭਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਵਿੰਦਰਪਾਲ ਸਿੰਘ ਲਿਟਲ, ਭਾਈ ਅਮਨਦੀਪ ਸਿੰਘ ਬੀਬੀ ਕੌਲਾਂ ਵਾਲੇ, ਭਾਈ ਸਰਬਜੀਤ ਸਿੰਘ, ਭਾਈ ਰਣਜੀਤ ਸਿੰਘ ਵੱਲੋਂ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ। ਉਪਰੰਤ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਕੀਰਤਨ ਦੀਆਂ ਛਹਿਬਰਾਂ ਲਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਸਾਹਿਬ ਨੇ ਦਸਤਾਰ ਦੀ ਮਹੱਤਤਾ ਬਾਰੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹ ਦਸਤਾਰ ਕਲਗੀਧਰ ਪਾਤਸ਼ਾਹ ਜੀ ਦੀ ਬਖ਼ਸ਼ੀ ਹੋਈ ਅਮੁੱਲ ਦਾਤ ਹੈ। ਦਸਤਾਰ ਹੀ ਸਿੱਖੀ ਦੀ ਸ਼ਾਨ ਹੈ। ਉਪਰੰਤ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ, ਭਾਈ ਗੁਰਇਕਬਾਲ ਸਿੰਘ, ਭਾਈ ਅਮਨਦੀਪ ਸਿੰਘ ਵੱਲੋਂ ਤਕਰੀਬਨ 240 ਬੱਚਿਆਂ ਨੂੰ ਦਸਤਾਰਾਂ ਸਜਾਈਆਂ ਗਈਆਂ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਵੱਲੋਂ ਗੁਰਮਤਿ ਵਿਚਾਰਾਂ ਸਾਂਝੀਆਂ ਕਰਦੇ ਹੋਏ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਸਾਹਿਬ ਨੇ ਦੱਸਿਆ ਕਿ ਦਸਤਾਰਾਂ ਸਜਾਉਣ ਵਾਲੇ ਬੱਚਿਆਂ ਨੂੰ ਦਸਤਾਰਾਂ ਟਰੱਸਟ ਵੱਲੋਂ ਭੇਟਾ ਰਹਿਤ ਦਿੱਤੀਆਂ ਗਈਆਂ ਅਤੇ ਬੱਚਿਆਂ ਨੂੰ ਪਿਆਰ ਭਰੀਆਂ ਅਸੀਸਾਂ ਦੇ ਨਾਲ ਮਿਠਾਈਆਂ ਦੇ ਡੱਬੇ ਅਤੇ ਟੀ ਸ਼ਰਟਾਂ ਵੀ ਦਿੱਤੀਆਂ ਗਈਆਂ।

ਸਾਰੇ ਸਮਾਗਮ ਦੀ ਸਮਾਪਤੀ ਉਪਰੰਤ ਸ੍ਰੀ ਦਰਬਾਰ ਸਾਹਿਬ ਦੇ ਅਰਦਾਸੀਏ ਭਾਈ ਗੁਰਚਰਨ ਸਿੰਘ ਵੱਲੋਂ ਸਮਾਗਮ ਦੀ ਸਮਾਪਤੀ ਦੀ ਅਰਦਾਸ ਕੀਤੀ ਗਈ। ਇਸ ਮੌਕੇ ਪਿੰਡਾਂ, ਸ਼ਹਿਰਾਂ ਅਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਪਿਆਰ ਭਰੀਆਂ ਹਾਜ਼ਰੀਆਂ ਭਰੀਆਂ।

# ਆਤਿਸ਼ਬਾਜ਼ੀ ਜਮ੍ਹਾਂ ਕਰਨ ਵਾਲਿਆਂ ਖਿਲਾਫ਼ ਪੁਲਸ ਨੂੰ ਕਾਰਵਾਈ ਦੇ ਆਦੇਸ਼



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) ਦੁਸਹਿਰਾ ਤੇ ਦਿਵਾਲੀ ਦੇ ਤਿਉਹਾਰ ਨਜ਼ਦੀਕ ਆਉਂਦਿਆਂ ਵੇਖ ਕੇ ਦੁਕਾਨਦਾਰਾਂ ਨੇ ਆਤਿਸ਼ਬਾਜ਼ੀ ਸ਼ਹਿਰ ਦੇ ਸੰਘਣੀ ਆਬਾਦੀ ਵਾਲੇ ਇਲਾਕਿਆਂ ਵਿੱਚ ਸਟੋਰ ਕਰਨੀ ਸ਼ੁਰੂ ਕਰ ਦਿੱਤੀ, ਜਿੱਥੇ ਅਣਸੁਖਾਵੀਂ ਘਟਨਾ ਵਾਪਰਨ ਦੇ ਨਾਲ ਘਟਨਾ ਨੂੰ ਰੋਕਣ ਲਈ ਕੋਈ ਯੋਗ ਪ੍ਰਬੰਧ ਨਹੀਂ ਹਨ। ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਾ ਹੈ ਕਿ ਸ਼ਹਿਰ ਦੇ ਬੰਦ ਗਲੀ ਵਿੱਚ ਦੋ-ਤਿੰਨ ਵਪਾਰੀਆਂ ਨੇ ਆਤਿਸ਼ਬਾਜ਼ੀ ਸਟੋਰ ਕਰਨੀ ਸ਼ੁਰੂ ਕਰ ਦਿੱਤੀ ਹੈ, ਜਦੋਂਕਿ ਸਬਜ਼ੀ ਮੰਡੀ ਤੇ ਅਗਰਸੈਨ ਕਲੋਨੀ ਵਿੱਚ ਵੀ ਆਤਿਸ਼ਬਾਜ਼ੀ ਸਟੋਰ ਕਰਨ ਦੇ ਸਮਾਚਾਰ ਪ੍ਰਾਪਤ ਹੋ ਰਹੇ ਹਨ। ਬਸ ਸਟੈਂਡ ਰੋਡ 'ਤੇ ਇੱਕ ਦੁਕਾਨਦਾਰ ਨੇ ਆਪਣੀ ਦੁਕਾਨ 'ਤੇ ਬਾਹਰ ਫਲੈਕਸ ਬੋਰਡ 'ਤੇ ਲਿਖਵਾਇਆ ਹੋਇਆ ਹੈ ਕਿ ਇੱਥੇ ਪਟਾਕੇ ਥੋਕ ਰੇਟਾਂ ਵਿੱਚ ਮਿਲਦੇ ਹਨ। ਪਿਛਲੇ ਸਮਿਆਂ ਦੌਰਾਨ ਆਤਿਸ਼ਬਾਜ਼ੀ ਨਾਲ ਦੇਸ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਡੇ ਨੁਕਸਾਨ ਹੋਏ ਸਨ, ਪਰ ਪਟਾਕਿਆਂ ਦੇ ਵਪਾਰੀ ਲੋਕਾਂ ਦੀ ਦੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨਾਂ ਆਪਣੀਆਂ ਦੁਕਾਨਾਂ ਗੁਦਾਮਾਂ ਵਿੱਚ ਪਟਾਕੇ ਸਟੋਰ ਕਰ ਰਹੇ ਹਨ, ਜਦੋਂ ਕਿ ਇਨ੍ਹਾਂ ਦਾ ਇੱਕ ਸਰਗਣੇ ਨੇ ਨਹਿਰੋਂ ਪਾਰ ਪਿੰਡ ਅਜੀਮਗੜ੍ਹ ਵਿਖੇ ਪਟਾਕਿਆਂ ਦਾ ਬਹੁਤ ਵੱਡਾ ਗੋਦਾਮ ਬਣਾਇਆ ਹੋਇਆ ਹੈ, ਜਿੱਥੇ ਉਸ ਨੇ ਪਟਾਕੇ ਸਟੋਰ ਕਰਕੇ ਰੱਖੇ ਹੋਏ ਹਨ, ਰਾਤ-ਬਰਾਤੇ ਉਹ ਇਹ ਪਟਾਕੇ ਸ਼ਹਿਰ ਵਿੱਚ ਭੇਜ ਰਿਹਾ ਹੈ। ਐਸ ਡੀ ਐਮ ਚਰਨਜੀਤ ਸਿੰਘ ਨਾਲ ਆਤਿਸ਼ਬਾਜ਼ੀ ਵੇਚਣ ਵਾਲਿਆਂ ਤੇ ਲਾਇਸੰਸਾਂ ਬਾਬਤ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਅੱਜ ਤੱਕ ਕਿਸੇ ਦਾ ਨਵਾਂ ਲਾਇਸੈਂਸ ਨਹੀਂ ਬਣਿਆ ਤੇ ਨਾ ਹੀ ਕਿਸੇ ਦਾ ਲਾਇਸੰਸ ਰੀਨਿਊ ਹੋ ਕੇ ਆਇਆ ਹੈ, ਜਿਨ੍ਹਾਂ ਆਤਿਸ਼ਬਾਜ਼ੀ ਸ਼ਹਿਰ ਵਿੱਚ ਜਮ੍ਹਾਂ ਕੀਤੀ ਹੈ।

ਉਨ੍ਹਾਂ ਲਈ ਪੁਲਸ ਪ੍ਰਸ਼ਾਸਨ ਨੂੰ ਹਦਾਇਤ ਕਰ ਦਿੱਤੀ ਗਈ ਹੈ ਕਿ ਉਹ ਆਤਿਸ਼ਬਾਜ਼ੀ ਜਮ੍ਹਾਂ ਕਰਨ ਵਾਲਿਆਂ ਖਿਲਾਫ਼ ਸ਼ਕਤੀ ਨਾਲ ਕਾਰਵਾਈ ਕਰਨ ਤਾਂ ਲੋਕਾਂ ਦੀ ਜਾਨ ਤੇ ਮਾਲ ਦੀ ਰੱਖਿਆ ਕੀਤੀ ਜਾ ਸਕੇ।

# 'ਕੌਮੀ ਇਨਸਾਫ ਮਾਰਚ' ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪਹੁੰਚਿਆ

**ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਜੋ ਸਿੱਖ ਕੌਮ ਨੂੰ ਦਰਪੇਸ਼ ਆ ਰਹੇ ਹਕੂਮਤੀ ਤੇ ਅਦਾਲਤੀ ਫੈਸਲਿਆਂ ਸੰਬੰਧੀ ਮੁਤੱਸਵੀ ਹੁਕਮਰਾਨਾਂ ਤੋਂ ਇਨਸਾਫ ਪ੍ਰਾਪਤੀ ਨੂੰ ਲੈ ਕੇ ਤਖਤ ਸ੍ਰੀ ਦਮਦਮਾ ਸਾਹਿਬ ਤੋਂ 01 ਅਕਤੂਬਰ ਨੂੰ ਅਰਦਾਸ ਕਰਕੇ ਆਰੰਭ ਕੀਤਾ ਗਿਆ ਸੀ, ਉਹ ਬਠਿੰਡਾ, ਬਰਗਾੜੀ, ਫ਼ਰੀਦਕੋਟ, ਤਲਵੰਡੀ ਭਾਈ, ਮੱਖੂ, ਜੀਰਾ, ਹਰੀਕੇ, ਭਿੱਖੀਵਿੰਡ, ਝਬਾਲ ਤੇ ਤਰਨਤਾਰਨ ਹੁੰਦਾ ਹੋਇਆ ਬੀਤੀ ਰਾਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪਹੁੰਚਿਆ।

ਉਪਰੰਤ 02 ਅਕਤੂਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਮੀਰੀ ਪੀਰੀ ਦੇ ਮਹਾਨ ਫ਼ਲਸਫ਼ੇ ਵਾਲੇ ਤਖਤ ਤੋਂ ਅਰਦਾਸ ਕਰਕੇ ਸਵੇਰੇ 10 ਵਜੇ ਤਖਤ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ ਵੱਲੋਂ ਨੂੰ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਅਕਾਸ ਗੂੰਜਾਊ ਨਾਅਰਿਆਂ ਨਾਲ ਵੱਡੀ ਗਿਣਤੀ ਦੇ ਇਕੱਠ ਵਿੱਚ ਸ਼ੁਰੂ ਹੋਇਆ, ਜੋ ਜੰਡਿਆਲਾ ਗੁਰੂ, ਰਈਆ, ਬਿਆਸ, ਕਰਤਾਰਪੁਰ, ਜਲੰਧਰ, ਫਗਵਾੜਾ, ਬੰਗਾ, ਗੜ੍ਹਸ਼ੰਕਰ, ਨਵਾਂਸ਼ਹਿਰ, ਬਲਾਚੌਰ, ਨੂਰਪੁਰ ਬੇਦੀ ਹੁੰਦਾ ਹੋਇਆ ਤਖਤ ਸਾਹਿਬ ਵਿਖੇ ਪਹੁੰਚੇਗਾ ਤੇ ਸੰਗਤਾਂ ਉਤੇ ਵਿਚਾਰਾਂ ਤੇ ਅਰਾਮ ਲਈ ਰਾਤ ਠਹਿਰਣਗੀਆਂ।

03 ਅਕਤੂਬਰ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਅਰਦਾਸ ਕਰਕੇ ਗੁਰਦੁਆਰਾ ਸ੍ਰੀ ਪਰਿਵਾਰ ਵਿਛੋੜਾ ਸਾਹਿਬ, ਕੀਰਤਪੁਰ ਸਾਹਿਬ, ਚਮਕੌਰ ਸਾਹਿਬ, ਮੋਰਿੰਡਾ ਤੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਆ ਕੇ ਇਸ ਇਨਸਾਫ਼ ਮਾਰਚ ਦੀ ਸੰਪਨਤਾ ਅਤੇ ਇਸਦੀ ਕਾਮਯਾਬੀ ਦੀ ਅਰਦਾਸ ਹੋਵੇਗੀ, ਜਿਨ੍ਹਾਂ ਰਸਤਿਆਂ ਤੋਂ ਇਹ ਕੌਮੀ ਇਨਸਾਫ ਮਾਰਚ ਆਉਣਾ ਹੈ, ਉਸ ਸਥਾਨ, ਪਿੰਡਾਂ ਤੇ ਕਸਬਿਆ ਦੇ ਸਿੱਖਾਂ ਤੇ ਪੰਜਾਬੀਆਂ ਨੂੰ ਅਪੀਲ ਹੈ ਕਿ ਉਹ ਇਸਦਾ ਹੁੰਮ ਹੁੰਮਾ ਕੇ ਸਵਾਗਤ ਵੀ ਕਰਨ।

## ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਕੰਪਨੀਜ਼ ਐਕਟ-1956 ਅਧੀਨ ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ ਤੀਜੀ ਮੰਜ਼ਲ, ਮਿਡਾਸ ਕਾਰਪੋਰੇਟ ਪਾਰਕ 37, ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਦਫਤਰ, ਜੰਡਿਆਲਾ ਜ਼ਿਲ੍ਹਾ ਜਲੰਧਰ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ।

ਬਿਨੈਕਾਰ

ਬਨਾਮ

1. ਕਸ਼ਮੀਰ ਸਿੰਘ ਪੁੱਤਰ ਸ੍ਰੀ ਗੁਰਮੇਜ ਸਿੰਘ ਵਾਸੀ 680, ਪਿੰਡ ਜੰਡਿਆਲਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ-144033
2. ਸੁਰਿੰਦਰ ਪਾਲ ਮੋਹਨ ਪੁੱਤਰ ਸਰੀ ਮਦਨ ਮੋਹਨ ਮੋਹਨ ਵਾਸੀ ਪਿੰਡ ਜੰਡਿਆਲਾ, ਪੱਟੀ ਗੱਗਰਾਂ ਦੀ ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ-144033

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਨਹੀਂ ਹੋਏ। ਦੂਸਰੀ ਵਾਰ ਨੋਟਿਸ ਫਿਰ ਜਵਾਬਦੇਹਾਂ ਨੂੰ ਭੇਜੇ ਗਏ, ਫਿਰ ਵਾਪਸ ਪ੍ਰਾਪਤ ਨਹੀਂ ਹੋਏ। ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ ਅਤੇ ਉਹਨਾਂ ਨੇ ਨੋਟਿਸ ਪ੍ਰਾਪਤ ਕਰ ਲਏ ਸਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖ਼ਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 10/11/2023 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 3.10.2023    ਸੁਖਜੀਤ ਸਿੰਘ ਜੌਲੀ
ਜਲੰਧਰ    ਸਾਲਸ

# ਕਲਾਸੀਫਾਈਡ ਇਸ਼ਤਿਹਾਰ

## Public Notice

I, Ex No. 1082376 F LD Mohinder Singh S/o Late Shri Diwan Singh R/o V.P.O. Nathupur, Teh. Dasuya (Hoshiarpur), Punjab, declare that my wife's name Balver Kaur (Date of Birth 10 Jun. 1968) wrongly written in my Army Service Record. But my wife correct name is Balvir Kaur (Date of Birth 01 Jul 1970). Please note.

## ਬੇਦਖਲੀ ਨੋਟਿਸ

ਮੈਂ, ਕਰਮ ਚੰਦ ਪੁੱਤਰ ਚੂਨੀ ਲਾਲ ਵਾਸੀ ਪਿੰਡ ਕੋਟ ਭਲਾ, ਡਾਕਖਾਨਾ ਤਾਲਿਬਪੁਰ ਪੰਡੋਰੀ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਰਮਨ ਕੁਮਾਰ ਅਤੇ ਉਸ ਦੀ ਪਤਨੀ ਰਚਨਾ ਕੁਮਾਰੀ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬੋਧ ਰਾਜ ਪੁੱਤਰ ਗੋਪਾਲ ਦਾਸ ਵਾਸੀ ਪਿੰਡ ਛੀਨਾ ਬੇਟ, ਡਾਕਖਾਨਾ ਪੁਰਾਣਾ ਸ਼ਾਲਾ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰੀ ਲੜਕੀ ਵੰਦਨਾ ਪਤਨੀ ਰਾਜੇਸ਼ ਕੁਮਾਰ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਆਪਣੀ ਲੜਕੀ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਨਰਿੰਦਰ ਸਿੰਘ ਪੁੱਤਰ ਬਹਾਦੁਰ ਸਿੰਘ ਵਾਸੀ ਸੁਲਤਾਨਵਿੰਡ ਪਿੰਡ, ਪੱਤੀ ਬੈਹਨੀਵਾਲ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਗਟ ਸਿੰਘ ਅਤੇ ਉਸ ਦੀ ਪਤਨੀ ਹਰਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਅਤੇ ਇਨ੍ਹਾਂ ਦੀ ਬੇਟੀ ਮਨਪ੍ਰੀਤ ਕੌਰ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਅਤੇ ਮੇਰਾ ਪਰਵਾਰ ਇਨ੍ਹਾਂ ਦੇ ਕਿਸੇ ਲੈਣ-ਦੇਣ ਦਾ ਜ਼ਿੰਮੇਵਾਰ ਨਹੀਂ ਹੋਵੇਗਾ। ਸਾਡਾ ਇਨ੍ਹਾਂ ਨਾਲ ਕੋਈ ਤਾਲੁਕ-ਵਾਸਤਾ ਨਹੀਂ।

ਅਸੀਂ ਰਾਜਨ ਸ਼ਰਮਾ ਪੁੱਤਰ ਬਰਿੱਜ ਭੂਸ਼ਣ ਅਤੇ ਸ੍ਰੀਮਤੀ ਪੰਕਜ ਸ਼ਰਮਾ ਪਤਨੀ ਰਾਜਨ ਸ਼ਰਮਾ ਵਾਸੀਆਨ ਮਕਾਨ ਨੰਬਰ 38, ਬੇਅੰਤ ਨਗਰ, ਪੀ.ਏ.ਪੀ. ਲਾਈਨ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡੀ ਪੁੱਤਰੀ ਦੀਪਾਂਸ਼ੂ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ, ਸੋਮਨਾਥ ਅਤੇ ਪ੍ਰਵੀਨ ਪਤਨੀ ਸੋਮਨਾਥ ਵਾਸੀ ਈ ਐੱਸ-526 ਟਿਊਬਵੈੱਲ ਵਾਲੀ ਗਲੀ ਅਬਾਦਪੁਰਾ ਜਲੰਧਰ, ਅਸੀਂ ਆਪਣੇ ਲੜਕੇ ਆਕਾਸ਼ ਨੂੰ ਸਾਡੇ ਕਹਿਣੇ ਵਿੱਚ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ।

ਅਸੀਂ ਜਸਪਾਲ ਸਿੰਘ ਸੇਠੀ ਪੁੱਤਰ ਸ੍ਰੀ ਸੁਰਜੀਤ ਸਿੰਘ ਸੇਠੀ ਅਤੇ ਰੀਟਾ ਸੇਠੀ ਪਤਨੀ ਜਸਪਾਲ ਸਿੰਘ ਸੇਠੀ ਵਾਸੀਆਨ ਮਕਾਨ ਨੰਬਰ 275, ਐੱਫ ਐੱਮ ਮਾਡਲ ਹਾਊਸ, ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਅਤਿੰਦਰਪਾਲ ਸਿੰਘ ਸੇਠੀ ਅਤੇ ਉਸ ਦੀ ਪਤਨੀ ਗੁਰਸਿਮਰਨ ਕੌਰ ਜੋ ਕਿ ਸਾਡੇ ਕਹਿਣੇਕਾਰ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ।

ਮੈਂ, ਗੁਰਪਾਲ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪਿੰਡ ਕੋਟਲਾ ਬਜਾ ਸਿੰਘ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਮੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ, ਸੇਵਕ ਦਾਸ ਪੁੱਤਰ ਜੋਗਿੰਦਰ ਸਿੰਘ ਵਾਸੀ ਚੜਿੱਕ, ਜ਼ਿਲ੍ਹਾ ਮੋਗਾ ਨੇ ਆਪਣਾ ਨਾਂਅ ਬਦਲ ਕੇ ਸੇਵਕ ਦਾਸ ਅਤੇ ਗੁਰਸੇਵਕ ਸਿੰਘ ਰੱਖ ਲਿਆ ਹੈ, ਸੰਬੰਧਤ ਨੋਟ ਕਰਨ।

ਮੈਂ, ਹਰਪ੍ਰੀਤ ਬੱਧਣ ਪੁੱਤਰ ਤਾਰਾ ਚੰਦ, ਸੁੱਚੀ ਪਿੰਡ, ਜਲੰਧਰ, ਪੰਜਾਬ-144009, ਨੇ ਮੇਰਾ ਨਾਮ ਹਰਪ੍ਰੀਤ ਤੋਂ ਬਦਲ ਕੇ ਹਰਪ੍ਰੀਤ ਬੱਧਣ ਰੱਖਿਆ ਹੈ। ਸਾਰੇ ਨੋਟ ਕਰੋ ਜੀ।

## Change of Name

I, Vikram Singh S/o Balwinder Singh R/o Village Adliwala Tehsil Ajnala District Amritsar have declare that Singh is my Surname and Vikram is my Given name

I, Kuldeep Singh S/o Dilbag Singh R/o H.No.299, VPO Pakhopur Tarn Taran have declare that Singh is my Surname and Kuldeep is my Given name

I, Simran Kaur W/o Harmeet Singh R/o H.No.3076, Gali No.3, Azad Nagar, Putlighar, District Amritsar have changed my name from Simran Kaur to Simran Kour

I, Seema W/o Sandeep Wahi R/o H.No.723/X-4, Gali Gossiyan, Katra Bhai Sant Singh I/s Beri Gate Amritsar have changed my name from Seema to Seema Wahi After Marriage

I, Bikramjit Singh S/o Daljit Singh Dhillon R/o H.No.259, Lane No.4, Sant Avenue G.T Road, Amritsar have changed my name from Bikramjit Singh to Bikramjit Singh Dhillon

I, Kulwant Kaur W/o Bikramjit Singh Dhillon R/o H.No.259, Lane No.4, Sant Avenue G.T Road, Amritsar have changed my name from Kulwant Kaur to Kulwant Kaur Dhillon

I, Rubby Kumari D/O Hardev Lal R/O House No. 173 Gali No 4 Shahid Bhagat Singh Nagar, Phagwara, Distt Kapurthala, Punjab, Have Changed My Namr From Rubby Kumari To Ruby Kumari. All Note Please.

I, Pinky Suri W/o Rajinder Suri R/o 652, MGN School Road, Urban Estate Phase 2, Jalandhar, Punjab, 144005, have changed my name from Darshana Kumari to Pinky Suri. Please Note.

I, Deepika Mahendru w/o Sh. Pawan Kumar Mahendru r/o H.no 119, street no. 3, Jaswant Nagar Jalandhar, Punjab have changed my name from Deepika Chadha d/o Madan Lal Chadha to Deepika Mahendru w/o Pawan Kumar Mahendru after marriage. All note please.

I, Rajvinder Kaur W/o Didar Singh R/o Vill. Manakrai Distt Jalandhar (Pb.) have Changed my name Rajvinder Kaur to Rajwinder Kaur. All concerned please note.

I Gurwinder Singh S/O Kashmir Singh R/O Village Chuchakwal P.o Mudh Khokhar Tehsil Lopoke District Amritsar 143110 Have Declared That Gurwinder Is My Given Name And Singh Is My Surname.

I Kashmer Singh S/O Dara Singh R/O Village Chuchakwal P.o Mudh Khokhar Tehsil Lopoke District Amritsar 143110 Have Changed My Name From Kashmer Singh To Kashmir Singh.

## Change of Name

I Ashna Tandon W/O Mohak Kathuria R/O House No 306/21,Lane No 5 Meera Kot Chowk Golden City Amritsar Have Changed My Name From Ashna Tandon To Ashna Kathuria.

I, Baljeet Kaur W/o Steephan Singh Bassi R/o Sarhali, Jalahandar, Punjab-144633. have changed my name and shall hereafter be Known as Baljeet Kaur Bassi. All Please Note.

I, Nirmala W/o Kulwant Singh R/o Taruana(315), Sirsa, Haryana-125201. have changed my name and shall hereafter be Known as Gurmeet Kaur. All Please Note.

I, Abhishek Rathi S/o Shri Gopal Rathi R/o A-194, 2nd Floor, Shushant Lok Phase-2, Near Sector 55-56 Metro Station, Sector 55, Gurgaon, Haryana-122011. I have changed the name of my minor Son Bhavy Rathi to Aviyukt Rathi. All Please Note.

I, Poonam Rani W/o Sourabh Jindal R/o 210, Gali Neem Wali, Ward Number- 11, Old Mandi, Kalanwali, Sirsa, Kalanwali, Haryana-125201. have changed my name and shall hereafter be Known as Shweta Jindal. All Please Note.

I, Savina Sidhar D/o Kashmiri Lal R/o Vill.Chauhra, Po. Dagham, Teh.Garhshankar, Hoshiarpur-144527, have changed my name from Savina Sidhar to Sidhar Savina (Surname as Sidhar). All Please Note.

I, Saloni Khurana W/o Sahil Khurana, R/o H.No. 105, Near DAV College Ground, Seth Hukam Chand Colony, Jalandhar declare That I have changed My Name From Saloni Mahindru To Saloni Khurana.

I Arun Shama S/o Suresh Kumar R/o H.No 131 Street no. 3 New Ashok Nagar Jalandhar Declare That I Have Changed My Name From Arun Sharma To Arun Kumar

I, Tanisha Wadhwa wife of Karan Sethi resident of H.No. 55, Street No. 2, Raja Garden Kapurthala Road, Basti Bawa Khel, Jalandhar, Punjab have changed my name to Tanisha Sethi after marriage. All concerned please note.

I, Radhika W/o Vijay Kumar R/o H.No.11/6, Amar Nagar, Gulab Devi Hospital Road, Jalandhar declare that I am known by both names Radhika and Jaswinder Kaur.

I,Satinder Kaur W/O Baljit Singh R/O Bhaini Gill, Amritsar, Punjab have changed my name from Satinder Kaur to Satwinder Kaur.Concerned note.

I, Gurnoorpreet Singh S/o Ranjit Singh R/o H.No. 68, Village Mule Chak, PO Fatahpur, Distt. Amritsar, Punjab have changed my name from Gurnoorpreet Singh to Singh is my surname and Gurnoopreet is my given name.

I Nidhi Tandon W/O Sandeep Kapoor R/O 41, Kennedy Avenue Amritsar Have Changed My Name From Nidhi Tandon To Nidhi Kapoor After Marriage.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਨਵ-ਨਿਯੁਕਤ ਥਾਣਾ ਮੁਖੀ ਵੱਲੋਂ ਪੱਤਰਕਾਰਾਂ ਨਾਲ ਪਲੇਠੀ ਮੀਟਿੰਗ



ਮੱਖੂ (ਰਛਪਾਲ ਸਿੰਘ ਸੰਧੂ) : ਥਾਣਾ ਮਖੂ ਦੇ ਨਵ-ਨਿਯੁਕਤ ਥਾਣਾ ਮੁਖੀ ਗੁਰਪ੍ਰੀਤ ਸਿੰਘ ਵੱਲੋਂ ਪ੍ਰੈੱਸ ਐਸੋਸੀਏਸ਼ਨ ਮੱਖੂ ਦੇ ਪ੍ਰਤੀਨਿਧੀਆਂ ਨਾਲ ਪਲੇਠੀ ਮੀਟਿੰਗ ਕੀਤੀ ਗਈ। ਇਸ ਮੌਕੇ ਥਾਣਾ ਮੁਖੀ ਗੁਰਪ੍ਰੀਤ ਸਿੰਘ ਵੱਲੋਂ ਪੱਤਰਕਾਰਾਂ ਦੇ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਪ੍ਰੈੱਸ ਲੋਕਤੰਤਰ ਦਾ ਚੌਥਾ ਥੰਮ੍ਹ ਹੈ ਅਤੇ ਅਮਨ ਕਾਨੂੰਨ ਦੀ ਹਾਲਤ ਸਮੇਤ ਸਮਾਜਿਕ ਸਮੱਸਿਆਵਾਂ ਦੀ ਜਾਣਕਾਰੀ ਪ੍ਰੈੱਸ ਸਾਹਮਣੇ ਲਿਆਉਂਦੀ ਹੈ। ਨਸ਼ੇ, ਚੋਰੀਆਂ, ਲੁੱਟਾਂ ਖੋਹਾਂ ਵਰਗੇ ਅਪਰਾਧਾਂ ਦੀ ਰੋਕਥਾਮ ਲਈ ਵੀ ਥਾਣਾ ਮੁਖੀ ਵੱਲੋਂ ਸਹਿਯੋਗ ਦੀ ਮੰਗ ਕੀਤੀ ਗਈ। ਪੱਤਰਕਾਰ ਭਾਈਚਾਰੇ ਵੱਲੋਂ ਸ਼ਹਿਰ ਵਿੱਚ ਮੂੰਹ ਬੰਨ੍ਹ ਕੇ ਮੋਟਰਸਾਈਕਲ ਚਲਾਉਣ ਵਾਲਿਆਂ ਦੀ ਤਲਾਸ਼ੀ ਤੇ ਨਸ਼ਿਆਂ ਸਮੇਤ ਲੁੱਟਾਂ ਖੋਹਾਂ, ਮੋਟਰਸਾਈਕਲ ਚੋਰੀ ਦੀਆਂ ਵਾਰਦਾਤਾਂ 'ਤੇ ਲਗਾਮ ਲਗਾਉਣ ਤੇ ਸਕੂਲਾਂ, ਬੈਂਕਾਂ ਦੇ ਨੇੜੇ ਗਸ਼ਤ ਵਧਾਉਣ ਦੀ ਮੰਗ ਕੀਤੀ ਗਈ। ਇਸ ਮੌਕੇ ਥਾਣਾ ਮੁਖੀ ਗੁਰਪ੍ਰੀਤ ਸਿੰਘ ਵੱਲੋਂ ਪ੍ਰੈੱਸ ਦੇ ਜ਼ਰੀਏ ਨਸ਼ੀਲੇ ਪਦਾਰਥਾਂ ਦੀ ਵਿਕਰੀ ਸਮੇਤ ਲੁੱਟਾਂ ਖੋਹਾਂ ਕਰਨ ਵਾਲਿਆਂ ਨੂੰ ਸਖਤ ਤਾੜਨਾ ਕਰਦਿਆਂ ਕਿਹਾ ਕਿ ਜਾਂ ਤਾਂ ਉਹ ਮਾੜੇ ਕੰਮ ਛੱਡ ਦੇਣ ਜਾਂ ਫਿਰ ਜੇਲ੍ਹ ਦੀਆਂ ਸਲਾਖਾਂ ਪਿੱਛੇ ਜਾਣ ਲਈ ਤਿਆਰ ਰਹਿਣ। ਇਸ ਮੌਕੇ ਪ੍ਰੈੱਸ ਕਲੱਬ ਜ਼ਿਲ੍ਹਾ ਫਿਰੋਜ਼ਪੁਰ ਦਿਹਾਤੀ ਪ੍ਰਧਾਨ ਰਜੀਵ ਅਹੂਜਾ ਰਵੀ, ਪ੍ਰੈੱਸ ਐਸੋਸੀਏਸ਼ਨ ਮਖੂ ਦੇ ਪ੍ਰਧਾਨ ਕੇਵਲ ਅਹੂਜਾ, ਮੀਤ ਪ੍ਰਧਾਨ ਲਖਵਿੰਦਰ ਸਿੰਘ ਵਾਹੀ, ਜਨਰਲ ਸਕੱਤਰ ਸੁਬੇਗ ਸਿੰਘ, ਕੁਲਵਿੰਦਰ ਸਿੰਘ, ਬਲਵੀਰ ਲਹਿਰਾ, ਜਗਵੰਤ ਸਿੰਘ ਮੱਲ੍ਹੀ, ਵਰਿੰਦਰ ਮਨਚੰਦਾ, ਰਛਪਾਲ ਸਿੰਘ ਸੰਧੂ, ਰੂਪ ਭੱਟੀ ਖਜ਼ਾਨਚੀ, ਪ੍ਰੇਮ ਅਹੂਜਾ, ਮੁੱਖ ਮੁਨਸ਼ੀ ਗੁਰਲਾਲ ਸਿੰਘ ਆਦਿ ਹਾਜ਼ਰ ਸਨ।

# ਬਲੱਡ ਡੋਨਰਜ਼ ਸੁਸਾਇਟੀ ਗੁਰਦਾਸਪੁਰ ਸਟੇਟ ਐਵਾਰਡ ਨਾਲ ਸਨਮਾਨਤ




ਗੁਰਦਾਸਪੁਰ (ਜਨਕ ਮਹਾਜਨ)-ਸਮਾਜ ਸੇਵਾ ਅਤੇ ਖ਼ੂਨਦਾਨ ਦੇ ਖੇਤਰ ਵਿੱਚ ਨਿੱਤ ਨਵੇਂ ਕੀਰਤੀਮਾਨ ਸਥਾਪਿਤ ਕਰ ਰਹੀ ਟੀਮ ਬਲੱਡ ਡੋਨਰਜ਼ ਸੁਸਾਇਟੀ ਗੁਰਦਾਸਪੁਰ ਨੂੰ ਵਿਸ਼ਵ ਖ਼ੂਨਦਾਨ ਦਿਵਸ ਮੌਕੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਸਟੇਟ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਪਟਿਆਲਾ ਦੇ ਲਕਸ਼ਮੀ ਫਾਰਮ ਵਿਖੇ ਕਰਵਾਏ ਗਏ ਸਟੇਟ ਸਨਮਾਨ ਸਮਾਰੋਹ ਵਿੱਚ ਖ਼ੂਨਦਾਨ ਦੇ ਖੇਤਰ ਵਿੱਚ ਪੰਜਾਬ ਭਰ ਵਿੱਚ ਵਧੀਆ ਕਾਰੁਜ਼ਗਾਰੀ ਕਰਨ ਵਾਲੀਆਂ ਸੰਸਥਾਵਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸੰਬੰਧੀ ਗੱਲਬਾਤ ਕਰਦਿਆ ਬੀਡੀਐੱਸ ਪਰਿਵਾਰ ਦੇ ਸੰਸਥਾਪਕ ਰਾਜੇਸ਼ ਬੱਬੀ ਅਤੇ ਮੁੱਖ ਸਲਾਹਕਾਰ ਅਵਤਾਰ ਸਿੰਘ ਘੁੰਮਣ ਨੇ ਦੱਸਿਆ ਕਿ ਇਹ ਸਨਮਾਨ ਸਾਡੀ ਸਹਿਯੋਗੀ ਸੰਸਥਾ ਸਮਾਜਿਕ ਗਤੀਵਿਧੀਆਂ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ ਮਿਲਿਆ ਹੈ। ਇਸ ਮੌਕੇ ਬਲੱਡ ਡੋਨਰਜ਼ ਸੁਸਾਇਟੀ ਗੁਰਦਾਸਪੁਰ ਦੇ ਅਵਤਾਰ ਸਿੰਘ ਘੁੰਮਣ, ਰੋਹਿਤ ਵਰਮਾ, ਰਾਜਨ ਕਲਾਨੌਰ, ਰਿੱਕੀ ਮਹੰਤ, ਰਾਜੇਸ਼ ਬੱਬੀ ਅਤੇ ਮਾਨਿਕ ਮੰਗੋਤਰਾ ਵੀ ਹਾਜ਼ਰ ਸਨ।

# ਹੈਰੋਇਨ ਤੇ ਡਰੱਗ ਮਨੀ ਸਮੇਤ ਕਾਬੂ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਸਦਰ ਗੁਰਦਾਸਪੁਰ ਦੇ ਏਐੱਸਆਈ ਸਤਪਾਲ ਸੀਆਈਏ ਸਟਾਫ ਗੁਰਦਾਸਪੁਰ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਖ਼ੁਸ਼ਹਾਲ ਚੰਦ ਪੁੱਤਰ ਖਾਨੂੰ ਰਾਮ ਵਾਸੀ ਜੌੜਾ ਛੱਤਰਾਂ ਨੂੰ ਸ਼ੱਕ ਦੇ ਆਧਾਰ 'ਤੇ ਮੋਟਰਸਾਈਕਲ ਸਮੇਤ ਕਾਬੂ ਕਰਕੇ ਉਸ ਦੇ ਮੋਟਰਸਾਈਕਲ ਦੀ ਤਲਾਸ਼ੀ ਲਈ ਤਾਂ ਮੋਟਰਸਾਈਕਲ ਦੇ ਟੂਲ ਬਾਕਸ ਵਿੱਚੋਂ ਨਸ਼ੀਲਾ ਪਦਾਰਥ ਅਤੇ ਭਾਰਤੀ ਕਰੰਸੀ ਬ੍ਰਾਮਦ ਹੋਣ ਤੇ ਥਾਣਾ ਸਦਰ ਗੁਰਦਾਸਪੁਰ ਵਿਖੇ ਇਤਲਾਹ ਦਿੱਤੀ ਜਿਸ 'ਤੇ ਤਫਤੀਸ਼ੀ ਅਫਸਰ ਨੇ ਸਮੇਤ ਪੁਲਸ ਪਾਰਟੀ ਮੌਕੇ 'ਤੇ ਪੁੱਜ ਕੇ ਦੋਸ਼ੀ ਦੇ ਪਾਸੋਂ 10 ਗ੍ਰਾਮ ਹੈਰੋਇਨ, ਇੱਕ ਕੰਪਿਊਟਰ ਕੰਡਾ ਅਤੇ 4000 ਰੁਪਏ ਭਾਰਤੀ ਕਰੰਸੀ (ਡਰੱਗ ਮਨੀ) ਬ੍ਰਾਮਦ ਕੀਤੀ। ਪੁਲਸ ਨੇ ਉਕਤ ਦੋਸ਼ੀ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਜ਼ਰੂਰੀ ਮੁਰੰਮਤ ਕਾਰਨ ਅੱਜ ਬਿਜਲੀ ਬੰਦ ਰਹੇਗੀ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਬ ਡਵੀਜ਼ਨ ਡੇਰਾ ਬਾਬਾ ਨਾਨਕ ਪਾਵਰਕਾਮ ਦੇ ਐੱਸਡੀਓ ਇੰਜ: ਤਰਲੋਕ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ 66 ਕੇ. ਵੀ. ਸਬ ਸਟੇਸ਼ਨ ਡੇਰਾ ਬਾਬਾ ਨਾਨਕ ਤੋਂ ਚੱਲਦੇ ਪਾਵਰ ਟਰਾਂਸਫਾਰਮਰ ਟੀ. 1 ਦੀ ਜ਼ਰੂਰੀ ਮੁਰੰਮਤ ਕਰਨ ਲਈ ਇਸ ਤੋਂ ਚੱਲਦੇ 11 ਕੇਵੀ ਫੀਡਰ ਠੇਠਰਕੇ ਯੂਪੀਐੱਸ, 11ਕੇਵੀ ਫੀਡਰ ਮੰਗੀਆਂ ਏਪੀ, 11ਕੇਵੀ ਫੀਡਰ ਅਬਦਾਲ ਏਪੀ, 11ਕੇਵੀ ਫੀਡਰ ਘਣੀਏ ਕੇ ਬੇਟ ਆਈਐੱਨਬੀ, 11ਕੇਵੀ ਫੀਡਰ ਧਰਮਕੋਟ ਆਈਐੱਨਬੀ, 11 ਕੇਵੀ ਬੀਓਪੀ, 11ਕੇਵੀ ਫੀਡਰ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਡੇਰਾ ਬਾਬਾ ਨਾਨਕ ਦੀ ਸਪਲਾਈ ਅੱਜ ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਬੰਦ ਰਹੇਗੀ। ਇਸ ਮੌਕੇ ਜੇਈ ਬਲਵਿੰਦਰ ਸਿੰਘ, ਸੀਸੀ ਜਰਨੈਲ ਸਿੰਘ ਠੇਠਰਕੇ, ਜੇਈ ਬਲਦੇਵ ਰਾਜ, ਜੇਈ ਰਜਿੰਦਰ ਸਿੰਘ, ਜੇਈ ਚੰਦਰਮੋਹਨ ਮਹਾਜਨ, ਜੇਈ ਰਜਵੰਤ ਸਿੰਘ, ਲਾਈਨਮੈਨ ਗੁਰਬਿੰਦਰਜੀਤ ਸਿੰਘ, ਆਰਏ ਲਖਵਿੰਦਰ ਸਿੰਘ, ਜੇਈ ਹਰਜੀਤ ਸਿੰਘ, ਜੇਈ ਹੀਰਾ ਲਾਲ ਆਦਿ ਹਾਜ਼ਰ ਸਨ।

# ਮਨਰੇਗਾ ਮਜ਼ਦੂਰਾਂ ਨੇ ਕੰਮ ਘੰਟੇ ਵਧਾਉਣ ਦੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ

## ਮਜ਼ਦੂਰਾਂ-ਮੁਲਾਜ਼ਮਾਂ ਨੂੰ ਮੁੜ ਬੰਧੂਆ ਬਣਾਉਣ ਦਾ ਹਰ ਕੀਮਤ 'ਤੇ ਵਿਰੋਧ ਹੋਵੇਗਾ : ਕੂੰਮ ਕਲਾਂ, ਭੱਟੀ, ਮੰਡ, ਚੌਂਤਾ



**ਸਮਰਾਲਾ (ਸੁਰਜੀਤ ਸਿੰਘ)**-ਇੱਥੇ ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ਼ (ਸੀਟੂ) ਦੇ ਕੇਂਦਰੀ ਆਗੂ ਭੈਣ ਊਸ਼ਾ ਰਾਣੀ, ਸੂਬਾ ਪ੍ਰਧਾਨ ਸਾਥੀ ਮਹਾਂ ਸਿੰਘ ਰੌੜੀ, ਜਨਰਲ ਸਕੱਤਰ ਸਾਥੀ ਚੰਦਰ ਸ਼ੇਖਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਸੀਟੂ ਦੇ ਸੱਦੇ 'ਤੇ ਪਿੰਡ ਬੌਂਦਲੀ ਵਿਖੇ ਮਨਰੇਗਾ ਮਜ਼ਦੂਰਾਂ ਨੇ ਪੰਜਾਬ ਸਰਕਾਰ ਵੱਲੋਂ ਕੰਮ ਕਰਨ ਦਾ ਸਮਾਂ 8 ਤੋਂ ਵਧਾ ਕੇ 12 ਘੰਟੇ ਕਰਨ ਦੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਮਜ਼ਦੂਰਾਂ ਦੀ ਵਿਸ਼ਾਲ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸੀਟੂ ਪੰਜਾਬ ਦੇ ਸੂਬਾ ਸਕੱਤਰ ਤੇ ਮਨਰੇਗਾ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਸਾਥੀ ਅਮਰ ਨਾਥ ਕੂੰਮਕਲਾਂ, ਸਾਥੀ ਸਿਕੰਦਰ ਬਖਸ਼ ਮੰਡ ਚੌਂਤਾ, ਹਰੀ ਰਾਮ ਭੱਟੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਿੱਥੇ ਕੇਂਦਰ ਤੇ ਪੰਜਾਬ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਪੂਰਤੀ ਲਈ ਮਜ਼ਦੂਰਾਂ, ਮੁਲਾਜ਼ਮਾਂ ਵੱਲੋਂ ਪ੍ਰਾਪਤ ਕੀਤੀਆਂ ਅਹਿਮ ਪ੍ਰਾਪਤੀਆਂ 'ਤੇ ਲਗਾਤਾਰ ਹਮਲੇ ਕਰਦੀ ਆ ਰਹੀ ਹੈ, ਉੱਥੇ ਸਰਕਾਰ ਨੇ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ 8 ਘੰਟੇ ਕੰਮ ਕਰਨ ਦੀ ਦਿਹਾੜੀ ਦਾ ਸਮਾਂ ਵਧਾ ਕੇ 12 ਘੰਟੇ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਹਮਲਾ ਕੋਈ ਸਾਧਾਰਨ ਹਮਲਾ ਨਹੀਂ ਹੈ, ਇਹ ਸਾਡੇ ਵੱਡ ਵਡੇਰਿਆਂ, ਮਹਾਨ ਸ਼ਹੀਦਾਂ ਵੱਲੋਂ ਲੰਬੇ-ਸਿਰੜੀ ਤੇ ਜਾਨ ਹੂਲਵੇਂ ਘੋਲਾਂ ਰਾਹੀਂ ਬੰਧੂਆ ਮਜ਼ਦੂਰੀ ਤੋਂ ਮੁਕਤੀ ਪਾਉਣ ਲਈ ਸੰਨ 1886 ਈਸਵੀ 'ਚ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ ਭਾਰੀ ਕੁਰਬਾਨੀਆਂ ਕਰਕੇ 8 ਘੰਟੇ ਸਮਾਂ-ਬੱਧ ਕੰਮ ਦਿਹਾੜੀ ਦੀ ਪ੍ਰਾਪਤੀ ਕੀਤੀ ਸੀ, ਪ੍ਰੰਤੂ ਅੱਜ ਕੇਂਦਰ ਦੀ ਮੋਦੀ ਸਰਕਾਰ ਤੇ ਸੂਬਾ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਪੂਰਤੀ ਲਈ ਅਤੇ 2024 ਦੀ ਪਾਰਲੀਮੈਂਟ ਦੀਆਂ ਚੋਣਾਂ ਲੜਨ ਲਈ ਪੂੰਜੀਪਤੀਆਂ ਤੋਂ ਵੱਡੀ ਪੱਧਰ 'ਤੇ ਫੰਡ ਲੈ ਕੇ ਮਜ਼ਦੂਰਾਂ ਦੇ ਖੂਨ ਪਸੀਨੇ ਦੀ ਕਮਾਈ ਦਾ ਅੰਦਰ ਖਾਤੇ ਸੌਦਾ ਕਰਕੇ ਇਤਿਹਾਸ ਨੂੰ ਪੁੱਠਾ ਗੇੜਾ ਦੇ ਰਹੇ ਹਨ ਅਤੇ ਇਸ ਪ੍ਰਾਪਤੀ ਨੂੰ ਖੋਹ ਕੇ ਮਜ਼ਦੂਰਾਂ-ਮੁਲਾਜ਼ਮਾਂ ਦੀ ਜ਼ਿੰਦਗੀ ਨੂੰ ਮੁੜ ਬੰਧੂਆ ਮਜ਼ਦੂਰੀ ਵਿੱਚ ਤਬਦੀਲ ਕਰਨ ਦੇ ਰਸਤੇ 'ਤੇ ਤੁਰ ਪਏ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਇਹ ਮਜ਼ਦੂਰ ਮੁਲਾਜ਼ਮ ਵਿਰੋਧੀ ਨੋਟੀਫਿਕੇਸ਼ਨ ਜਾਰੀ ਕਰਕੇ ਤਾਨਾਸ਼ਾਹੀ ਨੀਤੀ ਦਾ ਸਬੂਤ ਦਿੱਤਾ ਹੈ ਤੇ ਪੰਜਾਬ ਸਰਕਾਰ ਪੁੱਠੇ ਦੇ ਰਸਤੇ ਪੈ ਗਈ ਹੈ।

ਉਨ੍ਹਾਂ ਮੰਗ ਕੀਤੀ ਕਿ ਇਸ ਮਜ਼ਦੂਰ ਮੁਲਾਜ਼ਮ ਵਿਰੋਧੀ ਨੋਟੀਫਿਕੇਸ਼ਨ ਨੂੰ ਫੌਰੀ ਵਾਪਸ ਲਵੇ, ਨਹੀਂ ਤਾਂ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ (ਸੀਟੂ) ਵੱਲੋਂ ਪਿੰਡ-ਪਿੰਡ ਜਾ ਕੇ ਪੰਜਾਬ ਸਰਕਾਰ ਖਿਲਾਫ ਤਿੱਖਾ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਕਰਮ ਸਿੰਘ ਬੌਂਦਲੀ, ਮਨਜੀਤ ਸਿੰਘ, ਨਰਾਤਾ ਸਿੰਘ, ਸੁਖਵਿੰਦਰ ਸਿੰਘ, ਸਵਰਨ ਸਿੰਘ, ਪਰਮਜੀਤ ਕੌਰ, ਰਾਜਵਿੰਦਰ ਕੌਰ, ਬਲਜੀਤ ਕੌਰ, ਸਵਰਨਜੀਤ ਕੌਰ, ਸਰਿੰਦਰ ਕੌਰ, ਗੁਰਮੀਤ ਕੌਰ, ਸੁਖਵਿੰਦਰ ਕੌਰ, ਜਸਵੀਰ ਕੌਰ, ਸੁਭੱਦਰਾ ਕੁਮਾਰੀ ਸ਼ਾਮਲ ਸਨ।

# ਅੱਜ ਕੇਂਦਰ ਸਰਕਾਰ ਦੀ ਅਰਥੀ ਫੂਕੀ ਜਾਵੇਗੀ : ਝੱਜ, ਬਰਮੀ, ਪੰਧੇਰ

**ਦੋਰਾਹਾ (ਪ ਪ)**-ਸੰਯੁਕਤ ਕਿਸਾਨ ਮੋਰਚਾ ਵੱਲੋਂ 3 ਅਕਤੂਬਰ ਨੂੰ ਜ਼ਿਲ੍ਹਾ ਲੁਧਿਆਣਾ ਵਿਚ ਤਹਿਸੀਲ ਪੱਧਰ 'ਤੇ ਮੰਗ ਪੱਤਰ ਦੇ ਕੇ ਕੇਂਦਰ ਸਰਕਾਰ ਦੀ ਅਰਥੀ ਫੂਕੀ ਜਾਵੇਗੀ। ਕੁੱਲ ਹਿੰਦ ਕਿਸਾਨ ਸਭਾ (1936) ਜ਼ਿਲ੍ਹਾ ਲੁਧਿਆਣਾ ਕਾਰਜਕਾਰੀ ਪ੍ਰਧਾਨ ਜਸਵੀਰ ਝੱਜ ਤੇ ਜਨਰਲ ਸਕੱਤਰ ਚਮਕੌਰ ਸਿੰਘ ਬਰੂਮੀ ਅਤੇ ਖਜ਼ਾਨਚੀ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ 3 ਅਕਤੂਬਰ ਨੂੰ ਪੰਜਾਬ ਵਿੱਚ ਜ਼ਿਲ੍ਹੇ ਤੇ ਤਹਿਸੀਲ ਪੱਧਰ 'ਤੇ ਮੰਗ ਪੱਤਰ ਦੇ ਕੇ ਪ੍ਰਧਾਨ ਮੰਤਰੀ ਮੋਦੀ ਤੇ ਭਾਜਪਾ ਮੰਤਰੀ ਅਜੇ ਰਾਜ ਮਿਸ਼ਰਾ ਟੈਨੀ ਦੀ ਅਰਥੀ ਫੂਕਣਾ ਤਹਿ ਕੀਤਾ ਗਿਆ ਹੈ, ਕਿਉਂਕਿ ਸਾਲ ਪਹਿਲਾਂ 3 ਅਕਤੂਬਰ 2021 ਨੂੰ ਲਖੀਮਪੁਰ ਖੀਰੀ ਵਿੱਚ ਭਾਜਪਾ ਦੀ ਸਰਕਾਰ ਦੇ ਰਾਜ ਮੰਤਰੀ ਅਜੇ ਰਾਜ ਮਿਸ਼ਰਾ ਟੈਨੀ ਦੇ ਮੁੰਡੇ ਨੇ ਰੋਸ ਧਰਨੇ ਤੋਂ ਵਾਪਸ ਘਰਾਂ ਨੂੰ ਜਾ ਰਹੇ ਕਿਸਾਨਾਂ ਤੇ ਜੀਪ ਚੜ੍ਹਾ ਕੇ ਕਿਸਾਨ ਤੇ ਇੱਕ ਪੱਤਰਕਾਰ ਸ਼ਹੀਦ ਕਰ ਦਿੱਤੇ ਸਨ।

ਲਖੀਮਪੁਰ ਖੀਰੀ ਦੇ ਕਾਤਲਾਂ ਨੂੰ ਸਜ਼ਾ ਦਾ ਕੀ ਦੇਣੀ ਸੀ, ਅਜੇ ਬੇਕਸੂਰ ਕਿਸਾਨਾਂ ਨੂੰ ਨਜਾਇਜ਼ ਕੇਸ ਪਾ ਕੇ ਜੇਲ੍ਹਾਂ ਡੱਕਿਆ ਹੋਇਆ ਹੈ, ਜਿਸ ਕਰਕੇ 3 ਅਕਤੂਬਰ ਨੂੰ ਜ਼ਿਲ੍ਹਾ ਪੱਧਰ 'ਤੇ ਕੇਂਦਰ ਸਰਕਾਰ ਦੀ ਅਰਥੀ ਫੂਕ ਕੇ ਮੰਗ ਪੱਤਰ ਦਿੱਤੇ ਦਿੱਤੇ ਜਾਣਗੇ। ਇਸ ਸੰਘਰਸ਼ ਦਾ ਪਰਮਜੀਤ ਸਿੰਘ ਝੱਜ (ਦੁੱਗਰੀ), ਭਜਨ ਸਿੰਘ ਬੁਆਣੀ, ਨਛੱਤਰ ਸਿੰਘ ਪੰਧੇਰ ਖੇੜੀ, ਕੇਵਲ ਸਿੰਘ ਮੰਜਾਲੀਆਂ, ਜੰਗ ਸਿੰਘ ਸਿਰਥਲਾ, ਅਮਰ ਸਿੰਘ ਜਲਾਲਦੀਵਾਲ, ਸੁਦਾਗਰ ਸਿੰਘ ਜਲਾਲਦੀਵਾਲ, ਮੋਹਣ ਸਿੰਘ ਕੋਟਾਲਾ, ਜਗਦੀਸ਼ ਰਾਏ ਮਾਛੀਵਾੜਾ, ਗੁਰਨਾਮ ਸਿੰਘ ਬਹਾਦਰਕੇ, ਅਮਨਦੀਪ ਸਿੱਧਵਾਂ ਬੇਟ, ਭਰਪੂਰ ਸਿੰਘ ਸਵੱਦੀ, ਗੁਰਦੀਪ ਸਿੰਘ ਬੁਆਣੀ, ਮਨਦੀਪ ਸਿੰਘ ਦੀਪਾ ਮਾਦਪੁਰ ਆਦਿ ਨੇ ਪੁਰਜ਼ੋਰ ਹਮਾਇਤ ਦਾ ਐਲਾਨ ਕੀਤਾ ਹੈ।

# ਏਸ਼ੀਆਈ ਖੇਡਾਂ 'ਚ ਤਮਗਾ ਜੇਤੂ ਖਿਡਾਰੀ ਜਸਵਿੰਦਰ ਸਿੰਘ ਦਾ ਧੂਰੀ ਪੁੱਜਣ 'ਤੇ ਭਰਵਾਂ ਸਵਾਗਤ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**
ਚੀਨ ਦੇ ਹਾਂਗਜ਼ੂ ਸ਼ਹਿਰ ਵਿੱਚ ਚੱਲ ਰਹੀਆਂ ਏਸ਼ਿਆਈ ਖੇਡਾਂ ਦੌਰਾਨ ਹੋਏ ਰੋਇੰਗ ਮੁਕਾਬਲਿਆਂ ਵਿੱਚ ਭਾਰਤੀ ਪੁਰਸ਼ਾਂ ਦੀ ਟੀਮ ਨੇ ਕੌਕਸਡ 8 ਵਿੱਚ ਚਾਂਦੀ ਦਾ ਤਮਗਾ ਜਿੱਤਿਆ। ਜੇਤੂ ਟੀਮ ਦੇ ਮੈਂਬਰ ਜਸਵਿੰਦਰ ਸਿੰਘ ਕਲੇਰਾਂ ਦਾ ਰੇਲਵੇ ਸਟੇਸ਼ਨ ਧੂਰੀ ਪੁੱਜਣ 'ਤੇ ਰਾਜ ਕਰਦੀ ਧਿਰ, ਪਿੰਡ ਕਲੇਰਾਂ ਦੀ ਪੰਚਾਇਤ ਤੋਂ ਇਲਾਵਾ ਵੱਖ ਵੱਖ ਸਿਆਸੀ ਆਗੂਆਂ ਤੇ ਪ੍ਰਸ਼ਾਸਨ ਅਧਿਕਾਰੀਆਂ ਵੱਲੋਂ ਨਿੱਘਾਂ ਤੇ ਭਰਵਾਂ ਸਵਾਗਤ ਕੀਤਾ ਗਿਆ।



ਖਿਡਾਰੀ ਜਸਵਿੰਦਰ ਸਿੰਘ ਕਲੇਰਾਂ ਦਾ ਸਵਾਗਤ ਕਰਦੇ ਹੋਏ ਆਗੂ।

ਰੇਲਵੇ ਸਟੇਸ਼ਨ ਧੂਰੀ 'ਤੇ ਪੰਜਾਬ ਲਘੂ ਵਿਕਾਸ ਉਦਯੋਗ ਨਿਗਮ ਦੇ ਚੇਅਰਮੈਨ ਦਲਬੀਰ ਸਿੰਘ ਢਿੱਲੋਂ, ਮੁੱਖ ਮੰਤਰੀ ਕੈਂਪ ਦਫ਼ਤਰ ਦੇ ਇੰਚਾਰਜ ਅੰਮ੍ਰਿਤ ਬਰਾੜ, ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਸੀਨੀਅਰ ਆਪ ਆਗੂ ਡਾ. ਅਨਵਰ ਭਸੌੜ, ਟਰੇਡ ਵਿੰਗ ਦੇ ਸੂਬਾ ਜੁਆਇੰਟ ਸਕੱਤਰ ਸਤਿੰਦਰ ਸਿੰਘ ਚੱਠਾ, ਅਮਰਦੀਪ ਸਿੰਘ ਧਾਂਦਰਾ, ਵਪਾਰ ਮੰਡਲ ਪੰਜਾਬ ਦੇ ਸੂਬਾ ਐਕਟਿੰਗ ਪ੍ਰਧਾਨ ਵਿਕਾਸ ਜੈਨ, ਪੰਜਾਬ ਯੂਥ ਕਾਂਗਰਸ ਦੇ ਸੂਬਾ ਜਨਰਲ ਸਕੱਤਰ ਸ਼ੁਭਮ ਸ਼ਰਮਾ, ਨਾਇਬ ਤਹਿਸੀਲਦਾਰ ਜਸਦੇਵ ਸਿੰਘ ਜੋਸ਼ੀਲਾ, ਥਾਣਾ ਸਿਟੀ ਧੂਰੀ ਦੇ ਮੁਖੀ ਇੰਸਪੈਕਟਰ ਰਮਨਦੀਪ ਸਿੰਘ ਬਾਵਾ ਐਡਵੋਕੇਟ ਅਮਨਦੀਪ ਸਿੰਘ ਕਲੇਰਾਂ ਸਰਪੰਚ ਨੇ ਸਵਾਗਤ ਕਰਦਿਆਂ ਮੂੰਹ ਮਿੱਠਾ ਕਰਵਾ ਕੇ ਮੁਬਾਰਕਬਾਦ ਦਿੱਤੀ। ਚੇਅਰਮੈਨ ਢਿੱਲੋਂ ਤੇ ਅੰਮ੍ਰਿਤ ਬਰਾੜ ਨੇ ਦੱਸਿਆ ਕਿ ਰੋਇੰਗ ਟੀਮ ਦੇ ਖਿਡਾਰੀ ਜਸਵਿੰਦਰ ਸਿੰਘ ਨੂੰ ਵੀ ਸਰਕਾਰ ਵੱਲੋਂ 8 ਲੱਖ ਰੁਪਏ ਦੀ ਰਾਸ਼ੀ ਪ੍ਰਦਾਨ ਕੀਤੀ ਗਈ ਹੈ ਤੇ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਏਸ਼ਿਆਈ ਖੇਡਾਂ ਵਿੱਚ ਸੋਨੇ, ਚਾਂਦੀ ਤੇ ਕਾਂਸੀ ਦਾ ਤਮਗਾ ਜਿੱਤਣ ਵਾਲੇ ਪੰਜਾਬੀ ਖਿਡਾਰੀਆਂ ਨੂੰ ਇਨਾਮ ਰਾਸ਼ੀ ਵਜੋਂ ਕ੍ਰਮਵਾਰ ਇੱਕ ਕਰੋੜ ਰੁਪਏ, 75 ਲੱਖ ਤੇ 50 ਲੱਖ ਰੁਪਏ ਦਿੱਤੇ ਜਾਣਗੇ।

ਖਿਡਾਰੀ ਜਸਵਿੰਦਰ ਸਿੰਘ ਕਲੇਰਾਂ ਨੇ ਸਰਕਾਰ ਵੱਲੋਂ ਮਿਲੇ ਸਹਿਯੋਗ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਰਕਾਰ ਦੇ ਅਜਿਹੇ ਉਪਰਾਲੇ ਖਿਡਾਰੀਆਂ ਨੂੰ ਆਪੋ ਆਪਣੀ ਖੇਡ ਦਾ ਵਧੀਆ ਪ੍ਰਦਰਸ਼ਨ ਕਰਨ ਲਈ ਉਤਸ਼ਾਹਤ ਕਰਦੇ ਹਨ।

# ਆਂਗਨਵਾੜੀ ਵਰਕਰ ਤੇ ਹੈਲਪਰ ਯੂਨੀਅਨ (ਏਟਕ) ਦਾ ਵਫ਼ਦ ਵਿਧਾਇਕ ਨੂੰ ਮਿਲਿਆ

**ਮੋਗਾ (ਅਮਰਜੀਤ ਬੱਬਰੀ)**-ਆਲ ਇੰਡੀਆ ਆਂਗਨਵਾੜੀ ਵਰਕਰ ਤੇ ਹੈਲਪਰ ਯੂਨੀਅਨ (ਏਟਕ) ਦਾ ਵਫ਼ਦ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੂੰ ਮਿਲਿਆ। ਇਸ ਮੌਕੇ ਵਫਦੇ ਨੇ ਦੱਸਿਆ ਕਿ ਅਧਿਆਪਕ ਦਿਵਸ ਮੌਕੇ ਸਮਾਗਮ ਵਿੱਚ ਆਪਣੀਆਂ ਮੰਗਾਂ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੰਗ ਪੱਤਰ ਸੌਂਪਿਆ ਗਿਆ ਸੀ, ਜਿਸ 'ਚ ਮੁੱਖ ਮੰਗਾਂ ਵੋਟਾਂ ਵੇਲੇ ਕੀਤੇ ਵਾਅਦੇ ਮੁਤਾਬਕ ਮਾਨ ਭੱਤਾ ਦੁੱਗਣਾ ਕਰਨ, 3 ਤੋਂ 6 ਸਾਲ ਦੇ ਬੱਚੇ ਆਂਗਨਵਾੜੀ ਵਿੱਚ ਵਾਪਸ ਕਰਨ ਲਈ ਮੰਨਿਆ ਸੀ, ਸਰਕਾਰ ਵੱਲੋਂ ਉਸ ਮੰਗ ਪੱਤਰ 'ਤੇ ਕੋਈ ਗ਼ੌਰ ਨਾ ਕਰਨ 'ਤੇ ਵਫ਼ਦ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੂੰ ਮਿਲਿਆ। ਇਸ ਮੌਕੇ ਆਲ ਇੰਡੀਆ ਆਂਗਨਵਾੜੀ ਵਰਕਰ ਤੇ ਹੈਲਪਰ ਯੂਨੀਅਨ ਆਗੂਆਂ ਨੇ ਕਿਹਾ ਕਿ ਵਿਧਾਇਕ ਵੱਲੋਂ ਵੀ ਕੋਈ ਜਵਾਬ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਵਿਧਾਇਕ ਨੇ ਵੀ ਗੱਲ ਨੂੰ ਅਣਗੌਲਿਆ ਕਰ ਦਿੱਤਾ। ਉਨ੍ਹਾਂ ਕਿਹਾ ਕਿ ਅਗਲਾ ਪੜਾਅ ਸਾਡਾ ਇਹ ਹੈ ਕਿ ਜੇ ਸਾਡੀ ਮੀਟਿੰਗ ਮੁੱਖ ਮੰਤਰੀ ਭਗਵੰਤ ਮਾਨ ਨਾਲ ਨਾ ਕਰਵਾਈ ਗਈ ਤਾਂ ਜਥੇਬੰਦੀ ਸੰਘਰਸ਼ ਨੂੰ ਹੋਰ ਤਿੱਖਾ ਕਰੇਗੀ। ਪੰਜਾਬ ਦੇ ਵਿਧਾਇਕਾਂ ਦੇ ਘਰਾਂ ਅੱਗੇ ਪੱਕੇ ਮੋਰਚੇ ਲਾਏ ਜਾਣਗੇ।



# ਕਾਨਿਆਂਵਾਲੀ 'ਚ ਲਾਇਆ ਨਸ਼ਿਆਂ ਵਿਰੋਧੀ ਜਾਗਰੂਕਤਾ ਸੈਮੀਨਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਭਾਗੀਰਥ ਸਿੰਘ ਮੀਨਾ ਐਸ ਐਸ ਪੀ ਵੱਲੋਂ ਜ਼ਿਲ੍ਹੇ ਦਾ ਚਾਰਜ ਸੰਭਾਲਦਿਆਂ ਹੀ ਸ਼ਰਾਰਤੀ ਅਨਸਰਾਂ ਤੇ ਨਸ਼ਿਆਂ ਖਿਲਾਫ਼ ਮੁਹਿਮ ਵਿੱਢ ਦਿੱਤੀ ਗਈ ਹੈ, ਜਿੱਥੇ ਪੁਲਿਸ ਦੀਆਂ ਟੀਮਾਂ ਬਣਾ ਕੇ ਰਾਤ ਦਿਨ ਚੈੱਕਿੰਗ ਕੀਤੀ ਜਾ ਰਹੀ ਹੈ, ਉੱਥੇ ਹੀ ਲੋਕਾਂ ਨਾਲ ਸਿੱਧਾ ਰਾਬਤਾ ਬਣਾ ਕੇ ਸੈਮੀਨਾਰ ਅਯੋਜਤ ਕਰ ਨਸ਼ਿਆਂ ਬਾਰੇ ਜਾਣਕਾਰੀ ਇਕੱਠੀ ਕਰਕੇ ਨਸ਼ੇ ਵੇਚਣ ਵਾਲਿਆਂ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ, ਇਸੇ ਤਹਿਤ ਹੀ ਲੋਕਾਂ ਨਾਲ ਸਿਧਾ ਰਾਬਤਾ ਬਣਾਉਂਦਿਆਂ ਪੁਲਸ ਵੱਲੋਂ ਪਿੰਡ ਕਾਨਿਆਂਵਾਲੀ ਵਿਖੇ ਨਸ਼ਿਆਂ ਵਿਰੁੱਧ ਸੈਮੀਨਾਰ ਅਯੋਜਿਤ ਕੀਤਾ ਗਿਆ। ਇਸ ਮੌਕੇ ਸਤਨਾਮ ਸਿੰਘ ਡੀ.ਐਸ.ਪੀ, ਇੰਸਪੈਕਟਰ ਮਲਕੀਤ ਸਿੰਘ ਮੁੱਖ ਅਫ਼ਸਰ ਥਾਣਾ ਸਦਰ, ਵਿਕਰਮਜੀਤ ਸਿੰਘ ਵਿੱਕੀ (ਵਿਧਾਇਕ ਪੀ.ਏ) ਸੁਰਜੀਤ ਸਿੰਘ (ਚੇਅਰਮੈਨ), ਰਾਜਿੰਦਰ ਪ੍ਰਧਾਨ ਤੇ ਪਿੰਡ ਕਾਨਿਆਂਵਾਲੀ, ਬੰਗੇਵਾਲਾ ਤੇ ਜਗਤ ਸਿੰਘ ਵਾਲੇ ਦੇ ਸਮੂਹ ਪੰਚਾਇਤ ਮੈਂਬਰ ਤੇ ਨਗਰ ਨਿਵਾਸੀ ਮੌਜੂਦ ਸਨ। ਇਸ ਮੌਕੇ ਏ.ਐਸ.ਆਈ ਇਕਬਾਲ ਸਿੰਘ ਵੱਲੋਂ ਸਟੇਜ ਸੈਕਟਰੀ ਵੱਲੋਂ ਡਿਊਟੀ ਨਿਭਾਈ ਗਈ ਤੇ ਅਵੇਰਨੈਸ ਟੀਮ ਦੇ ਏ.ਐਸ.ਆਈ ਹਰਮਿੰਦਰ ਸਿੰਘ ਤੇ ਏ.ਐਸ.ਆਈ ਗੁਰਜੰਟ ਸਿੰਘ ਵੱਲੋਂ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ ਗਿਆ ਤੇ ਏ.ਐਸ.ਆਈ ਨਾਇਬ ਸਿੰਘ ਵੱਲੋਂ ਨਸ਼ਿਆਂ ਖਿਲਾਫ਼ ਗੀਤ ਗਾ ਕੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਸ੍ਰੀ ਭਾਗੀਰਥ ਸਿੰਘ ਮੀਨਾ ਐਸ.ਐਸ.ਪੀ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਪੁਲਸ ਵੱਲੋਂ ਨਸ਼ਿਆਂ ਖਿਲਾਫ ਜੰਗ ਉਸੇ ਤਰ੍ਹਾਂ ਹੀ ਜਾਰੀ ਰਹੇਗੀ, ਕਿਸੇ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਅਸੀਂ ਤੇ ਸਾਰੀ ਪੁਲਿਸ ਫੋਰਸ ਤੁਹਾਡੇ ਪਰਵਾਰ ਦੇ ਮੈਂਬਰ ਦੀ ਤਰ੍ਹਾਂ ਹੀ ਹਨ, ਜੋ ਨਸ਼ੇ ਦੀ ਜੰਗ ਪੰਜਾਬ ਸਰਕਾਰ ਡੀ.ਜੀ.ਪੀ ਵੱਲੋਂ ਚਲਾਈ ਹੈ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਕਰਕੇ ਖੇਡਾਂ ਵੱਲ ਉਤਸ਼ਾਹਤ ਕਰਨਾ ਹੈ ਅਤੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣਾ ਹੈ। ਸਤਨਾਮ ਸਿੰਘ ਡੀ.ਐਸ.ਪੀ ਨੇ ਕਿਹਾ ਕਿ ਜੇਕਰ ਤੁਹਾਨੂੰ ਲੱਗਦਾ ਹੈ ਕਿ ਸਾਡਾ ਕੋਈ ਪੁਲਸ ਕ੍ਰਮਚਾਰੀ ਕਿਸੇ ਵੀ ਤਰਾਂ ਦੇ ਨਸ਼ਾ ਤਸਕਰਾਂ ਦੇ ਨਾਲ ਮਿਲਿਆ ਹੈ ਜਾਂ ਤੁਹਾਡੇ ਵੱਲੋਂ ਦਿੱਤੀ ਜਾਣਕਾਰੀ 'ਤੇ ਕਾਰਵਾਈ ਨਹੀਂ ਕਰ ਰਿਹਾ ਤੁਸੀ ਇਸ ਦੀ ਜਾਣਕਾਰੀ ਖੁਦ ਸਾਨੂੰ ਦਫਤਰ ਆ ਕੇ ਜਾਂ ਸਾਡੇ ਮੋਬਾਇਲ 'ਤੇ ਦਿਉ, ਜੇਕਰ ਕੋਈ ਪੁਲਸ ਮੁਲਾਜ਼ਮ ਇਸ ਤਰ੍ਹਾਂ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਵਿਕਰਮਜੀਤ ਸਿੰਘ ਵਿੱਕੀ ਨੇ ਕਿਹਾ ਕਿ ਅਸੀ ਸਾਰੇ ਪਿੰਡਾਂ ਦੀ ਪੰਚਾਇਤ ਵੱਲੋਂ ਐਸ.ਐਸ.ਪੀ. ਨੂੰ ਤੇ ਉਨ੍ਹਾਂ ਦੀ ਟੀਮ ਨੂੰ ਇੱਥੇ ਪਹੁੰਚਣ 'ਤੇ ਜੀ ਆਇਆਂ ਆਖਦੇ ਹਾਂ ਅਤੇ ਤੁਹਾਨੂੰ ਇਹ ਵਿਸ਼ਵਾਸ ਦਿਵਾਉਂਦੇ ਹਾਂ ਕਿ ਅਸੀਂ ਹਮੇਸ਼ਾ ਪੁਲਸ ਨੂੰ ਨਸ਼ਿਆਂ ਦੇ ਖਾਤਮੇ ਲਈ ਸਹਿਯੋਗ ਕਰਦੇ ਰਹਾਂਗੇ।

# ਚੁੱਪ-ਚੁਪੀਤੇ ਸਮਾਰਟ ਮੀਟਰ ਲਗਾਉਣ ਦਾ ਵਿਰੋਧ



**ਸੰਗਰੂਰ (ਪ੍ਰਵੀਨ ਸਿੰਘ)**-ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਕਾ. ਭਰਪੂਰ ਸਿੰਘ ਦੁੱਗਾਂ ਨੇ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪਾਵਰਕਾਮ ਦੇ ਅਧਿਕਾਰੀ ਤੇ ਕਰਮਚਾਰੀ ਚੁੱਪ ਚੁਪੀਤੇ ਘਰਾਂ ਦੇ ਬਾਹਰ ਲੱਗੇ ਬਕਸਿਆਂ ਵਿੱਚ ਚਿੱਪ ਵਾਲੇ ਮੀਟਰ ਲਗਾ ਰਹੇ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਇੱਕ ਇੱਕ ਬਕਸੇ ਵਿੱਚ ਇੱਕ ਜਾਂ ਦੋ ਮੀਟਰ ਚਿੱਪ ਵਾਲੇ ਲਗਾਏ ਜਾਂਦੇ ਹਨ। ਜਦੋਂ ਕਰਮਚਾਰੀ ਅਜਿਹਾ ਕਰ ਰਹੇ ਸਨ ਤਾਂ ਪਿੰਡ ਦੇ ਲੋਕਾਂ ਨੂੰ ਇਸ ਦੀ ਭਿਣਕ ਪੈ ਗਈ ਤੇ ਕਾ. ਭਰਪੂਰ ਸਿੰਘ ਦੁੱਗਾ ਦੀ ਅਗਵਾਈ ਹੇਠ ਗੁਰੂ ਘਰ ਦੇ ਸਪੀਕਰ ਰਾਹੀਂ ਲੋਕਾਂ ਨੂੰ ਸੂਚਿਤ ਕੀਤਾ ਗਿਆ ਕਿ ਪਾਵਰਕਾਮ ਦੇ ਕਰਮਚਾਰੀ ਚੁੱਪ ਚੁਪੀਤੇ ਚਿੱਪ ਵਾਲੇ ਮੀਟਰ ਲਾ ਰਹੇ ਸਨ। ਇਸ ਉਪਰੰਤ ਪਿੰਡ ਦੇ ਲੋਕਾਂ ਨੇ ਇਕੱਠੇ ਹੋ ਕੇ ਇਨ੍ਹਾਂ ਮੀਟਰਾਂ ਦੀਆਂ ਤਾਰਾਂ ਕੱਟ ਦਿੱਤੀਆਂ ਤੇ ਘਰਾਂ ਦੇ ਸਿੱਧੇ ਕੁਨੈਕਸ਼ਨ ਬਿਜਲੀ ਦੇ ਜੋੜ ਦਿੱਤੇ। ਇਸ ਸਮੇਂ ਇਕੱਠੇ ਹੋਏ ਲੋਕਾਂ ਨੇ ਇਹ ਵੀ ਸੂਚਿਤ ਕੀਤਾ ਕਿ ਅੱਗੇ ਤੋਂ ਜੇਕਰ ਕੋਈ ਕਰਮਚਾਰੀ ਅਜਿਹੇ ਮੀਟਰ ਲਾ ਕੇ ਜਾਵੇਗਾ ਤਾਂ ਉਸ ਦਾ ਘਿਰਾਓ ਕੀਤਾ ਜਾਵੇਗਾ।

# ਐੱਸ ਆਰ ਐੱਸ ਵਿੱਦਿਆਪੀਠ ਦੇ ਵਿਦਿਆਰਥੀਆਂ ਸਾਇਕਲ ਰੈਲੀ 'ਚ ਲਿਆ ਹਿੱਸਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਲਾਇਨਜ਼ ਕਲੱਬ ਗੋਲਡ ਵੱਲੋਂ ਪ੍ਰਧਾਨ ਲਾਇਨ ਵਿਕਾਸ ਸ਼ਰਮਾ ਤੇ ਲਾਇਨ ਜੇ ਪੀ ਗਰਗ ਦੀ ਅਗਵਾਈ ਹੇਠ ਗਾਂਧੀ ਜਯੰਤੀ ਮੌਕੇ ਸਾਇਕਲ ਰੈਲੀ ਕੱਢੀ ਗਈ। ਰੈਲੀ ਵਿੱਚ ਐੱਸ ਆਰ ਐੱਸ ਵਿੱਦਿਆਪੀਠ ਦੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ, ਪ੍ਰਧਾਨ ਮਦਨ ਮਿੱਤਲ ਤੇ ਸੀ ਏ ਅਮਿਤ ਸਿੰਗਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਸਾਇਕਲ ਰੈਲੀ ਵਿੱਚ ਹਿੱਸਾ ਲਿਆ। ਜੌੜਾਮਾਜਰਾ ਨੇ ਕਿਹਾ ਕਿ ਇਸ ਸਾਈਕਲ ਰੈਲੀ ਵਿੱਚ ਨੌਜਵਾਨਾਂ ਤੇ ਬੱਚਿਆਂ ਦੇ ਉਤਸ਼ਾਹ ਨੂੰ ਦੇਖ ਬਹੁਤ ਖੁਸ਼ੀ ਹੋਈ ਹੈ ਅਤੇ ਅਜਿਹੇ ਮੌਕੇ 'ਤੇ ਹਰ ਵਰਗ ਇਕੱਠੇ ਹੋ ਕੇ ਤੁਰਨਾ ਸਾਡੀ ਆਪਸੀ ਇਕਜੁਟਤਾ ਦਾ ਸੁਨੇਹਾ ਦਿੰਦਾ ਹੈ। ਇਹ ਰੈਲੀ ਸਵੇਰੇ 6 ਵਜੇ ਤਹਿਸੀਲ ਕੰਪਲੈਕਸ ਵਾਲੇ ਪਾਰਕ ਤੋਂ ਸ਼ੁਰੂ ਹੋ ਕੇ ਤਹਿਸੀਲ ਰੋਡ, ਪੰਜਾਬ ਨੈਸ਼ਨਲ ਬੈਂਕ ਤੋਂ ਮਾਜਰੀ ਰੋਡ, ਗੁਰਦੁਆਰਾ ਰਵਿਦਾਸ ਜੀ ਤੋਂ ਘੱਗਾ ਰੋਡ, ਪੁਲਿਸ ਚੌਕੀ ਗਾਂਧੀ ਗਰਾਊਂਡ ਤੋਂ ਨਗਰ ਕੌਂਸਲ ਦਫ਼ਤਰ ਹੁੰਦੇ ਹੋਏ ਤਹਿਸੀਲ ਪਾਰਕ ਵਿਖੇ ਸਮਾਪਤ ਹੋਈ। ਇਸ ਮੌਕੇ ਗੌਰਵ ਅਗਰਵਾਲ, ਮਨੀਸ਼ ਸਿੰਗਲਾ ਰੌਕੀ, ਅਨੂਪ ਗੋਇਲ, ਨਵਦੀਪ ਸਿੰਘ ਢਿੱਲੋਂ, ਮੋਹਿਤ ਤਨੂ, ਬੀ ਕੇ ਗੁਪਤਾ, ਸੰਜੀਵ ਸਿੰਗਲਾ, ਮਾਨਵ ਬਾਂਸਲ, ਓਮ ਪ੍ਰਕਾਸ਼ ਅਰੋੜਾ, ਅਮਿਤ ਲੂਥਰਾ ਅਤੇ ਦੀਪਕ ਸਿੰਗਲਾ ਆਦਿ ਵੀ ਮੌਜੂਦ ਰਹੇ। ਇਸ ਰੈਲੀ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ ਅਤੇ ਉਨ੍ਹਾਂ ਲਈ ਖਾਣ-ਪੀਣ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

# 'ਸਵੱਛਤਾ ਹੀ ਸੇਵਾ' ਤਹਿਤ ਕੜਿਆਲ 'ਚ ਕੀਤੀ ਸਫਾਈ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਪੰਜਾਬ ਯੂਨੀਵਰਸਿਟੀ ਕੰਸਟੀਚਿਊਟ ਕਾਲਜ ਕੜਿਆਲ, ਧਰਮਕੋਟ ਦੇ ਪ੍ਰਿੰਸੀਪਲ ਪ੍ਰੋ. (ਡਾ.) ਅਸੀਸ ਵਿਰਕ ਦੀ ਰਹਿਨੁਮਾਈ ਹੇਠ ਐੱਨ. ਐੱਸ. ਐੱਸ. ਯੂਨਿਟ ਵੱਲੋਂ ਮਹਾਤਮਾ ਗਾਂਧੀ ਜਯੰਤੀ ਨੂੰ ਮੁੱਖ ਰੱਖਦੇ ਹੋਏ 'ਸਵੱਛਤਾ ਹੀ ਸੇਵਾ' ਤਹਿਤ ਪਿੰਡ ਕੜਿਆਲ ਵਿਖੇ ਸਫਾਈ ਦਾ ਕਾਰਜ ਕੀਤਾ ਗਿਆ। ਇਸ ਕਾਰਜ ਦਾ ਸੰਚਾਲਨ ਪ੍ਰਿੰਸੀਪਲ ਪ੍ਰੋ. (ਡਾ.) ਅਸੀਸ ਵਿਰਕ ਦੇ ਸਹਿਯੋਗ ਨਾਲ ਪ੍ਰੋ. ਨਤੀਸ਼ ਕੁਮਾਰ ਤੇ ਪ੍ਰੋ. ਰਮਨਦੀਪ ਕੌਰ ਪ੍ਰੋਗਰਾਮ ਆਫੀਸਰ ਨੇ ਸਫਲਤਾ ਪੂਰਵਕ ਕੀਤਾ। ਇਸ ਪ੍ਰੋਗਰਾਮ ਦੌਰਾਨ ਜਲ ਸਪਲਾਈ ਤੇ ਸੈਨੀਟੇਸ਼ਨ ਦੇ ਜੇ. ਈ. ਦਰਸ਼ਨ ਸਿੰਘ ਤੇ ਬੀ.ਆਰ.ਸੀ. ਮਨਜੀਤ ਕੌਰ ਵੀ ਸਾਡੇ ਦਰਮਿਆਨ ਰਹੇ। ਇਸ ਕਾਰਜ ਦੀ ਸ਼ੁਰੂਆਤ 'ਸਵੱਛਤਾ ਹੀ ਸੇਵਾ' ਦੇ ਵਚਨ ਤੋਂ ਕੀਤੀ ਗਈ। ਇਸ ਕਾਰਜ ਵਿੱਚ ਐੱਨ. ਐੱਸ. ਐੱਸ. ਯੂਨਿਟ ਦੇ ਵਲੰਟੀਅਰਾਂ ਨੇ ਕੜਿਆਲ ਪਿੰਡ ਦੀ ਗਲੀ-ਗਲੀ ਵਿੱਚ ਜਾ ਕੇ ਸਫਾਈ ਕੀਤੀ ਤੇ ਗਲੀ/ਮੁਹੱਲਾ ਵਿੱਚ ਆਪਣੇ ਭਾਸ਼ਣ ਰਾਹੀਂ ਪਿੰਡ ਦੇ ਲੋਕਾਂ ਨੂੰ ਆਪਣੇ ਆਸ-ਪਾਸ ਦੀ ਸਫਾਈ ਰੱਖਣ, ਪਲਾਸਟਿਕ ਦੀ ਵਰਤੋਂ ਨਾ ਕਰਨ ਉਤੇ ਜ਼ੋਰ ਦਿੱਤਾ। ਇਸ ਤੋਂ ਇਲਾਵਾ ਪਿੰਡ ਦੇ ਪਾਰਕ, ਬੱਸ ਅੱਡਾ, ਪੰਚਾਇਤ ਘਰ ਤੇ ਪਿੰਡ ਦੀ ਡਿਸਪੈਂਸਰੀ ਦੀ ਸਫਾਈ ਕੀਤੀ ਗਈ ਅਤੇ ਪਿੰਡ ਦੇ ਪਾਰਕ ਵਿੱਚ ਵੱਖ-ਵੱਖ ਕਿਸਮਾਂ ਦੇ ਰੁੱਖ ਲਗਾਏ ਗਏ। ਇਸ ਪ੍ਰੋਗਰਾਮ ਦੌਰਾਨ ਪਿੰਡ ਦੇ ਸਰਪੰਚ ਰੁਪਿੰਦਰ ਸਿੰਘ, ਸਾਬਕਾ ਸਰਪੰਚ ਗੁਰਮੇਲ ਸਿੰਘ ਤੇ ਪਚਾਇਤ ਮੈਂਬਰ ਵੀ ਨਾਲ ਰਹੇ ਅਤੇ ਪਿੰਡ ਦੇ ਸਰਪੰਚ, ਪੰਚਾਇਤ ਤੇ ਸਮੂਹ ਪਿੰਡ ਵਾਸੀਆਂ ਨੇ ਸਵੱਛਤਾ ਕਾਰਜ ਲਈ ਹਰ ਹਫਤੇ 2 ਘੰਟੇ ਦਾ ਸਮਾਂ ਦੇਣ ਦਾ ਵਚਨ ਕੀਤਾ।

# ਕੁਤਬਾ ਵਿਖੇ ਧਾਰਮਕ ਸਮਾਗਮ ਕਰਵਾਏ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਪਿੰਡ ਕੁਤਬਾ (ਬਰਨਾਲਾ) ਵਿਖੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਤਿੰਨ ਰੋਜ਼ਾ ਧਾਰਮਿਕ ਸਮਾਗਮ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾਭਾਵਨਾ ਨਾਲ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਗੁਰਦੀਪ ਸਿੰਘ ਦੇ ਰਾਗੀ ਜਥੇ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਾਬਕਾ ਚੇਅਰਮੈਨ ਅਜੀਤ ਸਿੰਘ ਕੁਤਬਾ ਨੇ ਪ੍ਰਬੰਧਕਾਂ ਦੇ ਉੱਦਮ ਦੀ ਸ਼ਲਾਘਾ ਕਰਦਿਆਂ ਸੰਗਤਾਂ ਨੂੰ ਆਪਸੀ ਭਾਈਚਾਰਾ ਬਣਾਈ ਰੱਖਣ ਦੀ ਅਪੀਲ ਕੀਤੀ। ਗੁਰਦੁਆਰਾ ਕਮੇਟੀ ਪ੍ਰਧਾਨ ਹਰਮੇਸ਼ ਸਿੰਘ ਚੌਧਰੀ, ਮੀਤ ਪ੍ਰਧਾਨ ਰੇਸ਼ਮ ਸਿੰਘ, ਸਤਿਨਾਮ ਸਿੰਘ, ਜਸਵਿੰਦਰ ਸਿੰਘ, ਜਗਤਾਰ ਸਿੰਘ, ਤਰਸੇਮ ਸਿੰਘ, ਕਿੰਦਾ ਸਿੰਘ, ਹਰਜਿੰਦਰ ਸਿੰਘ, ਕੁਲਵਿੰਦਰ ਸਿੰਘ ਹੈੱਡ ਗ੍ਰੰਥੀ ਦੀ ਅਗਵਾਈ ਹੇਠ ਵੱਖ ਵੱਖ ਸ਼ਖਸੀਅਤਾਂ ਤੋਂ ਇਲਾਵਾ ਸ਼੍ਰੋਮਣੀ ਦਲ ਦੇ ਕੌਮੀ ਮੀਤ ਪ੍ਰਧਾਨ ਰਿੰਕਾ ਕੁਤਬਾ ਬਾਹਮਣੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

# ਡੇਰਾ ਬਾਗ਼ ਵਾਲਾ ਰਾਮਾ ਵਿਖੇ ਸਾਲਾਨਾ ਬਰਸੀ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ 'ਤੇ

**ਹਠੂਰ/ਬੱਧਨੀ ਕਲਾਂ (ਨਛੱਤਰ ਸੰਧੂ)**
ਨੇੜਲੇ ਧਾਰਮਿਕ ਅਸਥਾਨ ਡੇਰਾ ਬਾਗ ਵਾਲਾ ਪਿੰਡ ਰਾਮਾ (ਮੋਗਾ) ਵਿਖੇ ਸ੍ਰੀ 108 ਸੰਤ ਬਾਬਾ ਦੂਜ ਦਾਸ ਜੀ ਦੀ 40ਵੀਂ ਬਰਸੀ, ਮਹੰਤ ਬਾਬਾ ਈਸ਼ਰ ਦਾਸ ਫੱਕਰ ਜੀ ਦੀ 19ਵੀਂ ਬਰਸੀ ਤੇ ਮਹੰਤ ਬਾਬਾ ਰੁਲਦੂ ਰਾਮ ਜੀ ਦੀ 7ਵੀਂ ਸਾਲਾਨਾ ਬਰਸੀ ਨੂੰ ਸਮਰਪਤ ਲੜੀਵਾਰ ਸਮਾਗਮ 10 ਅਕਤੂਬਰ ਤੋਂ ਲੈ ਕੇ 1 ਨਵੰਬਰ ਤੱਕ ਕਰਾਏ ਜਾ ਰਹੇ ਹਨ, ਜਿਸ ਦੀਆਂ ਤਿਆਰੀਆਂ ਪ੍ਰਬੰਧਕਾਂ ਵੱਲੋਂ ਜ਼ੋਰਾਂ-ਸ਼ੋਰਾਂ 'ਤੇ ਚੱਲ ਰਹੀਆਂ ਹਨ। ਬਾਬਾ ਰੁਲਦੂ ਰਾਮ ਜੀ ਦੇ ਚੇਲੇ ਮੁੱਖ ਸੇਵਾਦਾਰ ਮਹੰਤ ਕਰਮਦਾਸ ਜੀ ਨੇ ਦੱਸਿਆ ਕਿ ਇਸ ਸਮਾਗਮ ਨੂੰ ਲੈ ਕੇ ਦੇਸ਼ਾਂ-ਵਿਦੇਸ਼ਾਂ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।



ਉਨ੍ਹਾਂ ਦੱਸਿਆ ਕਿ 10 ਅਕਤੂਬਰ ਤੋ ਸ੍ਰੀ ਆਖੰਡ ਪਾਠ ਸਾਹਿਬ ਦੀ ਪਹਿਲੀ ਲੜੀ ਦੇ ਪਾਠ ਪ੍ਰਕਾਸ਼ ਹੋ ਕੇ ਲਗਾਤਾਰ 1 ਨਵੰਬਰ ਤੱਕ ਚੱਲਦੇ ਰਹਿਣਗੇ। ਉਨ੍ਹਾਂ ਅੱਗੇ ਦੱਸਿਆ ਕਿ 1 ਨਵੰਬਰ ਨੂੰ ਸਵੇਰੇ 10 ਵਜੇ ਭੋਗ ਪਾਏ ਜਾਣਗੇ। ਉਪਰੰਤ ਸੰਤ ਸਮਾਗਮ ਹੋਵੇਗਾ, ਜਿਸ ਵਿੱਚ ਮਹਾਪੁਰਸ਼ਾਂ ਤੋਂ ਇਲਾਵਾ ਉੱਘੇ ਰਾਗੀ-ਢਾਡੀ, ਕਵੀਸ਼ਰੀ ਤੇ ਕਥਾਵਾਚਕ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਉਨ੍ਹਾਂ ਦੱਸਿਆ ਕਿ ਇਹ ਧਾਰਮਿਕ ਅਸਥਾਨ ਮੋਗਾ-ਬਰਨਾਲਾ ਤੇ ਬਿਲਾਸਪੁਰ ਤੋਂ ਜਗਰਾਓਂ ਰੋਡ 'ਤੇ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਉਨ੍ਹਾਂ ਦਾਨੀ ਸੱਜਣਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਨੇਕ ਕਮਾਈ ਵਿੱਚੋਂ ਦਸੌਂਧ ਕੱਢ ਕੇ ਇਸ ਮਹਾਨ ਸਮਾਗਮ ਵਿੱਚ ਆਪਣਾ ਹਿੱਸਾ ਪਾ ਕੇ ਗੁਰੂ ਵਾਲੇ ਬਣਨ।

# ਚਿੱਟੇ ਸਣੇ ਦੋ ਪੁਲਸ ਅੜਿੱਕੇ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਥਾਣਾ ਸਿਟੀ ਧੂਰੀ ਦੀ ਪੁਲਸ ਵੱਲੋਂ ਨਸ਼ੇ ਦੇ ਸੌਦਾਗਰਾਂ ਖਿਲਾਫ਼ ਚਲਾਈ ਮੁਹਿੰਮ ਤਹਿਤ ਦੋ ਵਿਅਕਤੀਆਂ ਨੂੰ ਪੰਜ ਗ੍ਰਾਮ ਚਿੱਟੇ ਸਣੇ ਕਾਬੂ ਕਰਨ ਦੀ ਸੂਚਨਾ ਮਿਲੀ ਹੈ। ਜਾਣਕਾਰੀ ਦਿੰਦਿਆਂ ਥਾਣਾ ਸਿਟੀ ਧੂਰੀ ਦੇ ਇੰਚਾਰਜ ਇੰਸਪੈਕਟਰ ਰਮਨਦੀਪ ਸਿੰਘ ਬਾਵਾ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਸੁਖਵਿੰਦਰ ਕੌਰ ਉਰਫ ਨਿੰਮੋ, ਜੋ ਚਿੱਟਾ ਵੇਚਣ ਦੀ ਆਦੀ ਹੈ ਅਤੇ ਮਨਪ੍ਰੀਤ ਸਿੰਘ ਵਾਸੀ ਧੂਰੀ ਉਸ ਨੂੰ ਇਹ ਨਸ਼ਾ ਸਪਲਾਈ ਕਰਦਾ ਹੈ।

ਪੁਲਸ ਵੱਲੋਂ ਮੌਕਾ ਪਰ ਪੁੱਜ ਕੇ ਕੀਤੀ ਗਈ ਕਾਰਵਾਈ ਦੌਰਾਨ ਸੁਖਵਿੰਦਰ ਕੌਰ ਉਰਫ ਨਿੰਮੋ ਨੂੰ 5 ਗ੍ਰਾਮ ਚਿੱਟੇ ਸਣੇ ਕਾਬੂ ਕਰ ਲਿਆ ਗਿਆ, ਜਦਕਿ ਮਨਪ੍ਰੀਤ ਸਿੰਘ ਵਾਸੀ ਧੂਰੀ ਨੂੰ ਅੱਜ ਗ੍ਰਿਫਤਾਰ ਕਰ ਲਿਆ ਗਿਆ।

# ਕੋਰਸ ਪੂਰਾ ਕਰ ਚੁੱਕੇ ਸਿਖਿਆਰਥੀਆਂ ਨੂੰ ਵੰਡੇ ਸਰਟੀਫਿਕੇਟ



**ਮੱਖੂ (ਰਛਪਾਲ ਸਿੰਘ ਸੰਧੂ)**-ਡਾ. ਐਸਪੀ ਸਿੰਘ ਓਬਰਾਏ ਤੇ ਉਨ੍ਹਾਂ ਦੀ ਸੰਸਥਾ ਸਰਬੱਤ ਦਾ ਭਲਾ ਟਰੱਸਟ ਵੱਲੋਂ ਜਿੱਥੇ ਸਮੇਂ-ਸਮੇਂ 'ਤੇ ਲੋੜਵੰਦ ਲੋਕਾਂ ਦੀ ਮੂਹਰੇ ਆ ਕੇ ਮੱਦਦ ਕੀਤੀ ਜਾਂਦੀ ਹੈ, ਉੱਥੇ ਸੰਸਥਾ ਵੱਲੋਂ ਫ੍ਰੀ ਕੋਰਸਾਂ ਦੇ ਸੈਂਟਰ ਖੋਲ੍ਹ ਕੇ ਨੌਜਵਾਨਾਂ ਨੂੰ ਹੱਥੀਂ ਹੁਨਰ ਸਿਖਾ ਕੇ ਉਨ੍ਹਾਂ ਨੂੰ ਆਪਣਾ ਰੋਜ਼ਗਾਰ ਚਲਾਉਣ ਲਈ ਵੀ ਤਿਆਰ ਕੀਤਾ ਜਾਂਦਾ ਹੈ। ਇਸੇ ਲੜੀ ਨੂੰ ਅੱਗੇ ਤੋਰਦੇ ਹੋਏ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਅਤੇ ਸਿੱਖਿਆ ਡਾਇਰੈਕਟਰ ਮੈਡਮ ਇੰਦਰਜੀਤ ਕੌਰ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ ਦੀ ਯੋਗ ਅਗਵਾਈ 'ਚ ਗੁਰਦੁਆਰਾ ਸਿੰਘ ਸਭਾ ਪੀਰ ਮੁਹੰਮਦ ਵਿੱਚ ਇੱਕ ਮੁਫ਼ਤ ਸਿਲਾਈ ਸੈਂਟਰ ਚਲਾਇਆ ਜਾ ਰਿਹਾ ਹੈ। ਇਸ ਸਿਲਾਈ ਸੈਂਟਰ ਦੇ ਦੂਜੇ ਸੈਸ਼ਨ ਦੇ ਖਤਮ ਹੋਣ 'ਤੇ ਕੋਰਸ ਸਫ਼ਲਤਾ ਪੂਰਵਕ ਢੰਗ ਨਾਲ ਪੂਰਾ ਕਰਨ ਵਾਲੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਪੀਰ ਮੁਹੰਮਦ ਵਿਖੇ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਕਰਾਇਆ ਗਿਆ। ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਲਖਵਿੰਦਰ ਸਿੰਘ ਪੀਰ ਮੁਹੰਮਦ ਯੂਥ ਪ੍ਰਧਾਨ ਬੀਕੇਯੂ ਰਾਜੇਵਾਲ ਵੱਲੋਂ ਡਾ. ਓਬਰਾਏ ਵੱਲੋਂ ਚੱਲ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਸਿਖਿਆਰਥੀਆਂ ਨੂੰ ਵਧਾਈ ਦਿੱਤੀ ਗਈ। ਸੰਸਥਾ ਦੇ ਜ਼ਿਲ੍ਹਾ ਇਸਤਰੀ ਵਿੰਗ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ, ਮੱਖੂ ਦੇ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸਿਖਿਆਰਥੀਆਂ ਨੂੰ ਭਵਿੱਖ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਅਤੇ ਟਰੱਸਟ ਵੱਲੋਂ ਚੱਲ ਰਹੀਆਂ ਸੇਵਾਵਾਂ ਤੋਂ ਜਾਣੂ ਕਰਾਇਆ। ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਇਸਤਰੀ ਵਿੰਗ ਮੈਡਮ ਅਮਰਜੀਤ ਕੌਰ ਛਾਬੜਾ, ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਤੇ ਮਖੂ ਦੇ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਨੇ ਦੱਸਿਆ ਕਿ ਸੰਸਥਾ ਦੇ ਮੁਖੀ ਡਾ. ਐਸਪੀ ਸਿੰਘ ਓਬਰਾਏ ਵੱਲੋਂ ਜਿੱਥੇ ਲੋੜਵੰਦਾਂ ਦੀ ਅੱਗੇ ਹੋ ਕੇ ਮੱਦਦ ਕੀਤੀ ਜਾਂਦੀ ਹੈ, ਉਥੇ ਨੌਜਵਾਨਾਂ ਨੂੰ ਹੁਨਰਮੰਦ ਬਣਾਇਆ ਜਾ ਰਿਹਾ ਹੈ ਤਾਂ ਜੁ ਨੌਜਵਾਨ ਹੁਨਰਮੰਦ ਹੋ ਕੇ ਆਪਣੇ ਪੈਰਾਂ 'ਤੇ ਖੜੇ ਹੋ ਸਕਣ। ਉਨ੍ਹਾਂ ਹੋਰ ਕਿਹਾ ਕਿ ਇਨ੍ਹਾਂ ਸੈਂਟਰਾਂ ਵਿੱਚ ਸਿਖਿਆਰਥੀਆਂ ਤੋਂ ਕਿਸੇ ਵੀ ਤਰ੍ਹਾਂ ਦੀ ਫ਼ੀਸ ਨਹੀਂ ਲਈ ਜਾਂਦੀ। ਇਸ ਲਈ ਨੌਜਵਾਨਾਂ ਨੂੰ ਇਸ ਮੌਕੇ ਦਾ ਲਾਹਾ ਲੈਣਾ ਚਾਹੀਦਾ ਹੈ।

# ਮਾਤਾ ਗੁਜਰੀ ਕਾਲਜ ਦੇ ਖੇਤੀਬਾੜੀ ਵਿਭਾਗ ਵੱਲੋਂ ਵਿੱਦਿਅਕ ਦੌਰਾ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਮਾਤਾ ਗੁਜਰੀ ਕਾਲਜ ਦੇ ਖੇਤੀਬਾੜੀ ਵਿਭਾਗ ਵੱਲੋਂ ਪੰਜਾਬ ਸਟੇਟ ਕੌਂਸਲ ਫਾਰ ਐਗਰੀਕਲਚਰਲ ਐਜੂਕੇਸ਼ਨ ਦੁਆਰਾ ਪ੍ਰਮਾਣਿਤ ਬੀ.ਐੱਸਸੀ. ਐਗਰੀਕਲਚਰ ਦੇ ਆਖਰੀ ਸਾਲ ਦੇ ਵਿਦਿਆਰਥੀਆਂ ਦਾ ਰਾਵੇ ਪ੍ਰੋਗਰਾਮ ਤਹਿਤ ਵੇਰਕਾ ਮੈਗਾ ਡੇਅਰੀ ਬਸੀ ਪਠਾਣਾਂ ਵਿਖੇ ਵਿੱਦਿਅਕ ਦੌਰਾ ਕਰਾਇਆ ਗਿਆ, ਜਿਸ ਵਿੱਚ 40 ਦੇ ਕਰੀਬ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਦੌਰੇ ਦੌਰਾਨ ਵੇਰਕਾ ਦੇ ਡੀ.ਜੀ. ਐਮ. ਵੱਲੋਂ ਵਿਦਿਆਰਥੀਆਂ ਨਾਲ ਮੈਗਾ ਡੇਅਰੀ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ ਤੇ ਪਲਾਂਟ ਦੇ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਸਾਰੇ ਪਲਾਂਟ ਦਾ ਦੌਰਾ ਕਰਾਇਆ ਗਿਆ, ਜਿੱਥੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਕਿਵੇਂ ਦੁੱਧ ਵੱਖ-ਵੱਖ ਪੜਾਵਾਂ ਵਿਚੋਂ ਗੁਜ਼ਰਦਾ ਹੋਇਆ ਮਸ਼ੀਨਾਂ ਦੀ ਵਰਤੋਂ ਨਾਲ ਹੀ ਪੈਕ ਕੀਤਾ ਜਾਂਦਾ ਹੈ, ਜਿਸ ਸਦਕਾ ਉਸ ਨੂੰ 3-6 ਮਹੀਨੇ ਤੱਕ ਵਰਤਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਲੈਬ ਟੈਸਟ ਬਾਰੇ ਵੀ ਦੱਸਿਆ ਗਿਆ, ਜਿੱਥੇ ਕੁੱਝ ਮਿੰਟਾਂ ਵਿੱਚ ਹੀ ਦੁੱਧ ਦੀ ਫੈਟ, ਐਸ.ਐਨ.ਐਫ. ਤੇ ਹੋਰ ਮੌਜੂਦ ਮਿਲਾਵਟਾਂ ਸੰਬੰਧੀ ਪਤਾ ਲਾਇਆ ਜਾ ਸਕਦਾ ਤਾਂ ਜੁ ਦੁੱਧ ਦੀ ਸਹੀ ਗੁਣਵੱਤਾ ਕਾਇਮ ਰੱਖੀ ਜਾ ਸਕੇ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਅਜਿਹੇ ਵਿੱਦਿਅਕ ਦੌਰੇ ਵਿਦਿਆਰਥੀਆਂ ਵਿੱਚ ਵਿਗਿਆਨਕ, ਵਿਹਾਰਕ ਤੇ ਵਿਹਾਰਕ ਚੇਤਨਾ ਨੂੰ ਪ੍ਰਫੁੱਲਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਖੇਤੀਬਾੜੀ ਵਿਭਾਗ ਦੇ ਡੀਨ ਡਾ. ਏ. ਕੇ ਸ਼ਰਮਾ ਨੇ ਕਿਹਾ ਕਿ ਇਹ ਦੌਰੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਦੇ ਕਰਨ ਦੇ ਨਾਲ ਵਿਦਿਆਰਥੀਆਂ ਨੂੰ ਜਾਗਰੂਕਤਾ ਪ੍ਰਦਾਨ ਕਰਨ ਵਿੱਚ ਵੀ ਸਹਾਈ ਸਿੱਧ ਹੁੰਦੇ ਹਨ। ਵਿਭਾਗ ਦੇ ਮੁਖੀ ਡਾ. ਦਲੀਪ ਸਿੰਘ ਕਛਵਾਇਆ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਇਸ ਦੌਰੇ ਵਿੱਚ ਭਾਗ ਲਿਆ, ਜੋ ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਲਾਹੇਵੰਦ ਸਾਬਤ ਹੋਵੇਗਾ।

# 'ਸਵੱਛਤਾ ਹੀ ਸੇਵਾ' ਅਧੀਨ ਵੱਖ-ਵੱਖ ਵਾਰਡਾਂ 'ਚ ਕੀਤੀ ਸਫਾਈ




**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-"ਸਵੱਛਤਾ ਹੀ ਸੇਵਾ ਅਧੀਨ" ਨਗਰ ਕੌਂਸਲ ਅਮਲੋਹ ਵਿਖੇ ਵੱਖ-ਵੱਖ ਵਾਰਡਾਂ ਵਿੱਚ ਵਿਸ਼ੇਸ਼ ਸਫਾਈ ਅਭਿਆਨ ਚਲਾਇਆ ਗਿਆ। ਇਸ ਅਭਿਆਨ ਦਾ ਆਗਾਜ਼ ਉੱਪ ਮੰਡਲ ਮੈਜਿਸਟ੍ਰੇਟ-ਕਮ-ਪ੍ਰਸ਼ਾਸਕ ਨਗਰ ਕੌਂਸਲ ਅਮਲੋਹ ਗੁਰਵਿੰਦਰ ਸਿੰਘ ਜੌਹਲ ਵੱਲੋਂ ਕੀਤਾ ਗਿਆ। ਇਸ ਮੌਕੇ ਉੱਪ ਮੰਡਲ ਮੈਜਿਸਟ੍ਰੇਟ ਵੱਲੋਂ ਸ਼ਹਿਰ ਵਾਸੀਆਂ ਨੂੰ ਸਫਾਈ ਦਾ ਵਿਸ਼ੇਸ਼ ਧਿਆਨ ਰੱਖਣ ਲਈ ਅਪੀਲ ਕੀਤੀ ਗਈ। ਉਨ੍ਹਾਂ ਵੱਲੋਂ ਕਿਹਾ ਗਿਆ ਕਿ ਗਿੱਲਾ ਤੇ ਸੁੱਕਾ ਕੂੜਾ ਵੱਖਰੇ ਤੌਰ 'ਤੇ ਕੂੜੇਦਾਨਾਂ ਵਿੱਚ ਇਕੱਤਰ ਕੀਤਾ ਜਾਵੇ। ਇਹ ਕੂੜਾ ਗਲੀਆਂ ਨਾਲੀਆਂ ਵਿੱਚ ਨਾ ਸੁੱਟਿਆ ਜਾਵੇ ਤੇ ਕੇਵਲ ਸਫਾਈ ਸੇਵਕਾਂ ਨੂੰ ਹੀ ਦਿੱਤਾ ਜਾਵੇ। ਸ਼ਹਿਰ ਵਾਸੀਆਂ ਤੇ ਦੁਕਾਨਦਾਰਾਂ ਨੂੰ ਵਿਸ਼ੇਸ਼ ਅਪੀਲ ਕੀਤੀ ਗਈ ਕਿ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਾ ਕੀਤੀ ਜਾਵੇ, ਕਿਉਂ ਜੋ ਇਹ ਲਿਫਾਫੇ ਸੀਵਰ ਵਿੱਚ ਜਾ ਕੇ ਨਾਲੀਆਂ ਨੂੰ ਬਲਾਕ ਕਰ ਦਿੰਦੇ ਹਨ, ਜਿਸ ਨਾਲ ਸੀਵਰ ਸਹੀ ਤਰੀਕੇ ਨਾਲ ਨਹੀਂ ਚੱਲ ਪਾਉਂਦਾ। ਇਸ ਮੌਕੇ ਬਲਜਿੰਦਰ ਸਿੰਘ ਕਾਰਜ ਸਾਧਕ ਅਫਸਰ ਨਗਰ ਕੌਂਸਲ ਅਮਲੋਹ ਤੋਂ ਇਲਾਵਾ ਸ਼ਹਿਰ ਵਾਸੀ ਤੇ ਸਮੂਹ ਕਰਮਚਾਰੀ ਮੌਜੂਦ ਸਨ।

# ਹਰਦੀਪ ਸਿੰਘ ਠੇਕੇਦਾਰ ਸਾਥੀਆਂ ਸਮੇਤ ਆਮ ਆਦਮੀ ਪਾਰਟੀ 'ਚ ਸ਼ਾਮਲ



ਹਰਦੀਪ ਸਿੰਘ ਠੇਕੇਦਾਰ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ 'ਤੇ ਪਾਰਟੀ ਦਾ ਸਿਰੋਪਾ ਪਾ ਕੇ ਸਨਮਾਨਤ ਕਰਦਿਆਂ ਹਲਕਾ ਮੋਗਾ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ।

**ਮੋਗਾ (ਅਮਰਜੀਤ ਬੱਬਰੀ)**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਮੋਗਾ ਹਲਕੇ ਦੇ ਪਿੰਡ ਘੱਲਕਲਾਂ ਦੀ ਮਿਹਰ ਪੱਤੀ ਵਿਖੇ ਹਰਦੀਪ ਸਿੰਘ ਠੇਕੇਦਾਰ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਮੋਗਾ ਹਲਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਪਾਰਟੀ ਦਾ ਸਿਰੋਪਾ ਪਾ ਕੇ ਸਨਮਾਨਤ ਕਰਦੇ ਹੋਏ ਪਾਰਟੀ ਵਿੱਚ ਸੁਆਗਤ ਕੀਤਾ। ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਲੋਕਾਂ ਨਾਲ ਕੀਤੇ ਗਏ ਵਾਅਦੇ ਇੱਕ-ਇੱਕ ਕਰਕੇ ਪੂਰੇ ਕੀਤੇ ਜਾ ਰਹੇ ਹਨ ਅਤੇ ਪੰਜਾਬ ਦੀ ਮਾਨ ਸਰਕਾਰ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਅੱਜ ਧੜਾਧੜ ਰਾਜਨੀਤਕ ਪਾਰਟੀਆਂ ਦੇ ਆਗੂ, ਇੰਚਾਰਜ ਤੇ ਅਹੁਦੇਦਾਰ ਆਮ ਆਦਮੀ ਪਾਰਟੀ ਨਾਲ ਜੁੜ ਕੇ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਬਣਦਾ ਮਾਨ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਬਲਾਕ ਇੰਚਾਰਜ ਦੀਪ ਦਾਗਾਪੁਰ, ਸਰਕਲ ਇੰਚਾਰਜ ਹਰਜਿੰਦਰ ਰਾਜੂ, ਰਮਨ ਦਦਾਹੂਰ, ਮਾਰਕੀਟ ਕਮੇਟੀ ਦੇ ਚੇਅਰਮੈਨ ਹਰਜਿੰਦਰ ਸਿੰਘ ਰੋਡੇ, ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ ਕਮਲਜੀਤ ਕੌਰ, ਲਾਲੀ ਘੱਲ ਕਲਾਂ, ਰਾਜਾ ਘੱਲ ਕਲਾਂ ਤੇ ਵਲੰਟੀਅਰ ਹਾਜ਼ਰ ਸਨ।

# ਵੱਖ-ਵੱਖ ਆਗੂਆਂ ਵੱਲੋਂ ਸਮਾਜ ਸੇਵੀ ਸੱਤਪਾਲ ਸਿੰਗਲਾ ਨੂੰ ਸ਼ਰਧਾਂਜਲੀਆਂ

## ਸਿੰਗਲਾ ਪਰਵਾਰ ਦੀ ਸੇਵਾ ਨੂੰ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ : ਸੰਤ ਅੰਮ੍ਰਿਤਾ ਨੰਦ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸ਼ਹਿਰ ਦੀਆਂ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਆਗੂ ਅਤੇ ਉਦਯੋਗਪਤੀ ਆਸ਼ੂ ਸਿੰਗਲਾ, ਰੋਮੀ ਸਿੰਗਲਾ ਤੇ ਇੰਡਸਟਰੀ ਚੈਂਬਰ ਬਲਾਕ ਧੂਰੀ ਦੇ ਪ੍ਰਧਾਨ ਮੁਕੇਸ਼ ਬੰਟੀ ਸਿੰਗਲਾ ਦੇ ਸਤਿਕਾਰਯੋਗ ਪਿਤਾ ਸੱਤਪਾਲ ਸਿੰਗਲਾ, ਜੋ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ, ਦੀ ਆਤਮਿਕ ਸ਼ਾਂਤੀ ਨਮਿਤ ਕਰਵਾਏ ਗਏ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸੁਪਤਨੀ ਡਾ. ਗੁਰਪ੍ਰੀਤ ਕੌਰ, ਓ.ਐੱਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਸਿੱਧੂ, ਸਾਬਕਾ ਮੰਤਰੀ ਵਿਜੈਇੰਦਰ ਸਿੰਗਲਾ, ਸਾਬਕਾ ਵਿੱਤ ਮੰਤਰੀ ਪ੍ਰਮਿੰਦਰ ਸਿੰਘ ਢੀਂਡਸਾ, ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ, ਮੁੱਖ ਮੰਤਰੀ ਕੈਂਪ ਦਫ਼ਤਰ ਧੂਰੀ ਦੇ ਇੰਚਾਰਜ ਅੰਮ੍ਰਿਤ ਬਰਾੜ, ਅਕਾਲੀ ਆਗੂ ਅਮਨਵੀਰ ਸਿੰਘ ਚੈਰੀ, ਓ.ਐੱਸ.ਡੀ. ਵਰਿੰਦਰਪਾਲ ਸਿੰਘ ਟੀਟੂ ਸਮੇਤ ਇਲਾਕੇ ਦੇ ਵੱਡੀ ਗਿਣਤੀ 'ਚ ਪੰਚਾਂ, ਸਰਪੰਚਾਂ ਤੇ ਕੌਂਸਲਰਾਂ ਨੇ ਸ਼ਿਰਕਤ ਕੀਤੀ। ਇਸ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਝਲੂਰ ਧਾਮ ਦੇ ਮੁਖੀ ਸੰਤ ਅੰਮ੍ਰਿਤਾ ਨੰਦ ਨੇ ਕਿਹਾ ਕਿ ਸੱਤਪਾਲ ਸਿੰਗਲਾ ਤੇ ਉਨ੍ਹਾਂ ਦੇ ਪਰਵਾਰ ਵੱਲੋਂ ਧਾਰਮਿਕ ਖੇਤਰ ਵਿੱਚ ਕੀਤੀ ਜਾ ਰਹੀ ਸੇਵਾ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਉਨ੍ਹਾ ਕਿਹਾ ਕਿ ਹਮੇਸ਼ਾ ਹੀ ਗਤੀਸ਼ੀਲ ਤੇ ਸਮਾਜ ਸੇਵਾ ਦੇ ਖੇਤਰ ਵਿੱਚ ਦੂਰ ਅੰਦੇਸ਼ੀ ਸੋਚ ਦੇ ਮਾਲਕ ਸੱਤਪਾਲ ਸਿੰਗਲਾ ਕਦੇ ਵੀ ਅੱਕਣ ਤੇ ਥੱਕਣ ਵਾਲੇ ਨਹੀਂ ਸਨ, ਸਗੋਂ ਸਮਾਜ ਸੇਵਾ ਕਰਦਿਆਂ ਇਨ੍ਹਾਂ ਨੂੰ ਹੋਰ ਊਰਜਾ ਮਿਲਦੀ ਸੀ।

ਇਸ ਸਮਾਗਮ ਵਿੱਚ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ, ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਆਪ ਆਗੂ ਸਤਿੰਦਰ ਸਿੰਘ ਚੱਠਾ, ਡਾ. ਅਨਵਰ ਭਸੌੜ, ਵਪਾਰ ਮੰਡਲ ਪੰਜਾਬ ਦੇ ਸੂਬਾ ਐਕਟਿੰਗ ਪ੍ਰਧਾਨ ਵਿਕਾਸ ਜੈਨ, ਪ੍ਰੈੱਸ ਫੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ ਐਡਵੋਕੇਟ ਰਾਜੇਸ਼ਵਰ ਚੌਧਰੀ, ਅੱਗਰਵਾਲ ਸਭਾ ਧੂਰੀ ਦੇ ਪ੍ਰਧਾਨ ਅਮਨਦੀਪ ਗਰਗ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਜਗਤਾਰ ਸਿੰਘ ਸਮਰਾ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੰਦੀਪ ਤਾਇਲ, ਸੈਲਰ ਐਸੋਸੀਏਸ਼ਨ ਦੇ ਪ੍ਰਧਾਨ ਸੁਰੇਸ਼ ਜਿੰਦਲ, ਇੰਡਸਟਰੀ ਚੈਂਬਰ ਦੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਸ਼ੈਂਟੀ ਸਿੰਗਲਾ, ਸ੍ਰੀ ਸਨਾਤਨ ਧਰਮ ਸਭਾ ਧੂਰੀ ਦੇ ਪ੍ਰਧਾਨ ਦਵਿੰਦਰ ਕੁਮਾਰ ਬਿੰਦਾ, ਰਾਈਸਿਲਾ ਦੇ ਡਾਇਰੈਕਟਰ ਏ ਆਰ ਸ਼ਰਮਾ ਆਦਿ ਹਾਜ਼ਰ ਸਨ।

# ਕਟਾਰੀਆ ਨੇ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ



**ਮੱਖੂ (ਰਛਪਾਲ ਸਿੰਘ ਸੰਧੂ)**
ਸੂਬਾ ਸਰਕਾਰ ਵੱਲੋਂ ਕਿਸਾਨਾਂ ਦੀ ਝੋਨੇ ਦੀ ਫਸਲ ਦਾ ਦਾਣਾ ਦਾਣਾ ਖ੍ਰੀਦਣ ਲਈ ਸਾਰੇ ਪ੍ਰਬੰਧ ਮੁਕੰਮਲ ਕੀਤੇ ਹੋਏ ਹਨ। ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਕਟਾਰੀਆ ਵੱਲੋਂ ਦਾਣਾ ਮੰਡੀ ਮਖੂ ਵਿਖੇ ਨਗਰ ਪੰਚਾਇਤ ਮਖੂ ਦੇ ਸਾਬਕਾ ਪ੍ਰਧਾਨ ਵਰਿੰਦਰ ਠੁਕਰਾਲ ਦੀ ਆੜ੍ਹਤ ਦੀ ਦੁਕਾਨ 'ਤੇ ਝੋਨੇ ਦੀ ਸਰਕਾਰੀ ਖਰੀਦ ਪੰਜਾਬ ਸਰਕਾਰ ਦੀ ਸਰਕਾਰੀ ਖਰੀਦ ਏਜੰਸੀ ਪੰਜਾਬ ਸਟੇਟ ਵੇਅਰ ਹਾਊਸ ਕੋਲੋਂ ਸ਼ੁਰੂ ਕਰਵਾਈ ਗਈ। ਵਿਧਾਇਕ ਨਰੇਸ਼ ਕਟਾਰੀਆ ਨੇ ਕਿਹਾ ਕਿ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਹੋਈ ਝੋਨੇ ਦੀ ਫਸਲ ਦਾ ਦਾਣਾ ਦਾਣਾ ਖ੍ਰੀਦਣ ਲਈ ਪੰਜਾਬ ਸਰਕਾਰ ਵੱਲੋਂ ਬਾਰਦਾਨੇ ਦਾ ਪੂਰਾ ਪ੍ਰਬੰਧ ਕੀਤਾ ਹੋਇਆ ਹੈ ਅਤੇ ਕਿਸਾਨਾਂ ਦੀ ਖਰੀਦੀ ਹੋਏ ਝੋਨੇ ਦੀ ਫਸਲ ਦਾ ਭੁਗਤਾਨ ਵੀ ਸਮੇਂ ਸਿਰ ਕੀਤਾ ਜਾਵੇਗਾ।

ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਵਿਧਾਇਕ ਨਰੇਸ਼ ਕਟਾਰੀਆ ਨੇ ਖਾਸ ਤੌਰ 'ਤੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਝੋਨੇ ਦੀ ਫਸਲ ਨੂੰ ਸੁੱਕਾ ਕੇ ਮੰਡੀਆਂ ਵਿੱਚ ਲਿਆਉਣ ਤਾਂ ਜੋ ਝੋਨੇ ਦੀ ਫਸਲ ਵੇਚਣ ਮੌਕੇ ਮੰਡੀਆਂ ਵਿੱਚ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ, ਨਗਰ ਪੰਚਾਇਤ ਮਖੂ ਦੇ ਸਾਬਕਾ ਪ੍ਰਧਾਨ ਵਰਿੰਦਰ ਠੁਕਰਾਲ, ਕੁਲਭੂਸ਼ਨ ਧਵਨ ਪ੍ਰਧਾਨ ਮੱਲਾਂਵਾਲਾ, ਰਾਜ ਕੁਮਾਰ ਠੁਕਰਾਲ, ਮਨਮੋਹਨ ਗਰੋਵਰ, ਸੁਰਿੰਦਰ ਅਹੂਜਾ, ਗਗਨ ਮੋਂਗਾ, ਸੰਜੀਵ ਠੁਕਰਾਲ ਲੱਕੀ, ਮਾਰਕਫੈੱਡ ਬ੍ਰਾਂਚ ਮਖੂ ਦੇ ਇੰਸਪੈਕਟਰ ਕੁਲਵਿੰਦਰ ਸਿੰਘ, ਕਲਰਕ ਸਾਜਨ ਭੱਟੀ ਆਦਿ ਹਾਜ਼ਰ ਸਨ।

# ਕੈਂਟ ਰੇਲਵੇ ਸਟੇਸ਼ਨ 'ਤੇ ਟਿਕਟ ਰਿਜ਼ਰਵੇਸ਼ਨ ਕੇਂਦਰ ਦੀ ਡਿੱਗੀ ਛੱਤ, ਕਲਰਕ ਤੇ ਸੁਪਰਵਾਈਜ਼ਰ ਵਾਲ-ਵਾਲ ਬਚੇ




**ਜਲੰਧਰ (ਸੁਰਿੰਦਰ ਕੁਮਾਰ)**- ਸਥਾਨਕ ਜਲੰਧਰ ਦੇ ਕੈਂਟ ਰੇਲਵੇ ਸਟੇਸ਼ਨ 'ਤੇ ਅੱਜ ਬਾਅਦ ਦੁਪਹਿਰ ਇੱਕ ਵੱਡਾ ਹਾਦਸਾ ਹੋ ਗਿਆ ਜਦੋਂ ਇਸ ਰੇਲਵੇ ਸਟੇਸ਼ਨ 'ਤੇ ਬਣੇ ਟਿਕਟ ਰਿਜ਼ਰਵੇਸ਼ਨ ਕਾਊਂਟਰ ਵਾਲੀ ਬਿਲਡਿੰਗ ਦੀ ਛੱਤ ਅਚਾਨਕ ਧੜੰਮ ਕਰਕੇ ਡਿਗ ਪਈ। ਇਸ ਸਬੰਧ 'ਚ ਰਿਜ਼ਰਵੇਸ਼ਨ ਸੁਪਰਵਾਈਜ਼ਰ ਯਾਦਵਿੰਦਰ ਸਿੰਘ, ਸੁਪਰਵਾਈਜ਼ਰ ਗੁਰਮਿੰਦਰ ਸਿੰਘ, ਈ ਆਰ ਸੀ ਅਸ਼ੀਸ ਅਗਰਵਾਲ ਨੇ ਦੱਸਿਆ ਕਿ ਉਹ ਇਸ ਰਿਜ਼ਰਵੇਸ਼ਨ ਕੇਂਦਰ 'ਚ ਮੌਜੂਦ ਸਨ ਤੇ ਯਾਤਰੀਆਂ ਨੂੰ ਟਿਕਟਾਂ ਜਾਰੀ ਕਰ ਰਹੇ ਸਨ ਤੇ ਅਚਾਨਕ ਜਿਸ ਕੇਂਦਰ 'ਚ ਇਹ ਕਾਊਂਟਰ ਬਣਿਆ ਹੋਇਆ ਹੈ ਉਸ ਦੀ ਛੱਤ ਧੜੰਮ ਕਰਕੇ ਡਿਗ ਪਈ ਤੇ ਉਹ ਆਪਣੇ ਸਾਥੀਆਂ ਨਾਲ ਵਾਲ ਵਾਲ ਇਸ ਹਾਦਸੇ 'ਚ ਬਚੇ। ਛੱਤ ਡਿਗਣ ਕਰਕੇ ਇਸ ਦੇ ਕਾਊਂਟਰ 'ਤੇ ਪਿਆ ਕੰਪਿਊਟਰ, ਪ੍ਰਿੰਟਰ ਤੇ ਫਰਨੀਚਰ ਵੀ ਟੁੱਟ ਗਿਆ। ਇਹ ਕੇਂਦਰ ਇਸ ਜਲੰਧਰ ਰੇਲਵੇ ਸਟੇਸ਼ਨ ਤੇ ਪਲੇਟਫਾਰਮ ਨੰਬਰ ਇੱਕ 'ਤੇ ਸਥਿਤ ਹੈ। ਮਿਲੀ ਜਾਣਕਾਰੀ ਅਨੁਸਾਰ ਇਸ ਰੇਲਵੇ ਸਟੇਸ਼ਨ ਨੂੰ ਨਵਾਂ ਰੂਮ ਦੇਣ ਲਈ ਕਰੋੜਾਂ ਰੁਪਿਆ ਖਰਚ ਕੀਤਾ ਜਾ ਰਿਹਾ ਹੈ ਪਰ ਇਸ ਅਜ਼ਾਦੀ ਤੋਂ ਪਹਿਲਾਂ ਦੇ ਬਣੇ ਰੇਲਵੇ ਸਟੇਸ਼ਨ ਜਲੰਧਰ ਕੈਂਟ ਵੱਲ ਕਿਸੇ ਨੇ ਵੀ ਧਿਆਨ ਨਹੀ ਦਿੱਤਾ।

## ਬੈਂਕਾਂ ਨੇ 'ਸਵੱਛਤਾ ਹੀ ਸੇਵਾ' ਮੁਹਿੰਮ 'ਚ ਲਿਆ ਹਿੱਸਾ

**ਐਸ.ਏ.ਐਸ.ਨਗਰ (ਗੁਰਜੀਤ ਬਿੱਲਾ)** ਅੱਜ ਭਾਰਤ ਸਰਕਾਰ ਦੇ ਵਿੱਤੀ ਸੇਵਾਵਾਂ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਮੁਹਾਲੀ ਵਿੱਚ ਵੱਖ-ਵੱਖ ਬੈਂਕਾਂ ਵੱਲੋਂ "ਸਵੱਛਤਾ ਹੀ ਸੇਵਾ" ਦੇ ਨਾਂ 'ਤੇ ਇੱਕ ਮੈਗਾ ਸਫਾਈ ਅਭਿਆਨ ਦਾ ਆਯੋਜਨ ਸੁਚੱਜੇ ਢੰਗ ਨਾਲ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਲੀਡ ਜ਼ਿਲ੍ਹਾ ਮੈਨੇਜਰ ਐਮ ਕੇ ਭਾਰਦਵਾਜ ਨੇ ਦੱਸਿਆ ਕਿ ਟੀਮ ਐਸ ਬੀ ਆਈ ਨੇ ਇਸ ਸਮਾਗਮ ਦਾ ਆਯੋਜਨ ਜੈਪੁਰੀਆ ਗ੍ਰੀਨ ਸੋਸਾਇਟੀ ਵੀ ਆਈ ਪੀ ਰੋਡ ਜ਼ੀਰਕਪੁਰ ਵਿਖੇ ਆਪਣੀਆਂ ਸਾਰੀਆਂ ਨੇੜਲੀਆਂ ਬ੍ਰਾਂਚਾਂ ਦੇ ਸਹਿਯੋਗ ਦੁਆਰਾ ਕੀਤਾ ਗਿਆ, ਜਿੱਥੇ ਸੁਸਾਇਟੀ ਵਿੱਚ ਮੈਗਾ ਸਫਾਈ ਅਭਿਆਨ ਚਲਾਇਆ ਗਿਆ। ਲੋਕਾਂ ਨੂੰ ਰੋਜ਼ਾਨਾ ਜੀਵਨ ਵਿੱਚ ਸਫਾਈ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ। ਇਸ ਸਮਾਗਮ 'ਚ ਅਰੁਣਾ ਠਾਕੁਰ ਡੀ ਜੀ ਐਮ ਐਸ ਬੀ ਆਈ ਮੋਹਾਲੀ, ਰੋਹਿਤ ਕੱਕੜ ਖੇਤਰੀ ਮੈਨੇਜਰ ਐਸ ਬੀ ਆਈ ਮੋਹਾਲੀ, ਐਮ ਕੇ ਭਾਰਦਵਾਜ ਐਲ ਡੀ ਐਮ ਮੋਹਾਲੀ ਨੇ ਸ਼ਿਰਕਤ ਕੀਤੀ। ਇਸ ਮੌਕੇ ਐਸ ਬੀ ਆਈ ਜੀਰਕਪੁਰ ਦੀਆਂ ਸਾਰੀਆਂ ਬਰਾਂਚਾਂ ਦੇ ਮੁਖੀ ਅਤੇ ਉਨ੍ਹਾਂ ਦੇ ਸਟਾਫ ਮੈਂਬਰ ਵੀ ਹਾਜ਼ਰ ਸਨ। ਇਸੇ ਤਰ੍ਹਾਂ ਟੀਮ ਪੀ.ਐਨ.ਬੀ ਨੇ ਵੀ ਆਪਣੇ ਬ੍ਰਾਂਚ ਮੁਖੀਆਂ ਅਤੇ ਸਟਾਫ ਮੈਂਬਰਾਂ ਨਾਲ ਲਾਲੜੂ ਚੰਡੀਗੜ੍ਹ ਰੋਡ ਵਾਲੇ ਪਾਸੇ ਸਮਾਗਮ ਦਾ ਆਯੋਜਨ ਕੀਤਾ। ਟੀਮ ਪੀ ਐਨ ਬੀ ਖਰੜ ਵੱਲੋਂ ਖਰੜ ਦੇ ਬੱਸ ਸਟੈਂਡ ਇਲਾਕੇ ਵਿੱਚ ਵੀ ਸਫਾਈ ਅਭਿਆਨ ਚਲਾਇਆ ਗਿਆ। ਟੀਮ ਬੈਂਕ ਆਫ ਬੜੌਦਾ ਮੋਹਾਲੀ ਨੇ ਵੀ ਫੇਜ਼ 9 ਮੋਹਾਲੀ ਦੀ ਮਾਰਕੀਟ ਸਾਈਡ ਵਿੱਚ ਸਮਾਗਮ ਦਾ ਆਯੋਜਨ ਕੀਤਾ। ਇਸ ਦੇ ਸ਼ਾਖਾ ਮੁਖੀ ਹਿਤੇਸ਼ ਅਤੇ ਉਨ੍ਹਾਂ ਦੇ ਸਟਾਫ ਮੈਂਬਰ ਵੀ ਇਸ ਸਮਾਗਮ ਵਿੱਚ ਸ਼ਾਮਲ ਹੋਏ।

## ਖਹਿਰਾ 'ਤੇ ਕਾਰਵਾਈ ਬਦਲਾਖੋਰੀ ਦੀ ਨੀਤੀ : ਚੰਦੂਮਾਜਰਾ

**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**-ਪੰਜਾਬ ਸਰਕਾਰ ਸਿਆਸੀ ਬਦਲਾਖੋਰੀ ਦੀ ਨੀਤੀ ਤਹਿਤ ਕੰਮ ਕਰ ਰਹੀ ਤੇ ਸ਼੍ਰੋਮਣੀ ਅਕਾਲੀ ਦਲ ਸੁਖਪਾਲ ਖਹਿਰਾ ਦੀ ਗ੍ਰਿਫਤਾਰੀ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਾਬਕਾ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਪਾਰਟੀ ਹਾਈ ਕਮਾਨ ਵੱਲੋਂ ਨਵੇਂ ਬਣਾਏ ਗਏ ਹਲਕਾ ਇੰਚਾਰਜ ਕਰਨ ਸਿੰਘ ਅਤੇ ਦਰਜਨਾਂ ਵਰਕਰਾਂ ਸਮੇਤ ਇੱਥੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪਹਿਲਾਂ ਇਹ ਬਦਲਾਖੋਰੀ ਦੀ ਰਾਜਨੀਤੀ ਕਾਂਗਰਸ ਸਰਕਾਰ ਵੱਲੋਂ ਕੀਤੀ ਗਈ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮਜੀਤ ਸਿੰਘ ਮਜੀਠੀਆ ਨੂੰ ਇਸੇ ਸਿਆਸੀ ਬਦਲਾਖੋਰੀ ਦੇ ਤਹਿਤ ਜੇਲ੍ਹ ਭੇਜਿਆ, ਤੇ ਹੁਣ ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਨੂੰ ਮੌਜੂਦਾ ਸਰਕਾਰ ਵੱਲੋਂ ਟਾਰਗੇਟ ਕਰਦਿਆਂ ਪੁਲਸ ਵੱਲੋਂ ਇੱਕ ਪੁਰਾਣੇ ਮਾਮਲੇ 'ਚ ਗ੍ਰਿਫਤਾਰ ਕੀਤਾ ਗਿਆ ਹੈ ਜੋ ਕਿ ਨਿੰਦਣਯੋਗ ਹੈ। ਹਲਕਾ ਇੰਚਾਰਜ ਕਰਨ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਹਲਕੇ ਦੀ ਜਿੰਮੇਵਾਰੀ ਪਾਰਟੀ ਹਾਈ ਕਮਾਨ ਨੇ ਦਿੱਤੀ ਹੈ, ਜਿਸ ਨੂੰ ਉਹ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸ ਤੋਂ ਬਾਅਦ ਸਰਕਲ ਪ੍ਰਧਾਨ ਅਮਨਦੀਪ ਸਿੰਘ ਮਾਂਗਟ, ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ ਤੇ ਅਜਮੇਰ ਸਿੰਘ ਖੇੜਾ ਨੇ ਵਿਸ਼ਵਾਸ ਦਿਵਾਇਆ ਕਿ ਉਹ ਪਾਰਟੀ ਵਰਕਰਾਂ ਸਮੇਤ ਪਾਰਟੀ ਲਈ ਦਿਨ ਰਾਤ ਇੱਕ ਕਰ ਦੇਣਗੇ ਅਤੇ ਪਾਰਟੀ ਦੀਆਂ ਨੀਤੀਆਂ ਘਰ ਘਰ ਪਹੁੰਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਉਨ੍ਹਾਂ ਇਹ ਵੀ ਕਿਹਾ ਕਿ ਜਿਹੜੇ ਪਾਰਟੀ ਦੇ ਟਕਸਾਲੀ ਆਗੂ ਰੁੱਸ ਕੇ ਘਰ ਬੈਠੇ ਹਨ, ਨੂੰ ਵੀ ਮੁੜ ਪਾਰਟੀ ਦੇ ਨਾਲ ਤੋਰਿਆ ਜਾਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਗੁਰਿੰਦਰ ਸਿੰਘ ਗੋਗੀ, ਸਾਬਕਾ ਵਿਧਾਇਕ ਬੀਬੀ ਵਨਿੰਦਰ ਕੌਰ ਲੂੰਬਾ, ਐਡਵੋਕੇਟ ਸਿਮਰਨਜੀਤ ਸਿੰਘ ਚੰਦੂਮਾਜਰਾ, ਸੂਬਾ ਮੈਂਬਰ ਬਲਦੇਵ ਸਿੰਘ ਹਾਫਿਜਾਬਾਦ, ਯੂਥ ਆਗੂ ਹਰਦੀਪ ਸਿੰਘ ਸੋਨੀ, ਭਾਈ ਪਰਮਿੰਦਰ ਸਿੰਘ ਸੇਖੋਂ, ਕੁਲਦੀਪ ਸਿੰਘ ਕੰਗ ਅਤੇ ਕਰਨੈਲ ਸਿੰਘ ਆਦਿ ਹਾਜ਼ਰ ਸਨ।



## ਸਰਕਾਰ ਸੁਰਜੀਤ ਹਾਕੀ ਸੁਸਾਇਟੀ ਨੂੰ ਹਰ ਸੰਭਵ ਸਹਾਇਤਾ ਦੇਵੇਗੀ : ਮੀਤ ਹੇਅਰ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਹਾਕੀ ਦੀ ਸਿਰਮੌਰ ਸੰਸਥਾ ਸੁਰਜੀਤ ਹਾਕੀ ਸੁਸਾਇਟੀ ਨੂੰ ਪੰਜਾਬ ਸਰਕਾਰ ਵੱਲੋਂ ਹਾਕੀ ਦੀ ਤਰੱਕੀ ਲਈ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਹੈ। ਸੁਰਜੀਤ ਹਾਕੀ ਸੁਸਾਇਟੀ ਦੇ ਸੀ.ਈ.ਓ. ਇਕਬਾਲ ਸਿੰਘ ਸੰਧੂ, ਜਨਰਲ ਸਕੱਤਰ ਸੁਰਿੰਦਰ ਸਿੰਘ ਭਾਪਾ ਅਤੇ ਆਨਰੇਰੀ ਸਕੱਤਰ ਰਣਬੀਰ ਸਿੰਘ ਰਾਣਾ ਟੁੱਟ ਵੱਲੋਂ ਬੀਤੇ ਦਿਨ ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨਾਲ ਮੁਲਾਕਾਤ ਕਰਕੇ ਸੁਸਾਇਟੀ ਵੱਲੋਂ ਜਿਥੇ ਪੰਜਾਬ ਸਰਕਾਰ ਵੱਲੋਂ ਜਾਰੀ ਹੁਣ ਤਕ ਦੀ ਸਭ ਤੋਂ ਵਧੀਆ ਪੰਜਾਬ ਖੇਡ ਪਲੀਸੀ-2023 ਜਾਰੀ ਕਰਨ ਉਪਰ ਵਧਾਈ ਦਿੱਤੀ ਉੱਥੇ ਉਹਨਾਂ ਨੇ ਸੁਸਾਇਟੀ ਵੱਲੋਂ ਹਾਕੀ ਦੇ ਖੇਤਰ ਵਿਚ ਕਿਤੇ ਜਾ ਰਿਹੇ ਕੰਮਾਂ ਤੇ 40ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੀਆਂ ਤਿਆਰੀਆਂ ਬਾਰੇ ਜਾਣੂ ਕਰਵਾਇਆ। ਇਸੇ ਦੌਰਾਨ ਉਹਨਾਂ ਵਲੋਂ ਖੇਡ ਮੰਤਰੀ ਪੰਜਾਬ ਨੂੰ ਟੂਰਨਾਮੈਂਟ ਦੇ ਫਾਈਨਲ ਵਿੱਚ ਸ਼ਾਮਿਲ ਹੋਣ ਦਾ ਵੀ ਸੱਦਾ ਦਿੱਤਾ ਗਿਆ। ਇਸ ਮੌਕੇ ਉਪਰ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਸੁਰਜੀਤ ਹਾਕੀ ਸੁਸਾਇਟੀ ਦੇ ਇਸ ਸੱਦੇ ਨੂੰ ਪ੍ਰਵਾਨ ਕਰਨ ਦੇ ਨਾਲ ਨਾਲ ਸੁਸਾਇਟੀ ਨੂੰ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ।



## ਮੁੱਖ ਮੰਤਰੀ ਨੇ ਕੀਤੀ 'ਸਵੱਛਤਾ ਹੀ ਸੇਵਾ' ਪਖਵਾੜੇ ਦੀ ਸਮਾਪਤੀ

**ਚੰਡੀਗੜ੍ਹ, ( ਕ੍ਰਿਸ਼ਨ ਗਰਗ )** - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਜਨਮ ਦਿਨ 17 ਸਤੰਬਰ ਤੋਂ ਸ਼ੁਰੂ ਹੋਈ ਸਵੱਛਤਾ ਦੀ ਸੇਵਾ ਪਖਵਾੜੇ ਦਾ ਸਮਾਪਨ ਰਾਸ਼ਟਰਪਤੀ ਮਹਾਤਮਾ ਗਾਂਧੀ ਦੇ ਜਨਮ ਦਿਨ ਦੀ ਪਹਿਲਾਂ ਸ਼ਾਮ 'ਤੇ ਫਰੀਦਾਬਾਦ ਵਿਚ ਕੀਤਾ। ਇੱਥੇ ਉਨ੍ਹਾਂ ਨੇ ਸਵੱਛਤਾ ਕਰਮਚਾਰੀਆਂ ਨੂੰ ਸਨਮਾਨਿਤ ਕਰਦੇ ਹੋਏ ਸੂਬੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਸਵੱਛਤਾ ਦਾ ਕੰਮ ਸਵੱਛਤਾ ਕਰਮਚਾਰੀਆਂ 'ਤੇ ਛੱਡਣ ਦੀ ਥਾਂ ਜਨ-ਜਨ ਦੀ ਮੁਹਿੰਮ ਬਨਾਉਣੀ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਆਪਣੇ ਆਵਾਸ ਪਰਿਸਰ ਦੇ ਨਾਲ-ਨਾਲ ਆਪਣੇ ਗਲੀ ਮੋਹੱਲੇ ਤੇ ਪਿੰਡ ਦੀ ਸਵੱਛਤਾ ਦੇ ਲਈ ਸਮੂਹਿਕ ਰੂਪ ਨਾਲ ਮੁਹਿੰਮ ਚਲਾਉਣ ਦਾ ਸੰਕਲਪ ਲੈਣਾ ਹੋਵੇਗਾ। ਮੁੱਖ ਮੰਤਰੀ ਸ਼ਹਿਰ ਦੇ ਸੈਕਟਰ-9 ਵਿਚ ਪ੍ਰਬੰਧਿਤ ਇਸ ਰਾਜ ਪੱਧਰੀ ਸਵੱਛਤਾ ਹੀ ਸੇਵਾ ਪਖਵਾੜੇ ਦੇ ਸਮਾਪਨ ਸਮਾਰੋਹ ਵਿਚ ਬਤੌਰ ਮੁੱਖ ਮਹਿਮਾਨ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਅਸੀਂ ਸਾਰੇ ਲੋਕ ਮਿਲ ਕੇ ਆਪਣੇ-ਆਪਣੇ ਢੰਗ ਨਾਲ ਇਸ ਸਵੱਛਤਾ ਪਖਵਾੜੇ ਵਿਚ ਇਕ ਦਿਨ-ਇਕ ਘੰਟਾ ਸਵੇਰੇ 10 ਵਜੇ ਤੋਂ 11 ਵਜੇ ਤਕ ਸਾਰੇ ਗ੍ਰਾਮ ਪੰਚਾਇਤਾਂ, ਸ਼ਹਿਰਾਂ, ਕਸਬਿਆਂ ਅਤੇ ਵਾਰਡਾਂ ਵਿਚ ਸਵੱਛਤਾ ਪਖਵਾੜੇ ਦਾ ਪ੍ਰਬੰਧ ਕੀਤਾ। । ਉਨ੍ਹਾਂ ਨੇ ਕਿਹਾ ਕਿ ਸਵੱਛਤਾ ਨੂੰ ਜੀਵਨ ਵਿਵਹਾਰ ਅਤੇ ਰੋਜਾਨਾ ਦਾ ਅੰਗ ਬਨਾਉਣਾ ਹੋਵੇਗਾ। ਰੋਜਾਨਾ, ਹਫਤੇਵਾਰ, ਮਹੀਨਾਵਾਰ ਅਤੇ ਸਾਲਾਨਾ ਤੋਂ ਇਲਾਵਾ ਕਦੀ-ਕਦੀ ਕਿਸੇ ਵਿਸ਼ੇਸ਼ ਮੌਕੇ ਜਿਵੇਂ ਵਿਆਹ, ਜਾਗਰਣ ਜਾਂ ਅਚਾਨਕ ਕਦੀ ਹਨੇਰੀ ਅਤੇ ਬਰਸਾਤ ਆ ਜਾਵੇ ਤਾਂ ਪੂਰੇ ਘਰ ਦੀ ਵਿਸ਼ੇਸ਼ ਸਫਾਈ ਦੀ ਜਰੂਰਤ ਹੁੰਦੀ ਹੈ। ਉਨ੍ਹਾਂ ਨੇ ਕਿਹਾ ਕਿ ਕੀ ਸਿਰਫ ਆਪਣੇ ਪਰਿਸਰ ਦੀ ਸਫਾਈ ਕਰਨ ਨਾਲ ਦੇਸ਼ ਸਵੱਛ ਬਣ ਪਾਵੇਗਾ। ਸਾਨੂੰ ਦੇਸ਼ ਨੂੰ ਆਪਣਾ ਘਰ ਮੰਨਣਾ ਹੋਵੇਗਾ। ਉਨ੍ਹਾਂ ਨੇ ਬੱਚਿਆਂ ਵਿਚ ਵੀ ਸਵੱਛਤਾ ਦੀ ਭਾਵਨਾ ਪੈਦਾ ਕਰਨ ਦੀ ਅਪੀਲ ਕੀਤੀ। ਇਸ ਮੌਕੇ 'ਤੇ ਕੇਂਦਰੀ ਉਰਜਾ ਅਤੇ ਭਾਰੀ ਉਦਯੋਗ ਰਾਜ ਮੰਤਰੀ ਕ੍ਰਿਸ਼ਣਪਾਲ ਗੁਰਜਰ ਨੇ ਵੀ ਸੰਦੇਸ਼ ਦਿੱਤਾ ਅਤੇ ਸਵੱਛਤਾ ਨੂੰ ਆਮ ਜੀਵਨ ਦਾ ਹਿੱਸਾ ਬਨਾਉਣ ਦੀ ਅਪੀਲ ਕੀਤੀ।

## ਭੈਣ-ਭਰਾ ਦੀ ਸੱਪ ਲੜਨ ਕਾਰਨ ਮੌਤ



**ਬਹਿਰਾਮ (ਅਵਤਾਰ ਕਲੇਰ)** ਹਲਕਾ ਬੰਗਾ ਅਧੀਨ ਪਿੰਡ ਕੁਲਥਮ ਵਿਖੇ ਬੀਤੇ ਰਾਤ ਸੁੱਤੇ ਪਏ ਭੈਣ-ਭਰਾ ਦੀ ਸੱਪ ਲੜਨ ਕਾਰਨ ਮੌਤ। ਬੱਚਿਆਂ ਦੇ ਪਿਤਾ ਸਦੀਕ ਮੁਹੰਮਦ ਨੇ ਦੱਸਿਆ ਕਿ ਉਸ ਦੀ ਪਤਨੀ ਨੂੰ ਡੇਂਗੂ ਹੋਇਆ ਹੋਣ ਕਾਰਨ ਉਸ ਦਾ ਇਲਾਜ਼ ਦੁਸਾਂਝ ਕਲਾਂ ਹਸਪਤਾਲ ਵਿਖੇ ਚੱਲ ਰਿਹਾ ਹੈ। ਰਾਤ ਉਸ ਦਾ ਪੁੱਤਰ ਦਿਲਵਰ( 10) ਅਤੇ ਲੜਕੀ ਸ਼ਾਇਰਾ (6) ਦੋਵੇਂ ਬੱਚੇ ਬੈਡ ਤੇ ਸੁੱਤੇ ਹੋਏ ਸਨ, ਰਾਤ 2 ਵਜੇ ਦੇ ਕਰੀਬ ਬੱਚਿਆਂ ਨੂੰ ਸੱਪ ਨੇ ਡਸ ਲਿਆ। ਬੱਚਿਆਂ ਨੂੰ ਲੈ ਕੇ ਫਗਵਾੜਾ ਦੇ ਵੱਖ-ਵੱਖ ਹਸਪਤਾਲਾਂ ਵਿੱਚ ਗਏ, ਪ੍ਰੰਤੂ ਸਾਨੂੰ ਕੋਈ ਵੀ ਡਾਕਟਰ ਨਹੀਂ ਮਿਲਿਆ। ਜਦੋਂ ਅਸੀ ਸਿਵਲ ਹਸਪਤਾਲ ਫਗਵਾੜਾ ਵਿਖੇ ਗਏ ਤਾਂ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਇੱਥੇ ਇਹ ਵੀ ਜਿਕਰਯੋਗ ਹੈ ਕਿ ਅਜੇ ਇੱਕ ਦਿਨ ਪਹਿਲਾਂ ਹੀ ਕਸ਼ਮੀਰ ਚੰਦ ਵਾਸੀ ਪਿੰਡ ਕੁਲਥਮ ਦੀ ਹਾਰਟ ਅਟੈਕ ਅਤੇ ਉਸ ਦੀ ਲੜਕੀ ਰਾਜ ਰਾਣੀ ਦੀ ਡੇਂਗੂ ਕਾਰਨ ਫਗਵਾੜਾ ਵਿਖੇ ਮੌਤ ਹੋ ਗਈ ਸੀ ਅਤੇ ਅੱਜ ਇਹ ਭਾਣਾ ਵਾਪਰ ਗਿਆ।

## 'ਨੇਤਰਦਾਨ ਸਭ ਤੋਂ ਉੱਤਮ ਦਾਨ'

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉੱਕਾਰ ਸਿੰਘ )**- ਭਾਰਤ ਵਿੱਚ ਅੱਜ ਲੱਖਾਂ ਹੀ ਵਿਅਕਤੀ ਅੱਖਾਂ ਦੇ ਰੋਸ਼ਨੀ ਤੋਂ ਵਾਂਝੇ ਹਨ। ਸਮੇਂ ਦੀ ਵੱਡੀ ਲੋੜ ਹੈ ਕਿ ਲੋਕਾਂ 'ਚ ਮਰਨ ਉਪਰੰਤ ਅੱਖਾਂ ਦਾਨ ਕਰਨ ਦੇ ਪੈਦਾ ਹੋਏ ਰੁਝਾਨ ਲਈ ਹੋਰ ਜਾਗਰੂਕ ਕੀਤਾ ਜਾਵੇ। ਇਹ ਵਿਚਾਰ ਪੰਜਾਬ ਕੈਬਨਟ ਮੰਤਰੀ ਬ੍ਰਹਮ ਸੰਕਰ ਜਿੰਪਾ, ਏ ਡੀ ਸੀ ਰਾਹੁਲ ਚਾਬਾ ਤੇ ਆਈ ਡੋਨਰ ਇੰਚਾਰਜ ਟਾਂਡਾ ਭਾਈ ਬਰਿੰਦਰ ਸਿੰਘ ਮਸੀਤੀ ਨੇ ਸਾਂਝੇ ਕੀਤੇ। ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਹਰ ਬਲਾਕ ਵਿੱਚ ਅੱਖਾਂ ਦਾਨ ਸਰੀਰ ਦਾਨ ਦੇ ਅੰਗਦਾਨ ਜਾਗਰੂਕਤਾ ਲਹਿਰ ਚਲਾਈ ਜਾ ਰਹੀ ਹੈ, ਜੋ ਕਿ ਬਹੁਤ ਹੀ ਸ਼ਲਾਘਾਯੋਗ ਹੈ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਐਸ ਪੀ ਮਨਜੀਤ ਕੌਰ ਨੇ ਕਿਹਾ ਕਿ ਅੱਜ ਦੇ ਆਧੁਨਿਕ ਸੋਚ ਦੇ ਧਾਰਨੀ ਮੰਨੇ ਜਾਂਦੇ ਯੁਗ ਵਿੱਚ ਵੀ ਜਦੋਂ ਕੋਈ ਇਨਸਾਨ ਦੁਨੀਆ ਤੋਂ ਮਰ ਜਾਂਦਾ ਹੈ ਤਾਂ ਉਸਦੇ ਅੰਗਾਂ ਨੂੰ ਅਗਨੀ ਭੇਟ ਕਰ ਦਿੱਤਾ ਜਾਂਦਾ ਹੈ। ਜਿਸ ਨਾਲ ਉਸ ਦੇ ਕੀਮਤੀ ਅੰਗ ਜਿਵੇਂ ਅੱਖਾਂ, ਗੁਰਦੇ ਤੇ ਹੋਰ ਵੀ ਅੰਗ ਅੱਗ ਵਿੱਚ ਸੜ ਕੇ ਸਵਾਹ ਹੋ ਜਾਂਦੇ ਹਨ। ਜੋ ਕਿ ਇਨਸਾਨ ਦੇ ਵੱਲੋਂ ਮਰਨ ਉਪਰੰਤ ਦਾਨ ਕੀਤੇ ਗਏ ਅੰਗ ਤੇ ਅੱਖਾਂ ਨਾਲ ਕਈ ਵਿਅਕਤੀਆਂ ਦਾ ਜੀਵਨ ਬਚ ਸਕਦਾ ਹੈ। ਉਹਨਾਂ ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੇ ਆਪਣੀਆਂ ਅੱਖਾਂ ਜਾਂ ਫਿਰ ਹੋਰ ਅੰਗ ਦਾਨ ਕੀਤੇ ਹੋਣ ਤਾਂ ਉਹ ਮਰਨ ਉਪਰੰਤ ਵੀ ਜਿਉਂਦਾ ਰਹਿ ਸਕਦਾ ਹੈ। ਨੇਤਰਦਾਨ ਕਰਨਾ ਸਭ ਤੋਂ ਉੱਤਮ ਦਾਨ ਹੈ ਮਨੁੱਖਤਾ ਦੇ ਭਲੇ ਲਈ ਲੋਕਾਂ ਨੂੰ ਅੱਖਾਂ ਦਾਨ ਸਰੀਰ ਦਾਨ ਤੇ ਅੰਗ ਦਾਨ ਕਰਨ ਲਈ ਆਪਣਾ ਵਡਮੁੱਲਾ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਭਾਰਤ ਦੇ ਅੰਦਰ ਨੇਤਰਹੀਣੀਆਂ ਵਿਅਕਤੀਆਂ ਨੂੰ ਵੱਧ ਤੋਂ ਵੱਧ ਅੱਖਾਂ ਦੀ ਰੋਸ਼ਨੀ ਦਿੱਤੀ ਜਾ ਸਕੇ।



## ਸਫਾਈ ਮੁਹਿੰਮ ਚਲਾਈ

**ਮਾਹਿਲਪੁਰ (ਸਫਰੀ)**-1 ਅਕਤੂਬਰ ਨੂੰ ਸਵੇਰੇ 10:00 ਵਜੇ ਨਗਰ ਪੰਚਾਇਤ ਮਾਹਿਲਪੁਰ ਵੱਲੋਂ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਗਾਂਧੀ ਜਯੰਤੀ ਸੰਬੰਧੀ ਸਵੱਛਤਾ ਮੁਹਿੰਮ "ਇੱਕ ਤਾਰੀਖ ਇਕ ਘੰਟਾ, ਇਕ ਸਾਥ" ਸਫ਼ਾਈ ਮੁਹਿੰਮ ਵਿੱਚ ਸ਼ਹਿਰ ਦੀ ਹਦੂਦ ਅੰਦਰ ਪੈਂਦੇ ਸਮੂਹ ਵਾਰਡਾਂ ਦੇ ਨਾਲ-ਨਾਲ, ਬੱਸ ਸਟੈਂਡ, ਪਾਰਕ ਅਤੇ ਪਬਲਿਕ ਪਲੇਸਿਜ਼ ਵਿਖੇ ਸਵੱਛਾਂਜਲੀ' ਨਾਲ ਰਾਸ਼ਟਰ ਪਿਤਾ ਨੂੰ ਸ਼ਰਧਾਂਜਲੀ ਦਿੰਦੇ ਹੋਏ ਦਫ਼ਤਰ ਨਗਰ ਪੰਚਾਇਤ ਤੋਂ ਸਫ਼ਾਈ ਮੁਹਿੰਮ ਸ਼ੁਰੂ ਕੀਤੀ ਗਈ। ਇਸ ਮੁਹਿੰਮ ਨੂੰ ਸ਼੍ਰੀ ਅਵਤਾਰ ਚੰਦ ਵੱਲੋਂ ਹਰੀ ਝੰਡੀ ਦਿੱਤੀ ਗਈ। ਇਸ ਮੁਹਿੰਮ ਵਿੱਚ ਬ੍ਰਾਂਡ ਅੰਬੈਸਡਰ ਅਤੇ ਨਗਰ ਪੰਚਾਇਤ ਦੇ ਸਮੂਹ ਸਫ਼ਾਈ ਸੇਵਕਾਂ ਦੇ ਨਾਲ ਆਮ ਪਬਲਿਕ ਵੱਲੋਂ ਸਹਿਯੋਗ ਦਿੱਤਾ ਗਿਆ ਅਤੇ ਸ਼ਹਿਰ ਦੀ ਸਵੱਛਤਾ ਵਿੱਚ ਯੋਗਦਾਨ ਪਾਇਆ ਗਿਆ।

## ਨਗਰ ਕੌਂਸਲ ਨੇ ਸ਼ਹਿਰ 'ਚ ਚਲਾਈ ਵਿਸ਼ੇਸ਼ ਸਫਾਈ ਮੁਹਿੰਮ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਨਗਰ ਕੌਂਸਲ ਭੋਗਪੁਰ ਵੱਲੋਂ ਭਾਰਤ ਸਰਕਾਰ ਦੀਆਂ ਹਦਾਇਤਾਂ ਅਤੇ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਵੱਛ ਭਾਰਤ ਮਿਸ਼ਨ ਤਹਿਤ ਇੱਕ ਅਕਤੂਬਰ ਨੂੰ ਸਵੇਰੇ 10 ਵਜੇ ਤੋਂ 11 ਵਜੇ ਤੱਕ,ਇੱਕ ਤਾਰੀਖ, ਇਕ ਘੰਟਾ, ਇਕ ਸਾਥ" ਮਿਲਕੇ ਸਫਾਈ ਮੁਹਿੰਮ ਤਹਿਤ ਪੂਰੇ ਸ਼ਹਿਰ ਦੇ ਅੰਦਰ ਪੈਂਦੇ ਸਮੂਹ ਵਾਰਡਾਂ ਵਿੱਚ ਕਲੀਨ ਅਪ ਡਰਾਈਵ ਚਲਾਈ ਗਈ। ਇਸ ਮੌਕੇ ਲੋਕਾਂ ਨੂੰ ਸਾਫ ਸਫਾਈ ਰੱਖਣ, ਗਿੱਲਾ ਸੁੱਕਾ ਕੂੜਾ ਅਲੱਗ ਅਲੱਗ ਰੱਖਣ ਲਈ ਅਪੀਲ ਕੀਤੀ ਗਈ। ਕਾਰਜ ਸਾਧਕ ਅਫਸਰ ਰਾਜੀਵ ਕੁਮਾਰ ਓਬਰਾਏ ਦੀ ਅਗਵਾਈ ਹੇਠ ਸਮੁੱਚੀ ਟੀਮ ਨੇ ਇਸ ਮੁਹਿੰਮ ਵਿੱਚ ਸ਼ਿਰਕਤ ਕੀਤੀ। ਇਸ ਮੌਕੇ 'ਤੇ ਸ੍ਰੀ ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ, ਸ੍ਰੀਮਤੀ ਉਰਮਿਲਾ ਭੱਟੀ, ਸਤਨਾਮ ਸਿੰਘ ਮਨਕੋਟੀਆ, ਪਵਨ ਕੁਮਾਰ, ਰਮੇਸ਼ ਚੰਦਰ, ਸ਼ਹੀਦ ਭਗਤ ਸਿੰਘ ਕਲੱਬ ਦੇ ਮੈਂਬਰ ਅਤੇ ਸ਼ਹਿਰ ਵਾਸੀ ਅਤੇ ਸਵੱਛ ਭਾਰਤ ਮਿਸ਼ਨ ਦੀ ਟੀਮ ਨੇ ਭਾਗ ਲਿਆ।

## ਭਾਜਪਾ ਮੰਡਲ ਨੇ ਅਹੁਦੇਦਾਰਾਂ ਦੀ ਕੀਤੀ ਚੋਣ

**ਮਾਹਿਲਪੁਰ/ਸਫਰੀ**- ਭਾਰਤੀ ਜਨਤਾ ਪਾਰਟੀ ਮੰਡਲ ਗੜ੍ਹਸ਼ੰਕਰ ਦੀ ਬੈਠਕ ਮੰਡਲ ਪ੍ਰਧਾਨ ਨਿਤਿਨ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿੱਚ ਗੜ੍ਹਸ਼ੰਕਰ ਮੰਡਲ ਦੀ ਕਾਰਜਕਾਰਨੀ ਘੋਸ਼ਿਤ ਕੀਤੀ ਗਈ। ਜਿਸ ਵਿਚ ਲਲਿਤ ਰਾਣਾ ਅਤੇ ਸੰਜੀਵ ਕਟਾਰੀਆ ਨੂੰ ਜਨਰਲ ਸਕੱਤਰ, ਗੌਰਵ ਸ਼ਰਮਾ, ਇੰਦਰਜੀਤ ਗੋਗਨਾ, ਰਾਜ ਕੁਮਾਰ ਵੀਰਮਪੁਰ, ਰਮਨ ਨਯਿਅਰ, ਸ਼੍ਰੀਮਤੀ ਮੀਨੂੰ ਦਰਦੀ ਨੂੰ ਉਪ-ਪ੍ਰਧਾਨ ਬਣਾਇਆ ਗਿਆ। ਰਾਜਿੰਦਰ ਕੁਮਾਰ, ਕਮਲ ਕਿਸ਼ੋਰ ਨੂਰੀ, ਸੰਦੀਪ ਸ਼ਰਮਾ, ਕਰਣ ਜੁਲਕਾ, ਅਮਿਤ ਮਹਿਤਾ ਨੂੰ ਸਕੱਤਰ ਬਣਾਇਆ ਗਿਆ। ਰਾਜੀਵ ਕੁਮਾਰ ਨੂੰ ਯੁਵਾ ਮੋਰਚਾ ਦਾ ਪ੍ਰਧਾਨ ਬਣਾਇਆ ਗਿਆ। ਜਤਿੰਦਰ ਰਾਠੌਰ ਨੂੰ ਸਪੋਰਟਸ ਸੈੱਲ ਦਾ ਪ੍ਰਧਾਨ ਬਣਾਇਆ ਗਿਆ। ਦਿਦਾਰ ਸਿੰਘ ਡਘਾਮ ਨੂੰ ਐਸ-ਸੀ ਮੋਰਚੇ ਦਾ ਪ੍ਰਧਾਨ ਲਗਾਇਆ ਗਿਆ। ਸਤਵਿੰਦਰ ਸਿੰਘ ਨੂੰ ਕਿਸਾਨ ਮੋਰਚੇ ਦਾ ਪ੍ਰਧਾਨ ਲਗਾਇਆ ਗਿਆ।

## ਪਟਕੇ ਦੀ ਕੁਸ਼ਤੀ ਨਵਜੋਤ ਫਰਾਲੇ ਨੇ ਜਿੱਤੀ

**ਮੇਹਲੀ (ਗੁਰਨਾਮ)**—ਇਥੋਂ ਥੋੜੀ ਦੂਰ ਚੱਕ ਮੰਡੇਰ ਵਿਖੇ ਹਰ ਸਾਲ ਦੀ ਤਰ੍ਹਾਂ ਸਮੂਹ ਨਗਰ ਨਿਵਾਸੀ ਅਤੇ ਲੇਖਰਾਜ ਦੀ ਅਗਵਾਈ ਵਿੱਚ ਗੁੱਗਾ ਜਾਹਿਰ ਪੀਰ ਦੀ ਯਾਦ ਵਿੱਚ ਛਿੰਜ ਮੇਲਾ ਕਰਵਾਇਆ ਗਿਆ। ਇਸ ਮੇਲੇ ਵਿੱਚ ਬੱਚਿਆਂ ਦੀਆਂ ਕੁਸ਼ਤੀਆਂ ਕਰਵਾਈਆਂ ਗਈਆਂ। ਪਟਕੇ ਦੀ ਕੁਸ਼ਤੀ ਨਵਜੋਤ ਸਿੰਘ ਫਰਾਲੇ ਤੇ ਰਾਜਾ ਬਾਹੜਮਜਾਰਾ ਵਿਚਕਾਰ ਖੇਡੀ ਗਈ। ਇਸ ਵਿੱਚ ਜੈਤੂ ਨਵਜੋਤ ਸਿੰਘ ਫਰਾਲਾ ਰਿਹਾ ਤੇ ਪ੍ਰਬੰਧਕ ਕਮੇਟੀ ਵੱਲੋਂ ਮਾਨ ਸਨਮਾਨ ਕੀਤਾ ਗਿਆ। ਇਸ ਮੌਕੇ ਲੇਖ ਰਾਜ, ਕੇਵਲ ਸਿੰਘ, ਚਮਨ ਲਾਲ, ਗਿਆਨ ਚੰਦ ਲੰਬੜਦਾਰ, ਚਰਨ ਦਾਸ, ਪ੍ਰਿਤਪਾਲ, ਦਿਲਵਰ ਸਿੰਘ ਆਦਿ ਹਾਜਰ ਸਨ।



## ਸਵੱਛ ਭਾਰਤ ਅਭਿਆਨ ਚਲਾਇਆ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਗੁਰੂ ਨਾਨਕ ਨੈਸ਼ਨਲ ਕਾਲਜ ਕੋ—ਐਡ ਨਕੋਦਰ 'ਚ ਮਹਾਤਮਾ ਗਾਂਧੀ ਦੇ ਜਨਮ ਦਿਨ ਤੇ ਸਵੱਛ ਭਾਰਤ ਅਭਿਆਨ ਚਲਾਇਆ ਗਿਆ, ਜਿਸ 'ਚ ਕਾਲਜ ਦੇ ਵਿਦਿਆਰਥੀਆਂ ਨੇ ਸਫਾਈ ਪ੍ਰਤੀ ਬੜਾ ਉਤਸ਼ਾਹ ਦਿਖਾਇਆ। ਇਹ ਸਾਰਾ ਅਭਿਆਨ ਕਾਲਜ ਦੇ ਕਾਰਜਕਾਰੀ ਪ੍ਰਬਲ ਕੁਮਾਰ ਜੋਸ਼ੀ ਦੀ ਅਗਵਾਈ ਹੇਠ ਹੋਇਆ। ਇਸ ਸਮੇਂ ਸਕੂਲ ਕੋਐਡੀਨੇਟਰ ਮੈਡਮ ਖੁਸ਼ਦੀਪ, ਪ੍ਰੋ ਮੇਨਕਾ ਧੀਰ,ਪ੍ਰੋ ਸ਼ਲਿੰਦਰ ਸ਼ਾਰਦਾ ,ਪ੍ਰੋ ਅਰਸ਼ਪ੍ਰੀਤ ਕੌਰ ਤੇ ਸਮੂਹ ਟੀਚਿੰਗ ਅਤੇ ਨੋਨ ਟੀਚਿੰਗ ਸਟਾਫ ਹਾਜਰ ਸੀ।



## ਅੱਜ ਕਿਸਾਨਾਂ ਵੱਲੋਂ ਫੂਕੇ ਜਾਣਗੇ ਪ੍ਰਧਾਨ ਮੰਤਰੀ ਤੇ ਟੈਨੀ ਦੇ ਪੁਤਲੇ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਮੈਂਬਰ ਹਰਬੰਸ ਸਿੰਘ ਸੰਘਾ ਨੇ ਪ੍ਰੈਸ ਦੇ ਨਾਂਅ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ 3 ਅਕਤੂਬਰ ਨੂੰ ਮਿਨੀ ਸੈਕਟਰੀਏਟ ਹੁਸ਼ਿਆਰਪੁਰ ਵਿਖੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉੱਤੇ ਪ੍ਰਧਾਨ ਮੰਤਰੀ ਮੋਦੀ ਅਤੇ ਅਜੇ ਮਿਸ਼ਰਾ ਟੈਨੀ ਕੇਂਦਰੀ ਉਪ ਗ੍ਰਿਹ ਮੰਤਰੀ ਦੇ ਪੁਤਲੇ ਫੂਕੇ ਜਾਣਗੇ। ਇਸ ਦਿਨ ਅਜੇ ਮਿਸ਼ਰਾ ਟੈਨੀ ਦੇ ਪੁੱਤਰ ਨੇ ਲਖੀਮਪੁਰ ਖੀਰੀ ਵਿਖੇ ਸਾਡੇ ਕਿਸਾਨਾਂ ਉੱਪਰ ਗੱਡੀ ਚਾੜ ਕੇ ਚਾਰ ਕਿਸਾਨਾਂ ਨੂੰ ਸ਼ਹੀਦ ਕਰ ਦਿੱਤਾ ਸੀ, ਇਸ ਦੌਰਾਨ ਇਕ ਪੱਤਰਕਾਰ ਵੀ ਸ਼ਹੀਦ ਹੋ ਗਿਆ ਸੀ। ਅਜੇ ਤੱਕ ਸਾਨੂੰ ਇਨਸਾਫ਼ ਨਹੀਂ ਮਿਲਿਆ। ਇਸ ਦਿਨ ਨੂੰ ਕਾਲੇ ਦਿਨ ਵਜੋਂ ਮਨਾਇਆ ਜਾਵੇਗਾ। ਕਿਸਾਨ ਆਪਣੇ ਘਰਾਂ ਉੱਪਰ ਕਾਲੇ ਝੰਡੇ ਲਾਉਣਗੇ, ਮੁਜ਼ਾਹਰੇ ਵਿੱਚ ਕਾਲੀਆਂ ਪੱਟੀਆਂ ਬਾਂਹਾਂ ਤੇ ਬੰਨ ਕੇ ਆਉਣਗੇ।

## ਬਘਾਣਾ ਵਿਖੇ ਪੁੰਨਿਆਂ ਮੌਕੇ ਧਾਰਮਿਕ ਸਮਾਗਮ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਬਘਾਣਾ ਵਿਖੇ ਸੰਤ ਬਾਬਾ ਮੰਗਲ ਦਾਸ ਜੀ, ਸੰਤ ਬਾਬਾ ਮੰਗੂ ਦਾਸ ਜੀ,ਸੰਤ ਬਾਬਾ ਰੰਗੂ ਦਾਸ ਜੀ ਦੀ ਮਿੱਠੀ ਪਿਆਰੀ ਯਾਦ 'ਚ ਪੁੰਨਿਆ ਦੇ ਸਰਾਧ ਮੌਕੇ ਧਾਰਮਿਕ ਸਮਾਗਮ ਮੁੱਖ ਸੇਵਾਦਾਰ ਸੰਤ ਬਾਬਾ ਨਿਰਮਲ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਦੀਵਾਨ ਹਾਲ ਵਿੱਚ ਸੰਤ ਬਾਬਾ ਨਿਰਮਲ ਸਿੰਘ ਲੁਟੇਰਾ ਕਲਾਂ, ਸੰਤ ਬਾਬਾ ਮਲਕੀਅਤ ਸਿੰਘ ਬਘਾਣਾ, ਸੰਤ ਬਾਬਾ ਗੁਰਦਿਆਲ ਸਿੰਘ ਬਘਾਣਾ, ਭਾਈ ਪਰਮਜੀਤ ਸਿੰਘ ਬਲਵਿੰਦਰ ਸਿੰਘ ਜਗਜੀਤਪੁਰ, ਭਾਈ ਸਤਨਾਮ ਸਿੰਘ ਭੁੰਗਰਨੀ ਭਾਈ ਮਨਜੀਤ ਸਿੰਘ ਸੂਸਾਂ, ਭਾਈ ਮਲਕੀਅਤ ਸਿੰਘ ਨੇ ਕਥਾ, ਕੀਰਤਨ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਮਾਗਮ ਦੌਰਾਨ ਚਾਹ ਪਕੌੜੇ ਅਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।

## 10 ਲੱਖ ਰੁਪਏ ਤੱਕ ਪੱਤਰਕਾਰਾਂ ਦੀ ਬੀਮਾ ਪ੍ਰੀਮੀਅਮ ਰਕਮ ਦਾ ਭੁਗਤਾਨ ਕਰੇਗੀ ਸਰਕਾਰ : ਮੁੱਖ ਮੰਤਰੀ

**ਚੰਡੀਗੜ੍ਹ ( ਕ੍ਰਿਸ਼ਨ ਗਰਗ )** - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਪੱਤਰਕਾਰਾਂ ਦੀ ਭਲਾਈ ਲਈ ਇਕ ਹੋਰ ਅਹਿਮ ਐਲਾਨ ਕਰਦੇ ਹੋਏ ਕਿਹਾ ਕਿ ਪੱਤਰਕਾਰਾਂ ਦੇ ਲਈ 10 ਲੱਖ ਰੁਪਏ ਤਕ ਬੀਮੇ ਦੀ ਪ੍ਰੀਮੀਅਮ ਰਕਮ ਦਾ ਭੁਗਤਾਨ ਹੁਣ ਸੂਬਾ ਸਰਕਾਰ ਵੱਲੋਂ ਭੁਗਤਾਨ ਕੀਤਾ ਜਾਵੇਗਾ। ਮੌਜੂਦਾ ਵਿਚ ਸਿਰਫ 5 ਲੱਖ ਰੁਪਏ ਤਕ ਦੀ ਬੀਮਾ ਰਕਮ ਦਾ ਭੁਗਤਾਨ ਸੂਬਾ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ। ਮਨੋਹਰ ਲਾਲ ਰੋਹਤਕ ਵਿਚ ਨੈਸ਼ਨਲ ਯੂਨੀਅਨ ਆਫ ਜਰਨਲਿਸਟ (ਇੰਡੀਆ) ਨਾਲ ਸਮੇਬੱਧ ਹਰਿਆਣਾ ਯੂਨੀਅਨ ਆਫ ਵਰਕਿੰਗ ਜਰਨਲਿਸਟ ਵੱਲੋਂ ਪ੍ਰਬੰਧਿਤ ਦੋਸਾਲਾਂ ਅਧਿਵੇਸ਼ਨ ਅਤੇ ਪੱਤਰਕਾਰਿਤਾ ਦਾ ਭਵਿੱਖ ਅਤੇ ਚਣੌਤੀਆਂ ਵਿਸ਼ਾ 'ਤੇ ਪ੍ਰਬੰਧਿਤ ਸੈਮੀਨਾਰ ਵਿਚ ਬਤੌਰ ਮੁੱਖ ਮਹਿਮਾਨ ਬੋਲ ਰਹੇ ਸਨ। ਇਸ ਮੌਕੇ 'ਤੇ ਉਨ੍ਹਾਂ ਨੇ ਹਰਿਆਣਾ ਯੂਨੀਅਨ ਆਫ ਵਰਕਿੰਗ ਜਰਨਲਿਸਟ ਨੂੰ ਆਪਣੇ ਨਿਜੀ ਕੋਸ਼ ਤੋਂ 11 ਲੱਖ ਰੁਪਏ ਦੀ ਰਕਮ ਦੇਣ ਦਾ ਵੀ ਐਲਾਨ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੱਤਰਕਾਰਾਂ ਨੂੰ ਐੱਲਆਈਸੀ ਰਾਹੀਂ 5, 10 ਤੇ 20 ਲੱਖ ਰੁਪਏ ਦੇ ਬੀਮੇ ਦੀ ਸਹੂਲਤ ਦਿੱਤੀ ਗਈ ਹੈ। ਸਰਕਾਰ ਵੱਲੋਂ ਹੁਣ ਤਕ 5 ਲੱਖ ਰੁਪਏ ਦੇ ਲਈ ਬੀਮਾ ਦੇ ਪ੍ਰੀਮੀਅਮ ਰਕਮ ਦਾ ਭੁਗਤਾਨ ਖੁਦ ਕੀਤਾ ਜਾ ਰਿਹਾ ਹੈ ਅਤੇ ਭਵਿੱਖ ਵਿਚ 10 ਲੱਖ ਰੁਪਏ ਤਕ ਬੀਮਾ ਦੀ ਰਕਮ ਦੇ ਪ੍ਰੀਮੀਅਮ ਦਾ ਖਰਚ ਸਰਕਾਰ ਵੱਲੋਂ ਭੁਗਤਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ 20 ਲੱਖ ਰੁਪਏ ਬੀਮਾ ਦੀ ਪ੍ਰੀਮੀਅਮ ਰਕਮ ਦਾ 50 ਫੀਸਦੀ ਭੁਗਤਾਨ ਸਰਕਾਰ ਵੱਲੋਂ ਕੀਤਾ ਜਾਵੇਗਾ। ਪੱਤਰਕਾਰਾਂ ਵੱਲੋਂ ਕੀਤੀ ਗਈ ਮੰਗਾਂ ਦੇ ਸੰਦਰਭ ਵਿਚ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਸਰਕਾਰ ਵੱਲੋਂ ਸਹੀ ਮੰਗਾਂ 'ਤੇ ਵਿਚਾਰ ਕੀਤਾ ਜਾਵੇਗਾ। ਇਸ ਮੌਕੇ 'ਤੇ ਸੂਬੇ ਦੇ ਬਿਜਲੀ ਅਤੇ ਜੇਲ ਮੰਤਰੀ ਰਣਜੀਤ ਸਿੰਘ, ਲੋਕ ਸਭਾ ਸਾਂਸਦ ਡਾ. ਅਰਵਿੰਦ ਸ਼ਰਮਾ, ਭਾਜਪਾ ਦੇ ਉੱਪ ਸੂਬਾ ਪ੍ਰਧਾਨ ਅਤੇ ਸਾਬਕਾ ਮੰਤਰੀ ਮਨੀਸ਼ ਗਰੋਵਰ, ਮੇਅਰ ਮਨਮੋਹਨ ਗੋਇਲ, ਮਹਿਰਿਸ਼ੀ ਦਿਆਨੰਦ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਪ੍ਰੋਫੈਸਰ ਰਾਜਬੀਰ ਸਿੰਘ ਸਮੇਤ ਪੱਤਰਕਾਰ ਯੂਨੀਅਨ ਦੇ ਅਧਿਕਾਰੀ ਤੇ ਪੱਤਰਕਾਰ ਮੌਜੂਦ ਰਹੇ।

## 'ਵੀਰ ਗਾਥਾ 3' ਤੇ 'ਮੇਰੀ ਮਾਟੀ' ਮੇਰਾ ਦੇਸ਼' ਸੰਬੰਧੀ ਗਤੀਵਿਧੀਆਂ ਕਰਵਾਈਆਂ



**ਮਹਿਤਪੁਰ (ਰਾਜਾ)** ਸਰਕਾਰੀ ਪ੍ਰਾਇਮਰੀ ਸਕੂਲ ਆਦਰਾਮਾਨ ਵਿੱਚ, ਸਿੱਖਿਆ ਵਿਭਾਗ ਪੰਜਾਬ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ, ਸਤੰਬਰ 2023 ਮਹੀਨੇ ਵਿੱਚ 'ਵੀਰ ਗਾਥਾ 3' ਅਤੇ 'ਮੇਰੀ ਮਾਟੀ ਮੇਰਾ ਦੇਸ਼ਜ ਸਬੰਧੀ ਵੱਖ-ਵੱਖ ਗਤੀਵਿਧੀਆਂ ਬੜੇ ਉਤਸ਼ਾਹ ਨਾਲ ਕਰਵਾਈਆਂ ਗਈਆਂ। ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਗਰੁੱਪ ਕੈਪਟਨ ਪੁਪਿੰਦਰ ਸਿੰਘ (ਰਿਟਾ. ਭਾਰਤੀ ਵਾਯੂ ਸੈਨਾ) ਤੇ ਮੌਜੂਦਾ ਟੈਸਟ ਪਾਇਲਟ ਹਿੰਦੁਸਤਾਨ ਐਰੋਨੋਟਿਕਲ ਲਿਮਿਟਡ ਬੰਗਲੌਰ ਨੇ ਬੱਚਿਆਂ ਨੂੰ ਦੇਸ਼ ਦੇ ਬਹਾਦਰ ਸੈਨਿਕਾਂ ਅਤੇ ਵਿਗਿਆਨੀਆਂ ਵੱਲੋਂ ਦੇਸ ਦੀ ਤਰੱਕੀ ਲਈ ਪਾਏ ਮਹੱਤਵਪੂਰਨ ਯੋਗਦਾਨ ਬਾਰੇ ਜਾਣੂ ਕਰਵਾਇਆ! ਭਾਰਤ ਵੱਲੋਂ ਆਪ ਤਿਆਰ ਕੀਤੇ ਗਏ ਲਾਈਟ ਕੰਬਾਟ ਹੈਲੀਕਾਪਟਰ, ਮਿਸ਼ਨ ਚੰਦਰਯਾਨ ਅਤੇ ਐਲ 1 ਮਿਸ਼ਨ ਬਾਰੇ ਜਾਣਕਾਰੀ ਦਿੱਤੀ ਬੱਚਿਆਂ ਨੂੰ ਅਧਿਆਪਕਾਂ ਦਾ ਸਤਿਕਾਰ ਕਰਨ ਅਤੇ ਮਹਾਨ ਯੋਧਿਆਂ ਤੋਂ ਪ੍ਰੇਰਨਾ ਲੈ ਕੇ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਆ। ਉਨ੍ਹਾਂ ਬੱਚਿਆਂ ਨੂੰ ਲਗਨ ਅਤੇ ਮਿਹਨਤ ਨਾਲ ਪੜ੍ਹਾਈ ਕਰਨ ਅਤੇ ਦੇਸ ਪ੍ਰੇਮ ਦਾ ਸੁਨੇਹਾ ਦਿੱਤਾ। ਸਕੂਲ ਦੇ ਬੱਚਿਆਂ ਵੱਲੋਂ ਪਿੰਡ ਵਿੱਚ ਭਾਰਤ ਦੇ ਮਹਾਨ ਸਹੀਦਾਂ ਅਤੇ ਗਲੈਂਟਰੀ ਅਵਾਰਡ ਵਿਜੇਤਾ ਸੈਨਿਕਾਂ ਨੂੰ ਸਮਰਪਿਤ ਪ੍ਰਭਾਤ ਫੇਰੀ ਕੱਢੀ ਗਈ ਅਤੇ ਸਭ ਨੂੰ ਆਪਸੀ ਭਾਈਚਾਰੇ ਅਤੇ ਦੇਸ ਪ੍ਰੇਮ ਦਾ ਸੁਨੇਹਾ ਦਿੱਤਾ।

## ਸਿਲਵਰ ਓਕ ਸਕੂਲ ਦੀ ਚੈੱਸ ਟੀਮ ਨੇ ਪੰਜਾਬ ਬੋਰਡ ਖੇਡਾਂ 'ਚ ਜਿੱਤਿਆ ਗੋਲਡ ਮੈਡਲ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉੱਕਾਰ ਸਿੰਘ )**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜਪੁਰ ਦੀ ਚੈਸ ਟੀਮ ਨੇ ਪੰਜਾਬ ਬੋਰਡ ਖੇਡਾਂ ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਦੇ ਵਿੱਚ ਸ਼ਾਨਦਾਰ ਖੇਡ ਦਿਖਾਉਂਦੇ ਹੋਏ ਜਿੱਤ ਹਾਸਿਲ ਕੀਤੀ ਅਤੇ ਗੋਲਡ ਮੈਡਲ 'ਤੇ ਕਬਜਾ ਕੀਤਾ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਸਾਹਿਬ ਜੋਤ ਸਿੰਘ, ਹੁਸਨਦੀਪ ਸਿੰਘ ਅਤੇ ਰਿਧਮ ਤਿੰਨੋਂ ਖਿਡਾਰੀਆਂ ਨੇ ਆਪਣੇ ਮੈਚਾਂ ਦੇ ਵਿੱਚ ਵਧੀਆ ਪ੍ਰਦਰਸ਼ਨ ਕੀਤਾ ਅਤੇ ਪੂਰੀ ਟੀਮ ਨੇ ਰਾਜ ਪੱਧਰ ਦੇ ਮੁਕਾਬਲਿਆਂ ਵਿੱਚ ਕੁਆਲੀਫਾਈ ਕਰ ਲਿਆ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇਮ ਤਮਾਮ ਖਿਡਾਰੀ ਉਨ੍ਹਾਂ ਦੇ ਮਾਪਿਆਂ ਅਤੇ ਕੋਚਾਂ ਨੂੰ ਮੁਬਾਰਕਬਾਦ ਦਿੱਤੀ। ਉਹਨਾਂ ਨੇ ਬੱਚਿਆਂ ਨੂੰ ਵਧੀਆ ਪ੍ਰਦਰਸਨ ਕਰਨ ਲਈ ਪ੍ਰੇਰਿਆ ਅਤੇ ਕਿਹਾ ਕਿ ਮਿਹਨਤ ਸਾਨੂੰ ਉੱਚੇ ਤੋਂ ਉੱਚੇ ਮੁਕਾਮ ਤੱਕ ਲੈ ਕੇ ਜਾ ਸਕਦੀ ਹੈ। ਇਸ ਮੌਕੇ 'ਤੇ ਮੈਨੇਜਰ ਗਜਿੰਦਰਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਅਸ਼ਵਨੀ, ਸੁਰੇਸ਼, ਅਰਚਣਾ, ਗੁਰਪ੍ਰੀਤ, ਰਾਜਵੀਰ ਕੌਰ, ਰਾਜਵਿੰਦਰ, ਸੁਮਨ, ਹਰਜੀਤ ਕੌਰ, ਗੁਰਦੇਵ ਸਿੰਘ, ਹਰਜੀਤ ਸਿੰਘ ਤੇ ਬਾਕੀ ਸਟਾਫ ਮੈਂਬਰ ਮੌਜੂਦ ਸਨ।



## ਹਰਮਿਲਨ ਬੈਂਸ ਨੇ ਏਸ਼ੀਅਨ ਖੇਡਾਂ 'ਚ ਜਿੱਤਿਆ ਸਿਲਵਰ ਮੈਡਲ




**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**—ਇਥੋਂ ਦੀ ਹੋਣਹਾਰ ਮੁਟਿਆਰ ਹਰਮਿਲਨ ਬੈਂਸ ਨੇ ਏਸ਼ੀਅਨ ਖੇਡਾਂ ਵਿੱਚ 1500 ਮੀਟਰ ਦੌੜ ਵਿੱਚ ਸਿਲਵਰ ਮੈਡਲ ਜਿੱਤ ਕੇ ਭਾਰਤ ਦਾ ਨਾਂਅ ਚਮਕਾਇਆ। ਉਸ ਦੀਆਂ ਅੰਤਰਰਾਸ਼ਟਰੀ ਪ੍ਰਾਪਤੀਆਂ ਪਿੱਛੇ ਦਾਦੀ ਗੁਰਮੀਤ ਕੌਰ ਬੈਂਸ ਸਾਬਕਾ ਪ੍ਰਧਾਨ ਨਗਰ ਕੌਂਸਲ ਮਾਹਿਲਪੁਰ, ਮਾਤਾ ਅਰਜਨ ਅਵਾਰਡੀ ਮਾਧਰੀ ਏ. ਸਿੰਘ ਅਤੇ ਪਿਤਾ ਇੰਟਰਨੈਸ਼ਨਲ ਅਥਲੀਟ ਅਮਨਦੀਪ ਸਿੰਘ ਬੈਂਸ ਦਾ ਵਿਸ਼ੇਸ਼ ਯੋਗਦਾਨ ਹੈ। ਉਸ ਦੇ ਦਾਦਾ ਗਿਆਨੀ ਹਰਕੇਵਲ ਸਿੰਘ ਸੈਲਾਨੀ ਨੈਸ਼ਨਲ ਅਵਾਰਡੀ ਟੀਚਰ ਅਤੇ ਲੇਖਕ ਸਨ। ਇਸ ਖੁਸ਼ੀ ਦੇ ਮੌਕੇ ਪਟਾਕੇ ਚਲਾਏ ਗਏ ਅਤੇ ਭੰਗੜੇ ਪਾਏ ਗਏ। ਇਸ ਮੌਕੇ ਪਰਵਾਰ ਨੂੰ ਵਧਾਈਆਂ ਦੇਣ ਵਾਲਿਆਂ ਵਿੱਚ ਕੇਂਦਰੀ ਮੰਤਰੀ ਸੋਮ ਪ੍ਰਕਾਸ, ਐਸ ਸੀ ਕਮਿਸ਼ਨ ਦੇ ਚੇਅਰਮੈਨ ਵਿਜੇ ਕੁਮਾਰ ਸਾਂਪਲਾ, ਡਿਪਟੀ ਸਪੀਕਰ ਵਿਧਾਨ ਸਭਾ ਪੰਜਾਬ ਜੈ ਕ੍ਰਿਸ਼ਨ ਸਿੰਘ ਰੌੜੀ, ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ, ਜ਼ਿਲ੍ਹਾ ਪ੍ਰਧਾਨ ਕ੍ਰਿਸ਼ਨਜੀਤ ਰਾਓ ਕੈਂਡੋਵਾਲ, ਪ੍ਰਿੰਸੀਪਲ ਡਾਕਟਰ ਪਰਵਿੰਦਰ ਸਿੰਘ, ਮੈਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਗਿੱਲ,ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ, ਬੱਗਾ ਸਿੰਘ ਆਰਟਿਸਟ, ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਸਮੇਤ ਇਲਾਕੇ ਦੀਆਂ ਖੇਡ ਸੰਸਥਾਵਾਂ ਦੇ ਨੁਮਾਇੰਦੇ ਅਤੇ ਖੇਡ ਪ੍ਰੇਮੀ ਸ਼ਾਮਿਲ ਸਨ।

## ਹਰਿਆਣਾ ਦੇ ਖਿਡਾਰੀ ਪੂਰੀ ਮਿਹਨਤ ਨਾਲ ਕਰਦੇ ਹਨ ਵਧੀਆ ਪ੍ਰਦਰਸ਼ਨ : ਮਨੋਹਰ ਲਾਲ

**ਚੰਡੀਗੜ੍ਹ, ( ਕ੍ਰਿਸ਼ਨ ਗਰਗ )** - ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਸਰਕਾਰ ਵੱਲੋਂ ਸੂਬੇ ਦੇ ਵੱਡੇ ਸ਼ਹਿਰਾਂ ਵਿਚ ਸ਼ੂਟਿੰਗ ਰੇਂਜ ਸਥਾਪਿਤ ਕੀਤੀ ਜਾਵੇਗੀ ਤਾਂ ਜੋ ਖਿਡਾਰੀ ਹੋਰ ਚੰਗਾ ਪ੍ਰਦਰਸ਼ਨ ਕਰ ਸੂਬੇ ਤੇ ਦੇਸ਼ ਦਾ ਨਾਂਅ ਰੋਸ਼ਨ ਕਰ ਸਕਣ। ਸੂਬੇ ਦੇ ਖਿਡਾਰੀਆਂ ਨੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਵਧੀਆ ਪ੍ਰਦਰਸ਼ਨ ਕਰ ਸੂਬੇ-ਦੇਸ਼ ਦਾ ਨਾਂਅ ਰੋਸ਼ਨ ਕੀਤਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਦੇਸ਼ ਦੀ ਛਵੀ ਵਿਸ਼ਵ ਵਿਚ ਹੋਰ ਬਿਹਤਰ ਹੋਈ ਹੈ ਅਤੇ ਹੁਣ ਭਾਰਤ ਵਿਸ਼ਵ ਦੇ ਪੰਜ ਮਹਤੱਵਪੂਰਨ ਦੇਸ਼ਾਂ ਵਿਚ ਸ਼ਾਮਿਲ ਹੋ ਗਿਆ ਹੈ। ਮੁੱਖ ਮੰਤਰੀ ਮਾਰਾ ਰੋਹਤਕ ਰਾਹਗੀਰੀ ਪ੍ਰੋਗ੍ਰਾਮ ਦੌਰਾਨ ਪ੍ਰੈਸ ਪ੍ਰਤੀਨਧੀਆਂ ਨਾਲ ਸੰਵਾਦ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਖਿਡਾਰੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਨਵੀ ਖੇਡ ਨੀਤੀ ਲਾਗੂ ਕੀਤੀ ਗਈ ਹੈ। ਉਨ੍ਹਾਂ ਨੇ ਚੀਨ ਵਿਚ ਪ੍ਰਬੰਧਿਤ ਕੀਤੀ ਜਾ ਰਹੀ ਏਸ਼ਿਅਨ ਗੇਮਸ ਵਿਚ ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਰਕਾਰ ਵੱਲੋਂ ਸ਼ੂਟਿੰਗ ਨੂੰ ਪ੍ਰੋਤਸਾਹਨ ਦੇਣ ਲਈ ਵੱਡੇ ਸ਼ਹਿਰਾਂ ਵਿਚ ਸ਼ੂਟਿੰਗ ਰੇਂਜ ਸਥਾਪਿਤ ਕੀਤੀ ਜਾਵੇਗੀ। ਏਸ਼ਿਅਨ ਖੇਡਾਂ ਵਿਚ ਦੇਸ਼ ਦੇ ਸ਼ੂਟਰਾਂ ਨੇ ਹੁਣ ਤਕ ਦਾ ਐਕਸੀਲੇਂਸ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਸੂਬੇ ਦੇ ਧਾਕੜ ਪਹਿਲਵਾਲ ਪੂਰੇ ਮਨੋਬਲ ਦੇ ਨਾਲ ਆਪਣੇ ਵਧੀਆ ਪ੍ਰਦਰਸ਼ਨ ਕਰਦੇ ਹਨ। ਉਨ੍ਹਾਂ ਨੇ ਨਵਾਂ ਨਾਅਰਾ ਦਿੰਦੇ ਹੋਏ ਕਿਹਾ ਕਿ ਜੈ ਜਵਾਨ , ਜੈ ਕਿਸਾਨ, ਜੈ ਵਿਗਿਆਨ, ਜੈ ਪਹਿਲਵਾਨ , ਇਹ ਸਾਰੇ ਸਾਡੀ ਸ਼ਾਨ ਹਨ।

## 15 ਵਾਰਡਾਂ 'ਚ ਵਿਸ਼ੇਸ਼ ਸਫਾਈ ਅਭਿਆਨ ਚਲਾਇਆ




**ਮੋਰਿੰਡਾ ( ਜੈਜੀ ਸਰਦਾਰ)** ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਦੀ 154 ਵੀ ਜੈਅੰਤੀ ਮੌਕੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਗਰ ਕੌਂਸਲ ਮੋਰਿੰਡਾ ਵੱਲੋ ਸਵੱਛਤਾ ਹੀ ਸੇਵਾ ਅਧੀਨ "ਏਕ ਤਾਰੀਖ, ਏਕ ਘੰਟਾ,ਏਕ ਸਾਥ"ਲਈ ਸ਼੍ਰਮਦਾਨ ਕਰਨ ਲਈ ਮੋਰਿੰਡਾ ਸ਼ਹਿਰ ਦੇ 15 ਵਾਰਡਾਂ ਵਿੱਚ ਵਿਸ਼ੇਸ਼ ਸਫਾਈ ਅਭਿਆਨ ਚਲਾਇਆ ਗਿਆ। ਜਿਸ ਵਿੱਚ ਸਾਰੇ ਸ਼ਹਿਰ ਵਾਸੀਆਂ ਵੱਲੋ ਮੁਹਿੰਮ ਵਿੱਚ ਹਿੱਸਾ ਲਿਆ ਗਿਆ। ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ ਅਤੇ ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਖੱਟੜਾ ਵੱਲੋਂ ਖੁਦ ਆਪਣੇ ਸ਼ਹਿਰ ਵਾਸੀਆਂ ਨਾਲ ਮਿਲ ਕੇ ਸਫਾਈ ਕੀਤੀ ਗਈ। ਇਸ ਮੌਕੇ ਉਪ ਮੰਡਲ ਮੈਜਿਸਟਰੇਟੀ ਦੀਪਾਂਕਰ ਗਰਗ ਅਤੇ ਕਾਰਜ ਸਾਧਕ ਅਫਸਰ ਰਜਨੀਸ਼ ਸੂਦ ਵੱਲੋਂ ਮੇਰੀ ਮਾਟੀ ਮੇਰਾ ਦੇਸ਼ ਅਤੇ ਕਲੱਸ਼ ਯਾਤਰਾ ਦੇ ਮੱਦੇਨਜਰ ਅੰਮ੍ਰਿਤ ਕਲੱਸ਼ ਵਿੱਚ ਮੋਰਿੰਡਾ ਸ਼ਹਿਰ ਦੇ ਅਲੱਗ-ਅਲੱਗ ਵਾਰਡਾਂ ਦੀ ਮਿੱਟੀ ਇਕੱਤਰ ਕਰਕੇ ਪਾਈ ਗਈ। ਇਸ ਮੌਕੇ ਸੈਨਟਰੀ ਸ਼ਾਖਾ ਦੇ ਕਲਰਕ ਅਮੀਰ ਹਸਨ, ਸੁਪਰਵਾਇਜਰ ਗੁਰਲਾਲ ਸਿੰਘ ਲਾਲੀ,ਯਸ਼ਪਾਲ ਮਹਿਤਾ,ਲਖਵਿੰਦਰ ਸਿੰਘ ਅਤੇ ਸ਼ਹਿਰ ਦੇ ਹੋਰ ਪੱਤਵੰਤੇ ਸੱਜਣ ਹਾਜਰ ਸਨ।

## ਫੁੱਟਬਾਲ, ਐਥਲੈਟਿਕਸ, ਵਾਲੀਬਾਲ, ਹੈਂਡਬਾਲ ਤੇ ਸਵਿਮਿੰਗ ਮੁਕਾਬਲੇ ਕਰਵਾਏ

**ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ)**-ਖੇਡਾਂ ਵਤਨ ਪੰਜਾਬ ਦੀਆਂ 2023 ਤਹਿਤ ਜ਼ਿਲ੍ਹਾ ਐਸ.ਏ.ਐਸ. ਨਗਰ ਦੀਆਂ ਜ਼ਿਲ੍ਹਾ ਪੱਧਰੀ ਖੇਡਾਂ ਦੇ ਤੀਜੇ ਦਿਨ ਬਹੁ-ਮੰਤਵੀ ਖੇਡ ਭਵਨ ਸੈਕਟਰ78, ਮੋਹਾਲੀ ਅਤੇ ਖੇਡ ਭਵਨ ਸੈਕਟਰ63, ਮੋਹਾਲੀ, ਪੰਜਾਬ ਸਰਕਾਰ ਸ਼ੂਟਿੰਗ ਰੇਂਜ ਫੇਜ 6, ਮੋਹਾਲੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 3 ਬੀ 1, ਮੋਹਾਲੀ ਵਿਖੇ ਕਾਰਵਾਈਆਂ ਗਈਆਂ ਹਨ। ਜ਼ਿਲ੍ਹਾ ਖੇਡ ਅਫਸਰ ਗੁਰਦੀਪ ਕੌਰ ਨੇ ਦੱਸਿਆ ਕਿ ਤੀਸਰੇ ਦਿਨ ਹੋਏ ਖੇਡ ਮੁਕਾਬਲਿਆਂ ਦੇ ਨਤੀਜੇ ਇਸ ਪ੍ਰਕਾਰ ਰਹੇ: ਫੁੱਟਬਾਲ-ਅੰਡਰ-21 ਲੜਕੇ 'ਚ ਐਮ.ਕੇ.ਆਰ. ਪੀ. ਐਸ. ਭਾਗੂਮਾਜਰਾ ਨੇ ਸਿੰਘਪੁਰਾ ਨੂੰ ਹਰਾਇਆ। ਕੋਚਿੰਗ ਸੈਂਟਰ 78 ਨੇ ਖਿਜਰਾਬਾਦ ਨੂੰ, ਕੋਚਿੰਗ ਸੈਂਟਰ ਕੁਰਾਲੀ ਨੇ ਤਿਊੜ ਅਤੇ ਸਵਿਫਟਰ ਸਪੋਰਟ ਕਿੰਗ ਨੇ ਐਨੀਜ ਖਰੜ ਨੂੰ ਹਰਾਇਆ। ਅਥਲੈਟਿਕਸ 'ਚ ਅੰਡਰ 21-30, ਟ੍ਰਿਪਲ ਜੰਪ-ਔਰਤਾਂ 'ਚ ਨਿਹਾਰਿਕਾ ਵਸ਼ਿਸ਼ਟ ਦਾ ਪਹਿਲਾ ਸਥਾਨ, ਅੰਡਰ-21 ਟ੍ਰਿਪਲ ਜੰਪ - ਔਰਤਾਂ 'ਚ ਜਸਲੀਨ ਨੇ ਪਹਿਲਾ ਸਥਾਨ, ਅੰਡਰ-17, 1500 ਮੀਟਰ-ਲੜਕੇ 'ਚ ਦਿਲਪ੍ਰੀਤ ਸਿੰਘ ਨੇ ਪਹਿਲਾ ਸਥਾਨ, ਮਨੀਸ਼ ਨੇ ਦੂਜਾ ਸਥਾਨ, ਇਕਬਾਲ ਸਿੰਘ ਨੇ ਤੀਜਾ ਸਥਾਨ ਲਿਆ। ਅੰਡਰ 21-1500 ਮੀਟਰ-ਲੜਕੇ 'ਚ ਮੁਕੇਸ ਸਿੰਘ ਦਾ ਪਹਿਲਾ ਸਥਾਨ, ਸ਼ਿਵ ਸ਼ੰਕਰ ਦਾ ਦੂਜਾ ਸਥਾਨ, ਉਤਮ ਸਿੰਘ ਦਾ ਤੀਜਾ ਸਥਾਨ ਰਿਹਾ। ਅੰਡਰ 21-30 'ਚ 1500 ਮੀਟਰ - ਲੜਕੇ 'ਚ ਅਤੁਲ ਰਾਣਾ ਨੇ ਪਹਿਲਾ ਸਥਾਨ, ਕਰਨਪ੍ਰੀਤ ਸਿੰਘ ਨੇ ਦੂਜਾ ਸਥਾਨ ਲਿਆ। ਅੰਡਰ 31- 40 'ਚ 1500 ਮੀਟਰ ਪੁਰਸ਼ਾਂ ਦੇ ਮੁਕਾਬਲੇ 'ਚ ਹਰੀ ਚੰਦ ਨੇ ਪਹਿਲਾ ਸਥਾਨ, ਕੁਲਦੀਪ ਸਿੰਘ ਨੇ ਦੂਜਾ ਸਥਾਨ, ਜਸਵਿੰਦਰ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ ਅੰਡਰ 17-400 ਮੀਟਰ ਹਰਡਲਜ-ਲੜਕੇ 'ਚ ਜਸਨਪ੍ਰੀਤ ਸਿੰਘ ਨੇ ਪਹਿਲਾ ਸਥਾਨ, ਸੁਮੀਤ ਨੇ ਦੂਜਾ ਸਥਾਨ, ਬਲਵਿੰਦਰ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਅੰਡਰ 21 400 ਮੀਟਰ ਹਰਡਲਜ-ਲੜਕੇ ਰੋਹਿਤ ਸਰਮਾ ਨੇ ਪਹਿਲਾ ਸਥਾਨ, ਗੁਰਸੇਵਕ ਸਿੰਘ ਨੇ ਦੂਜਾ ਸਥਾਨ, ਅੰਡਰ 21- 30- 400 ਮੀਟਰ ਹਰਡਲਜ-ਲੜਕੇ 'ਚ ਮਨਪ੍ਰੀਤ ਸਿੰਘ ਦਾ ਪਹਿਲਾ ਸਥਾਨ ਰਿਹਾ। ਵਾਲੀਬਾਲ 'ਚ ਅੰਡਰ 14 ਲੜਕੇ 'ਚ ਪੀ.ਆਈ.ਐਸ. ਦਾ ਪਹਿਲਾ ਸਥਾਨ, ਕਮਾਂਡੋ ਸਪੋਰਟਸ ਅਕੈਡਮੀ ਦਾ ਦੂਜਾ ਸਥਾਨ ਅਤੇ ਖਿਜਰਗੜ੍ਹ ਦਾ ਤੀਜਾ ਸਥਾਨ ਰਿਹਾ। ਅੰਡਰ 17 ਲੜਕੇ 'ਚ ਪੀ.ਆਈ. ਐਸ ( ਏ) ਦਾ ਪਹਿਲਾ ਸਥਾਨ, ਪੀ.ਆਈ. ਐਸ. (ਬੀ) ਦਾ ਦੂਜਾ ਸਥਾਨ, ਤਿਊੜ ਦਾ ਤੀਜਾ ਸਥਾਨ ਰਿਹਾ। ਅੰਡਰ 21 ਲੜਕੀਆਂ 'ਚ ਕਮਾਂਡੋ ਸਪੋਰਟਸ ਕੱਲਬ ਦਾ ਪਹਿਲਾ ਸਥਾਨ, ਭਾਗੂ ਮਾਜਰਾ ਦਾ ਦੂਜਾ ਸਥਾਨ ਰਿਹਾ। ਹੈਂਡਬਾਲ ਅੰਡਰ 17 ਲੜਕੀਆਂ 'ਚ ਸ. ਸ.ਸ.ਸ. 3 ਬੀ 1 ਸਕੂਲ 21 - 01 ਦੇ ਅੰਤਰ ਨਾਲ ਲਾਰੇਂਸ ਪਬਲਿਕ ਸਕੂਲ ਨੂੰ ਹਰਾ ਕੇ ਜੇਤੂ ਰਿਹਾ। ਸ.ਸ.ਸ.ਸ. 3 ਬੀ 1 ਸਕੂਲ 17 - 02 ਦੇ ਅੰਤਰ ਨਾਲ ਸਿੰਘਪੁਰਾ ਸ.ਹ.ਸ. ਨੂੰ ਹਰਾ ਕੇ ਜੇਤੂ ਰਿਹਾ। ਸ.ਸ.ਸ.ਸ. 3 ਬੀ 1 ਸਕੂਲ ਟੀਮ ਏ 14 -02 ਦੇ ਅੰਤਰ ਨਾਲ ਹੈਂਡਬਾਲ ਕੱਲਬ ਕੁਰਾਲੀ ਨੂੰ ਹਰਾ ਕੇ ਜੇਤੂ ਰਿਹਾ। ਸਵਿਮਿੰਗ 'ਚ ਅੰਡਰ 14 ਲੜਕੇ 'ਚ 200 ਮੀਟਰ ਫ੍ਰੀ ਸਟਾਇਲ 'ਚ ਤ੍ਰੀਨਬ ਸਰਮਾ ਦਾ ਪਹਿਲਾ ਸਥਾਨ, ਅਰਨਵ ਜੌੜਾ ਦਾ ਦੂਜਾ ਸਥਾਨ, ਪ੍ਰਤਾਪ ਸਿੰਘ ਦਾ ਤੀਜਾ ਸਥਾਨ ਰਿਹਾ। ਅੰਡਰ 14 ਲੜਕੀਆਂ 200 ਮੀਟਰ ਫ੍ਰੀ ਸਟਾਇਲ 'ਚ ਇਸਵਰਾ ਮਾਂਗਟ ਦਾ ਪਹਿਲਾ ਸਥਾਨ, ਰਬਾਬ ਦਾ ਦੂਜਾ ਸਥਾਨ ਤੇ ਅਗਮਜੋਤ ਕੌਰ ਦਾ ਤੀਜਾ ਸਥਾਨ ਰਿਹਾ। ਅੰਡਰ 17 ਲੜਕੀਆਂ 50 ਮੀਟਰ ਬ੍ਰੈਸਟ ਸਟਰੋਕ ਸਵਿਮਿੰਗ 'ਚ ਭਵਨੂਰ ਕੌਰ ਦਾ ਪਹਿਲਾ ਸਥਾਨ, ਜਸਲੀਨ ਕੌਰ ਦਾ ਦੂਜਾ ਸਥਾਨ, ਗੁਨਤਾਸ ਪ੍ਰੀਤ ਕੌਰ ਦਾ ਤੀਜਾ ਸਥਾਨ ਰਿਹਾ। ਅੰਡਰ 14 ਲੜਕੇ 50 ਮੀਟਰ ਬ੍ਰੈਸਟ ਸਟਰੋਕ ਸਵਿਮਿੰਗ 'ਚ ਅੰਗਦ ਵਾਲੀਆ ਦਾ ਪਹਿਲਾ ਸਥਾਨ, ਸਬੀਰ ਸਿੰਘ ਦਾ ਦੂਜਾ ਸਥਾਨ, ਅਦਬਪ੍ਰੀਤ ਸਿੰਘ ਦਾ ਤੀਜਾ ਸਥਾਨ ਰਿਹਾ।

## ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਨਾਟਕ ਮੇਲਾ ਕਰਵਾਇਆ

**ਜਲੰਧਰ, (ਨਵਾਂ ਜ਼ਮਾਨਾ ਸਰਵਿਸ)**-ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਜਲੰਧਰ ਵੱਲੋਂ ਉਲੀਕੇ ਪ੍ਰੋਗਰਾਮ ਤਹਿਤ ਇਕਾਈ ਜਲੰਧਰ ਵੱਲੋਂ ਸੋਫੀ ਪਿੰਡ ਵਿਖੇ ਸ਼ਹੀਦ ਭਗਤ ਸਿੰਘ ਦੇ 116ਵੇਂ ਜਨਮ ਦਿਨ ਨੂੰ ਸਮਰਪਿਤ ਨਾਟਕ ਮੇਲਾ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸੂਬੇਦਾਰ ਮੇਜਰ ਪਰਮਜੀਤ ਸਿੰਘ ਨੇ ਜਾਦੂ ਦੇ ਟਰਿੱਕ ਦਿਖਾ ਕੇ ਕੀਤੀ ਆਪਣੀ ਕਲਾ ਦਾ ਮੁਜਾਹਰਾ ਕਰਦਿਆਂ ਉਨ੍ਹਾਂ ਹਾਜਰ ਲੋਕਾਂ ਨੂੰ ਦਸਿਆ ਕਿ ਜਾਦੂ ਇਕ ਕਲਾ ਹੈ ਇਸਨੂੰ ਕੋਈ ਵੀ ਵਿਅਕਤੀ ਸਿੱਖ ਕੇ ਕਰ ਸਕਦਾ ਹੈ। ਉਹਨਾਂ ਇਕ ਟ੍ਰਿਕ ਰਾਹੀ ਅਖਬਾਰ ਦੇ ਟੁਕੜਿਆਂ ਤੋਂ ਰੰਗੀਨ ਹਾਰ ਬਣਾ ਕੇ ਸ਼ਹੀਦ ਭਗਤ ਸਿੰਘ ਦੀ ਤਸਵੀਰ 'ਤੇ ਪਾਇਆ। ਉਪਰੰਤ ਪਰਵਾਜ ਰੰਗਮੰਚ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਜੇਲ੍ਹ 'ਚ ਮਿਲਣ ਆਈ ਭੈਣ ਅਮਰ ਕੌਰ ਦੇ ਸੀਨ ਉਪਰ ਕੋਰੀਓਗ੍ਰਾਫੀ ਕੀਤੀ ਗਈ ਜਿਸ ਨੂੰ ਦਰਸ਼ਕਾਂ ਨੇ ਖੂਬ ਪਸੰਦ ਕੀਤਾ। ਮੁੱਖ ਬੁਲਾਰੇ ਸੁਰਜੀਤ ਟਿੱਬਾ ਜੇਨ ਆਗੂ ਨੇ ਸ਼ਹੀਦ ਭਗਤ ਸਿੰਘ ਦੇ 23 ਸਾਲ ਦੇ ਪੂਰੇ ਜੀਵਨ ਤੋਂ ਲੋਕਾਂ ਨੂੰ ਜਾਣੂ ਕਰਵਾਇਆ। ਉਹਨਾਂ ਆਪਣੇ ਭਾਸ਼ਣ ਦੌਰਾਨ ਕਿਹਾ ਕਿ ਸਾਨੂੰ ਬਹੁਤਿਆ ਨੂੰ ਨਹੀਂ ਪਤਾ ਕਿ ਭਗਤ ਸਿੰਘ ਨੇ ਸਾਰੇ ਜੀਵਨ 'ਚ ਸਿਰਫ ਇੱਕ ਹੀ ਗੋਲੀ ਚਲਾਈ ਸੀ ਜਦਕਿ ਉਹਨਾਂ ਸੈਂਕੜੇ ਕਿਤਾਬਾਂ ਵੀ ਪੜ੍ਹੀਆਂ ਜਿਨ੍ਹਾਂ ਬਾਰੇ ਨਾ ਤਾਂ ਸਾਨੂੰ ਦੱਸਿਆ ਗਿਆ ਤੇ ਨਾ ਹੀ ਅਸੀਂ ਖੁਦ ਕੋਈ ਕੋਸ਼ਿਸ਼ ਕੀਤੀ। ਉਹਨਾਂ ਕਿਹਾ ਕਿ ਜਿਨ੍ਹਾਂ ਸਮਿਆਂ ਅਤੇ ਜਿਨ੍ਹਾਂ ਹਾਲਾਤਾਂਚ ਭਗਤ ਸਿੰਘ ਤੇ ਸਾਥੀਆਂ ਨੇ ਸੰਘਰਸ਼ ਕੀਤਾ ਭਾਵ ਸਾਮਰਾਜ ਖਿਲਾਫ ਲੜਾਈ ਦਿੱਤੀ,ਅੱਜ ਉਸ ਤੋਂ ਵੀ ਵੱਧ ਤੇ ਵੱਡੀ ਫੋਰਸ ਨਾਲ ਸਾਮਰਾਜ ਲਾਗੂ ਕੀਤਾ ਜਾ ਰਿਹਾ ਹੈ। ਦੇਸ਼ ਦਾ ਕੀਮਤੀ ਸਰਮਾਇਆ ਧਨਾਢ ਲੋਕਾਂ ਨੂੰ ਕੌਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ। ਮਣੀਪੁਰ 'ਚ ਭਰਾ ਨਾਲ ਭਰਾ ਲੜਾਇਆ ਜਾ ਰਿਹਾ ਹੈ, ਜਾਤ- ਪਾਤ ਨੂੰ ਹੋਰ ਡੂੰਘਾ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਅਸੀਂ ਚੰਗੀਆ ਕਿਤਾਬਾਂ ਤੋਂ ਕੋਹਾਂ ਦੂਰ ਹੋ ਗਏ ਹਾਂ, ਸਾਡੇ ਘਰਾਂ ਵਿੱਚ ਅਖਬਾਰਾਂ ਵੀ ਆਉਣੀਆਂ ਬੰਦ ਹੋ ਗਈਆਂ ਹਨ ਜਿਨ੍ਹਾਂ ਤੋਂ ਸਾਨੂੰ ਦੇਸ਼ ਦੁਨੀਆਂ ਦੇ ਹਾਲਾਤਾਂ ਦਾ ਪਤਾ ਲਗਦਾ ਸੀ ਅਤੇ ਉਹਨਾਂ ਦੀ ਬਜਾਏ ਘਰਾਂ ਵਿੱਚ ਗੋਦੀ ਮੀਡੀਆ ਰਾਹੀਂ ਕੇਵਲ ਸਰਕਾਰੀ ਪਰਚਾਰ ਜਾਂ ਭ੍ਰਾਮਕ ਖਬਰਾਂ ਸੁਣਦੇ ਰਹੇ ਹਾਂ। ਸਾਨੂੰ ਭਗਤ ਸਿੰਘ ਵਾਂਗੂੰ ਕਿਤਾਬਾਂ ਦੇ ਲੜ੍ਹ ਲਗਣਾ ਚਾਹੀਦਾ ਹੈ। ਉਹਨਾਂ ਪਿੰਡ ਵਾਸੀਆਂ ਨੂੰ ਇਹ ਪ੍ਰੋਗਰਾਮ ਕਰਵਾਉਣ ਲਈ ਵਧਾਈ ਦਿੱਤੀ ਤੇ ਆਪਣੇ ਜੀਵਨ ਚ ਤਰਕਸ਼ੀਲ ਸੋਚ ਅਪਨਾਉਂਣ ਦਾ ਸਦਾ ਦਿੱਤਾ। ਅਖੀਰ 'ਚ ਪਰਵਾਜ਼ ਰੰਗਮੰਚ ਫਗਵਾੜਾ ਵੱਲੋਂ 'ਮਿੱਟੀ ਰੁਦਨ ਕਰੇ' ਨਾਟਕ ਖੇਡਿਆ ਗਿਆ, ਜੋ ਨਸ਼ਿਆ 'ਚ ਡੁੱਬ ਰਹੇ ਪੰਜਾਬ ਦੀ ਬਾਤ ਪਾ ਗਿਆ ਤੇ ਨਸ਼ੇ 'ਚ ਡੁੱਬੇ ਨੌਜਵਾਨ ਦੀ ਘਰਵਾਲੀ ਵੱਲੋਂ ਨਸ਼ੇੜੀ ਦੇ ਮੁੜ ਜਿੰਦਾ ਹੋਣ ਤੇ ਵੰਗਾਂ ਤੋੜਨ ਦੇ ਸੀਨ ਨੇ ਸਭ ਨੂੰ ਭਾਵੁਕ ਕਰ ਦਿੱਤਾ। ਇਸ ਮੌਕੇ ਪਿੰਡ ਟਿੱਬਾ ਦੀ ਸ਼ਹੀਦ ਉਧਮ ਸਿੰਘ ਲਾਇਬ੍ਰੇਰੀ ਵੱਲੋਂ ਕਿਤਾਬਾਂ ਦਾ ਸਟਾਲ ਲਾਇਆ ਗਿਆ, ਜਿਸ 'ਚੋ ਘਰਾਂ ਨੂੰ ਵਾਪਸ ਜਾਂਦੇ ਲੋਕਾਂ ਨੇ ਕਿਤਾਬਾਂ ਦੀ ਖਰੀਦ ਕੀਤੀ। ਇਸ ਤਰਕਸ਼ੀਲ ਮੇਲੇ ਨੂੰ ਕਾਮਯਾਬ ਕਰਨ ਲਈ ਅਰੁਣ ਸੋਫੀ ,ਸੂਬੇਦਾਰ ਮੇਜਰ ਪਰਮਜੀਤ ਸਿੰਘ,ਜਸਵਿੰਦਰ ਸਾਂਪਲਾ, ਵਿਸ਼ਵਾ ਮਿੱਤਰ ਬੰਮੀ, ਵਿਜੇ ਰਾਹੀ, ਅਰੁਣ ਸਾਂਪਲਾ, ਡਾਕਟਰ ਕਮਲਸ਼ੀਲ,ਪਰਮਜੀਤ ਨਾਰੰਗਪੁਰ,ਅਸ਼ੋਕ ਹੀਰ,ਅਗੀਨੀ ਸਾਂਪਲਾ, ਧਰਮਪ੍ਰੀਤ, ਡੇਨੀ, ਬੇਨੀ,ਅਜੇ,ਸਿਧਾਰਥ ਅਤੇ ਮਾਨਵ ਦਾ ਵਿਸ਼ੇਸ਼ ਯੋਗਦਾਨ ਰਿਹਾ।

## ਕਿਸਾਨਾਂ ਨੂੰ ਝੋਨੇ ਦੀ ਵਿਕਰੀ ਦੌਰਾਨ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ : ਚੇਅਰਮੈਨ



**ਨਵਾਂ ਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਕਿਸਾਨਾਂ ਨੂੰ ਝੋਨੇ ਦੀ ਫਸਲ ਦੀ ਖਰੀਦ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਮੰਡੀਆਂ ਵਿੱਚ ਖਰੀਦ ਲਈ ਸਾਰੇ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਕਿਸਾਨਾਂ ਨੂੰ ਕੋਈ ਦਿੱਕਤ ਨਾ ਆਵੇ। ਇਹ ਗੱਲ ਮਾਰਕਿਟ ਕਮੇਟੀ ਦੇ ਚੇਅਰਮੈਨ ਨੇ ਮਾਰਕਿਟ ਕਮੇਟੀ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਨ ਉਪਰੰਤ ਕਹੀ।

ਉਨ੍ਹਾ ਕਿਹਾ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦੀ ਅਦਾਇਗੀ ਮਿੱਥੇ ਸਮੇਂ ਅੰਦਰ ਜਾਰੀ ਕਰਵਾਉਣ ਲਈ ਵਿਸ਼ੇਸ਼ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ ਅਤੇ ਖਰੀਦ ਸੰਬੰਧੀ ਅਧਿਕਾਰੀਆਂ ਨਾਲ ਲਗਾਤਾਰ ਤਾਲਮੇਲ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਸ਼ੈਲਰ ਮਾਲਕਾਂ ਨੂੰ ਵੀ ਅਲਾਟਮੈਂਟ ਹੋ ਚੁੱਕੀ ਹੈ। ਅਧਿਕਾਰੀਆਂ ਨੂੰ ਮੰਡੀਆਂ ਵਿੱਚ ਕਿਸਾਨਾਂ ਦੇ ਪੀਣ ਵਾਲੇ ਪਾਣੀ ਅਤੇ ਬਾਥਰੂਮ ਦੇ ਮਸਲਿਆਂ ਵੱਲ ਲੋੜੀਂਦਾ ਧਿਆਨ ਦੇਣ ਲਈ ਕਿਹਾ ਗਿਆ ਹੈ। ਚੇਅਰਮੈਨ ਗਗਨ ਨੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੀ ਫਸਲ ਨੂੰ ਨਿਰਧਾਰਤ ਮਾਪਦੰਡਾਂ ਅਨੁਸਾਰ ਲਿਆਉਣ, ਤਾਂ ਜੋ ਉਨ੍ਹਾਂ ਨੂੰ ਮੰਡੀ ਵਿੱਚ ਫਸਲ ਵੇਚਣ ਵਿੱਚ ਕੋਈ ਦਿੱਕਤ ਨਾ ਆਵੇ।

ਇਸ ਦੌਰਾਨ ਅਧਿਕਾਰੀਆਂ ਨੇ ਕਿਹਾ ਕਿ ਪ੍ਰਬੰਧ ਮੁਕੰਮਲ ਹਨ ਅਤੇ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਖਰੀਦ ਸ਼ੁਰੂ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੰਬੰਧਤ ਏਜੰਸੀਆਂ ਨਾਲ ਤਾਲਮੇਲ ਕੀਤਾ ਗਿਆ ਹੈ।

# ਬੀਕਾਪੁਰ ਤੇ ਕਲੋਤਾ ਵਾਸੀਆਂ ਨੂੰ ਮਿਲਣਗੀਆਂ ਆਧੁਨਿਕ ਸਹੂਲਤਾਂ : ਹਰਜੋਤ ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਨੇ ਬੀਕਾਪੁਰ ਅੱਪਰ ਅਤੇ ਕਲੋਤਾ ਦਾ ਦੌਰਾ ਕਰਨ ਉਪਰੰਤ ਇਨ੍ਹਾਂ ਪਿੰਡਾਂ ਵਿੱਚ ਲੋੜੀਦੀਆਂ ਸਹੂਲਤਾਂ ਉਪਲੱਬਧ ਕਰਵਾਉਣ ਦਾ ਭਰੋਸਾ ਦਿੱਤਾ ਅਤੇ ਪਿੰਡਾਂ ਦੇ ਨੌਜਵਾਨਾਂ ਨੂੰ ਖੇਡਾਂ ਲਈ ਢੁੱਕਵਾ ਮਾਹੌਲ ਸਿਰਜਣ ਦੇ ਨਾਲ ਨਾਲ ਵਿਕਾਸ ਕਾਰਜਾਂ ਲਈ ਗ੍ਰਾਂਟ ਦੇਣ ਦਾ ਐਲਾਨ ਕੀਤਾ।



ਪਿੰਡ ਬੀਕਾਪੁਰ ਤੇ ਕਲੋਤਾ ਦਾ ਦੌਰਾ ਕਰਨ ਮੌਕੇ ਲੋਕਾਂ ਵੱਲੋਂ ਆਪਣੀਆਂ ਮੁਸ਼ਕਿਲਾਂ ਹੱਲ ਕਰਵਾਉਣ ਤੇ ਲੋੜੀਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦੀ ਮੰਗ ਕੈਬਨਿਟ ਮੰਤਰੀ ਅੱਗੇ ਰੱਖੀ ਗਈ,ਜਿਸ ਤੇ ਉਨ੍ਹਾਂ ਨੇ ਕਿਹਾ ਕਿ ਬੀ ਬੀ ਐੱਮ ਬੀ ਦੇ ਖਾਲੇ ਦੀ ਮੁਰੰਮਤ ਤੇ ਸਫਾਈ ਕਰਵਾਈ ਜਾਵੇਗੀ। ਉਨ੍ਹਾ ਕਿਹਾ ਕਿ ਪਿੰਡ ਵਿੱਚ ਵਿਆਹ/ਸ਼ਾਦੀਆਂ ਲਈ ਇਮਾਰਤ ਦੀ ਉਸਾਰੀ ਵਾਸਤੇ 5 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ। ਪਿੰਡਾਂ ਵਿਚ ਨਜਾਇਜ਼ ਕਬਜ਼ੇ ਦੂਰ ਕਰਵਾਏ ਜਾਣਗੇ। ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵਿਸ਼ੇਸ਼ ਉਪਰਾਲੇ ਕਰ ਰਹੀ ਹੈ, ਕਬੱਡੀ ਖਿਡਾਰੀਆਂ ਨੂੰ ਮੈਟ ਉਪਲੱਬਧ ਕਰਵਾਏ ਜਾਣਗੇ। ਬੀਕਾਪੁਰ ਅੱਪਰ ਦੇ ਸਰਕਾਰੀ ਸਕੂਲ ਦੀ ਨੁਹਾਰ ਬਦਲਣ ਲਈ ਫੰਡ ਜਾਰੀ ਕੀਤੇ ਜਾਣਗੇ। ਬੀਕਾਪੁਰ ਤੇ ਕਲੋਤਾ ਦੀਆਂ ਗਲੀਆਂ ਨਾਲੀਆਂ ਤੋਂ ਇਲਾਵਾ ਇਨ੍ਹਾਂ ਪਿੰਡਾਂ ਨੂੰ ਆਉਣ ਵਾਲੀਆਂ ਸੜਕਾਂ ਦੀ ਮੁਰੰਮਤ ਤੇ ਨਵੀਨੀਕਰਨ ਕਰਵਾਇਆ ਜਾਵੇਗਾ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਕੈਬਨਿਟ ਮੰਤਰੀ ਹਰਜੋਤ ਬੈਂਸ ਦਾ ਵਿਸੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਕਰਤਾਰ ਸਿੰਘ, ਬਲਵਿੰਦਰ ਕੌਰ ਬੈਂਸ, ਬਚਿੱਤਰ ਸਿੰਘ ਬੈਂਸ, ਜੱਗਾ ਬਹਿਲੂ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਨਤਿਨ ਸ਼ਰਮਾ, ਅੰਕੁਸ਼, ਗੁਰਮੇਲ ਸਿੰਘ, ਗੁਰਮੀਤ ਸਿੰਘ ਕਲੋਤਾ, ਸੁਖਦੇਵ ਸਿੰਘ, ਸ਼ੇਰ ਸਿੰਘ, ਗੁਰਮੁੱਖ ਸਿੰਘ, ਮੱਖਣ ਸਿੰਘ, ਬਲਦੇਵ ਸਿੰਘ, ਕੁਲਵਿੰਦਰ ਸਿੰਘ ਰਾਣਾ, ਸਰਵਣ ਸਿੰਘ, ਸਰਬਜੀਤ ਸਿੰਘ ਹਾਜ਼ਰ ਸਨ।

## 'ਸਵੱਛਤਾ ਹੀ ਸੇਵਾ' ਅਭਿਆਨ ਤਹਿਤ ਵੱਖ-ਵੱਖ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ

**ਜਲੰਧਰ (ਸੁਰਿੰਦਰ ਕੁਮਾਰ)**- ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ 2 ਅਕਤੂਬਰ ਤੱਕ ਚਲਾਏ ਜਾ ਰਹੇ 'ਸਵੱਛਤਾ ਹੀ ਸੇਵਾ' ਅਭਿਆਨ ਤਹਿਤ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ ਵੱਲੋਂ ਪੂਰੇ ਜ਼ਿਲ੍ਹੇ ਵਿੱਚ ਇਸ ਮੁਹਿੰਮ ਤਹਿਤ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਅਭਿਆਨ ਤਹਿਤ ਅੱਜ ਇੱਕ ਤਾਰੀਖ-ਇੱਕ ਘੰਟਾ ਮੁਹਿੰਮ ਨੂੰ ਮੁੱਖ ਰੱਖਦੇ ਹੋਏ ਵੱਖ-ਵੱਖ ਸਰਗਰਮੀਆਂ ਰਾਹੀਂ ਲੋਕਾਂ ਨੂੰ ਆਪਣੇ ਆਲੇ-ਦੁਆਲੇ ਨੂੰ ਸਾਫ-ਸੁਥਰਾ ਰੱਖਣ ਲਈ ਜਾਗਰੂਕ ਕੀਤਾ ਗਿਆ। ਨਿਗਰਾਨ ਇੰਜੀਨੀਅਰ, ਜਲ ਸਪਲਾਈ ਤੇ ਸੈਨੀਟੇਸ਼ਨ ਨਰਿੰਦਰ ਸਿੰਘ ਨੇ ਵਿਅਕਤੀਗਤ ਤੌਰ 'ਤੇ ਕਾਰਜਕਾਰੀ ਇੰਜੀਨੀਅਰ ਨਿਤਿਨ ਕਾਲੀਆ ਦੇ ਨਾਲ ਪਿੰਡ ਅਠੋਲਾ ਵਿਖੇ ਸਵੱਛਤਾ ਅਭਿਆਨ ਤਹਿਤ ਸਾਲਿਡ ਵੇਸਟ ਮੈਨੇਜਮੈਂਟ ਪਲਾਂਟ ਦੀ ਸਫਾਈ ਕਰਵਾਈ ਅਤੇ ਪਿੰਡ ਵਾਸੀਆ ਨੂੰ ਗਿੱਲਾ ਅਤੇ ਸੁੱਕਾ ਕੂੜਾ ਵੱਖ-ਵੱਖ ਕਰਕੇ ਪਲਾਂਟ ਵਿੱਚ ਪਾ ਕੇ ਖਾਦ ਬਣਾਉਣ ਸਬੰਧੀ ਮੁਕੰਮਲ ਜਾਣਕਾਰੀ ਦਿੱਤੀ। ਕਾਰਜਕਾਰੀ ਇੰਜੀਨੀਅਰ ਨਿਤਿਨ ਕਾਲੀਆ ਨੇ ਇਸ ਮੌਕੇ ਕੂੜੇ ਦਾ ਸਹੀ ਢੰਗ ਨਾਲ ਨਿਪਟਾਰਾ ਕਰਨ ਬਾਰੇ ਜਾਣੂ ਕਰਵਾਇਆ।

# ਅੰਤਰਰਾਸ਼ਟਰੀ ਬਜ਼ੁਰਗ ਦਿਵਸ ਮੌਕੇ ਬਜ਼ੁਰਗ ਵੋਟਰਾਂ ਦਾ ਸਨਮਾਨ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਭਾਰਤ ਚੋਣ ਕਮਿਸ਼ਨ ਵੱਲੋਂ 1 ਅਕਤੂਬਰ ਨੂੰ ਅੰਤਰਰਾਸ਼ਟਰੀ ਬਜ਼ੁਰਗ ਦਿਵਸ ਮੌਕੇ 100 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਵੋਟਰਾਂ ਨੂੰ ਸਨਮਾਨਤ ਕਰਨ ਸਬੰਧੀ ਪ੍ਰਾਪਤ ਹੋਈਆਂ ਹਦਾਇਤਾਂ ਦੇ ਮੱਦੇਨਜ਼ਰ ਅੱਜ ਵਿਧਾਨ ਸਭਾ ਹਲਕਾ 49-ਅਨੰਦਪੁਰ ਸਾਹਿਬ ਦੇ 24 ਵੋਟਰ ਜਿਨ੍ਹਾਂ ਦੀ ਉਮਰ 100 ਸਾਲ ਜਾਂ ਉਸ ਤੋਂ ਵੱਧ ਹੈ, ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਚੋਣਕਾਰ ਰਜਿਸਟ੍ਰੇਸ਼ਨ ਅਫਸਰ-ਕਮ ਉਪ ਮੰਡਲ ਮੈਜਿਸਟ੍ਰੇਟ, ਸ੍ਰੀ ਅਨੰਦਪੁਰ ਸਾਹਿਬ ਮਨਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਅੰਤਰਰਤਾਸ਼ਟਰੀ ਬਜ਼ੁਰਗ ਦਿਵਸ ਦੇ ਮੌਕੇ ਸੀਨੀਅਰ ਸਿਟੀਜ਼ਨ ਵੋਟਰਾਂ ਜਿਨਾਂ ਨੇ ਲੋਕਤੰਤਰ ਵਿੱਚ ਆਪਣੀ ਅਮੁੱਲ ਭਾਗੀਦਾਰੀ ਸਦਕਾ ਨੌਜਵਾਨ ਪੀੜ੍ਹੀ ਲਈ ਮਿਸਾਲ ਪੇਸ਼ ਕੀਤੀ ਹੈ, ਉਨ੍ਹਾਂ ਨੂੰ ਅੱਜ ਦੇ ਦਿਨ ਵਿਸ਼ੇਸ਼ ਤੌਰ 'ਤੇ ਸਨਮਾਨ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਜਿਸ ਅਧੀਨ ਵਿਧਾਨ ਸਭਾ ਹਲਕੇ ਅੰਦਰ ਕੁੱਲ 24 ਸੀਨੀਅਰ ਵੋਟਰਾਂ ਨੂੰ ਬੀ.ਐਲ.ਓਜ਼ ਰਾਹੀਂ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ ਹੈ ਉੱਥੇ ਹੀ ਐਸ.ਡੀ.ਐਮ. ਦਫਤਰ ਵਿਖੇ ਵੀ ਸੀਨੀਅਰ ਵੋਟਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਤਹਿਸੀਲਦਾਰ ਸੰਦੀਪ ਕੁਮਾਰ, ਰਣਜੀਤ ਸਿੰਘ ਐਨ.ਸੀ.ਸੀ. ਅਫਸਰ ਕਮ-ਨੋਡਲ ਅਫਸਰ ਸਵੀਪ ਅਤੇ ਜਤਿੰਦਰ ਸਿੰਘ ਇਲੈਕਸ਼ਨ ਇੰਚਾਰਜ ਹਾਜ਼ਰ ਸਨ।

# ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਹਰਸ਼ ਬੰਗਰ ਨੇ ਕੋਰਟ ਕੰਪਲੈਕਸ ਦੀ ਇਮਾਰਤ ਦਾ ਲਿਆ ਜਾਇਜ਼ਾ



**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਹਰਸ਼ ਬੰਗਰ ਨੇ ਨਵੇਂ ਬਣ ਰਹੇ ਕੋਰਟ ਕੰਪਲੈਕਸ ਦਾ ਦੌਰਾ ਕਰਕੇ ਬਣਾਈ ਜਾ ਰਹੀ ਇਮਾਰਤ ਦੇ ਕੰਮਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਤੇ ਸੈਸ਼ਨ ਜੱਜ ਕੰਵਲਜੀਤ ਸਿੰਘ ਬਾਜਵਾ, ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐਸ.ਐਸ.ਪੀ.ਡਾ. ਅਖਿਲ ਚੌਧਰੀ ਵੀ ਮੌਜੂਦ ਸਨ। ਮਾਨਯੋਗ ਜੱਜ ਹਰਸ਼ ਬੰਗਰ ਨੇ ਨਵੇਂ ਬਣ ਰਹੇ ਕੋਰਟ ਕੰਪਲੈਕਸ ਦਾ ਜਾਇਜ਼ਾ ਲੈਣ ਉਪਰੰਤ ਬਣਾਈ ਜਾ ਰਹੀ ਕੋਰਟ ਕੰਪਲੈਕਸ ਦੀ ਇਮਾਰਤ ਸਬੰਧੀ ਹੋਣ ਵਾਲੇ ਕੰਮਾਂ ਦੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਇਸ ਕੋਰਟ ਕੰਪਲੈਕਸ ਦੀ ਇਮਾਰਤ ਬਣ ਕੇ ਤਿਆਰ ਹੋ ਚੁੱਕੀ ਹੈ, ਪਰ ਇਸ ਦੇ ਅੰਦਰ ਬਹੁਤ ਸਾਰਾ ਕੰਮ ਹੋਣਾ ਹਾਲੇ ਬਾਕੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਇਮਾਰਤ ਨੂੰ ਪੂਰੀ ਤਰ੍ਹਾਂ ਤਿਆਰ ਕਰਨ ਸਬੰਧੀ ਬਣਾਈ ਗਈ ਰੂਪ-ਰੇਖਾ ਦੇ ਕੰਮਾਂ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਜਲਦ ਤੋਂ ਜਲਦ ਇਸ ਕੰਪਲੈਕਸ ਦਾ ਅਧੂਰਾ ਕੰਮ ਪੂਰਾ ਕੀਤਾ ਜਾਵੇ। ਉਨ੍ਹਾਂ ਨੇ ਇਸ ਸਬੰਧੀ ਕੋਰਟ ਕੰਪਲੈਕਸ ਵਿਖੇ ਵਿਸਥਾਰ ਦੇ ਨਾਲ ਬੈਠਕ ਵੀ ਕੀਤੀ ਅਤੇ ਅਧਿਕਾਰੀਆਂ ਨੂੰ ਨਿਰਦੇਸ਼ ਵੀ ਜਾਰੀ ਕੀਤੇ। ਇਸ ਦੌਰਾਨ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਕੋਰਟ ਕੰਪਲੈਕਸ ਦੀ ਇਮਾਰਤ ਦੇ ਹੋਣ ਵਾਲੇ ਕੰਮਾਂ ਸਬੰਧੀ ਵਿਸਥਾਰ ਦੇ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਕਰੁਨੇਸ਼ ਕੁਮਾਰ, ਪ੍ਰਿੰਸੀਪਲ ਜੱਜ ਮਿਸ ਮਨੀਸ਼ਾ ਜੈਨ, ਸਿਵਲ ਜੱਜ ਮਿਸ ਪਰਮਿੰਦਰ ਕੌਰ, ਚੀਫ ਜੂਡੀਸ਼ੀਅਲ ਮੈਜਿਸਟਰੇਟ ਸਿਵਲ ਜੱਜ ਜਗਬੀਰ ਸਿੰਘ ਮਹਿੰਦੀਰੱਤਾ, ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਕਮਲਦੀਪ ਸਿੰਘ ਧਾਲੀਵਾਲ, ਵਧੀਕਸਿਵਲ ਜੱਜ ਮਿਸ. ਕੋਪਲ ਧੰਜਲ, ਸਿਵਲ ਜੱਜ ਸਰਵੇਸ਼ ਸਿੰਘ, ਸਿਵਲ ਜੱਜ ਮਿਸ ਮੋਨਿਕਾ ਚੌਹਾਨ, ਸਬ-ਡਵੀਜ਼ਨਲ ਜੂਡੀਸ਼ੀਅਲ ਮੈਜਿਸਟਰੇਟ ਬਲਾਚੌਰ ਸੁਖਵਿੰਦਰ ਸਿੰਘ, ਸਿਵਲ ਜੱਜ ਮਿਸ. ਪੰਪਨੀਤ ਕੌਰ, ਚੇਅਰਮੈਨ ਸਥਾਈ ਲੋਕ ਅਦਾਲਤ ਬਲਵੰਤ ਸਿੰਘ ਤੋਂ ਇਲਾਵਾ ਹੋਰ ਵੀ ਸ਼ਾਮਲ ਸਨ।

## ਲਾਇਨਜ਼ ਕਲੱਬ ਵਿਸ਼ਵਾਸ ਨੇ ਸਲੱਮ ਬਸਤੀ 'ਚ ਵੰਡੇ ਫਲ

**ਫਗਵਾੜਾ ( ਰਮਨ ਸ਼ਰਮਾ)**- ਲਾਇਨਜ਼ ਇੰਟਰਨੈਸ਼ਨਲ 321-ਡੀ ਦੀ ਇਲੈਵਨ ਸਟਾਰ ਸਪੈਸ਼ਲ ਸਟੇਟਸ ਮਾਡਲ ਲਾਇਨਜ਼ ਕਲੱਬ ਫਗਵਾੜਾ ਵਿਸ਼ਵਾਸ ਵੱਲੋਂ ਸ਼ਹੀਦ ਭਗਤ ਸਿੰਘ ਦੇ 116ਵੇਂ ਜਨਮ ਦਿਨ ਮੌਕੇ ਫੂਡ ਫਾਰ ਹੰਗਰ ਪ੍ਰੋਜੈਕਟ ਤਹਿਤ ਹੁਸ਼ਿਆਰਪੁਰ ਰੋਡ 'ਤੇ ਸਥਿਤ ਝੁੱਗੀ-ਝੌਂਪੜੀਆਂ 'ਚ ਔਰਤਾਂ, ਮਰਦਾਂ ਅਤੇ ਬੱਚਿਆਂ ਨੂੰ ਫਲ ਵੰਡੇ ਗਏ। ਕਲੱਬ ਪ੍ਰਧਾਨ ਲਾਇਨ ਇੰਦਰਜੀਤ ਸਿੰਘ ਦੀ ਅਗਵਾਈ ਹੇਠ ਕਰਵਾਏ ਸਮਾਗਮ ਦੌਰਾਨ ਕਲੱਬ ਮੈਂਬਰਾਂ ਨੇ ਸ਼ਹੀਦ ਭਗਤ ਸਿੰਘ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਕਲੱਬ ਸਕੱਤਰ ਲਾਇਨ ਸੁਸ਼ੀਲ ਸ਼ਰਮਾ ਨੇ ਦੱਸਿਆ ਕਿ ਸੰਜੋਗ ਨਾਲ ਇਸ ਪ੍ਰੋਜੈਕਟ ਦੇ ਡਾਇਰੈਕਟਰ ਲਾਇਨ ਬਲਵਿੰਦਰ ਸਿੰਘ ਦੇ ਪੁੱਤਰ ਪ੍ਰਭਜੋਤ ਸਿੰਘ ਦਾ ਵੀ ਜਨਮ ਦਿਨ ਹੈ। ਜਿਸ 'ਤੇ ਸਮੂਹ ਮੈਂਬਰਾਂ ਨੇ ਪ੍ਰਭਜੋਤ ਸਿੰਘ ਦੇ ਜਨਮ ਦਿਨ ਦੀ ਵਧਾਈ ਵੀ ਦਿੱਤੀ। ਕਲੱਬ ਪ੍ਰਧਾਨ ਲਾਇਨ ਇੰਦਰਜੀਤ ਸਿੰਘ ਨੇ ਸਰਦਾਰ ਭਗਤ ਸਿੰਘ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸਿਰਫ਼ 23 ਸਾਲ ਦੀ ਛੋਟੀ ਉਮਰ ਵਿੱਚ ਹੀ ਦੇਸ਼ ਲਈ ਜ਼ਿੰਦਗੀ ਦੀ ਕੁਰਬਾਨੀ ਦਿੱਤੀ ਸੀ। ਸਕੱਤਰ ਸੁਸ਼ੀਲ ਸ਼ਰਮਾ ਨੇ ਸਲੱਮ ਏਰੀਏ ਦੇ ਬੱਚਿਆਂ ਨੂੰ ਸ਼ਹੀਦ ਭਗਤ ਸਿੰਘ ਬਾਰੇ ਅਹਿਮ ਜਾਣਕਾਰੀ ਦਿੱਤੀ। ਔਰਤਾਂ ਨੇ ਨਸ਼ਿਆਂ ਦੀ ਰੋਕਥਾਮ ਵਿੱਚ ਕਲੱਬ ਨੂੰ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ ਲਾਇਨ ਹਰਵਿੰਦਰ ਸਿੰਘ, ਲਾਇਨ ਦੀਪਕ ਕਾਮਰਾ, ਲਾਇਨ ਚੇਤਨ ਲੇਖੀ, ਲਾਇਨ ਪ੍ਰਦੀਪ ਸਿੰਘ, ਲਾਇਨ ਰਵੀ ਮੰਗਲ, ਲਾਇਨ ਸੁਖਜੀਤ ਸਿੰਘ ਸਮਰਾ ਆਦਿ ਹਾਜ਼ਰ ਸਨ।

## ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਆਰ ਸੀ ਐੱਫ ਦਾ ਨਤੀਜਾ 100 ਫੀਸਦੀ



**ਕਪੂਰਥਲਾ ( ਹਨੀ )**-ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਨੇ ਦੱਸਿਆ ਕਿ ਸਕੂਲ ਦਾ ਫਸਟ ਟਰਮ ਦਾ ਨਤੀਜਾ ਸਾਨਦਾਰ ਰਿਹਾ । ਉਨ੍ਹਾਂ ਦੱਸਿਆ ਕਿ ਨਰਸਰੀ ਤੋਂ ਬਾਰ੍ਹਵੀਂ ਜਮਾਤ ਦਾ ਫਸਟ ਟਰਮ ਦਾ ਨਤੀਜਾ 100 ਫੀਸਦੀ ਰਿਹਾ ਅਤੇ ਸਾਰੀਆਂ ਜਮਾਤਾਂ ਦੇ ਵਿਦਿਆਰਥੀ ਬਹੁਤ ਹੀ ਵਧੀਆ ਅੰਕ ਲੈ ਕੇ ਪਾਸ ਹੋਏ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨੂੰ ਫਸਟ ਟਰਮ ਦੇ ਸ਼ਾਨਦਾਰ ਨਤੀਜੇ ਲਈ ਵਧਾਈ ਦਿੱਤੀ। ਇਸ ਮੌਕੇ ਮੈਡਮ ਨਰਿੰਦਰ ਪੱਤੜ, ਰਜਨੀ ਅਰੋੜਾ, ਸ਼ਿੰਦਰਪਾਲ ਕੌਰ, ਸੁਮਨਦੀਪ ਕੌਰ ਆਦਿ ਸਟਾਫ਼ ਮੈਂਬਰ ਹਾਜ਼ਰ ਸੀ ।

## ਸਵੱਛਤਾ ਹੀ ਸੇਵਾ ਮਿਸ਼ਨ ਤਹਿਤ ਸੀ.ਐਚ.ਸੀ ਸਿੰਘਪੁਰ 'ਚ ਸਫਾਈ ਮੁਹਿੰਮ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਆਯੁਸ਼ਮਾਨ ਭਵ ਮੁਹਿੰਮ 17 ਸਤੰਬਰ ਤੋਂ 2 ਅਕਤੂਬਰ ਤੱਕ ਤੇ 1 ਅਕਤੂਬਰ ਨੂੰ ਇੱਕ ਤਾਰੀਖ, ਇੱਕ ਘੰਟਾ, ਇੱਕ ਸਾਥ ਨਾਂਅ ਹੇਠ ਕਰਦਿਆਂ ਸਫਾਈ ਮੁਹਿੰਮ ਸਿਵਲ ਸਰਜਨ ਰੂਪਨਗਰ ਡਾ.ਪਰਮਿੰਦਰ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਾਕਟਰ ਵਿਧਾਨ ਚੰਦਰ ਦੀ ਅਗਵਾਈ ਬਲਾਕ ਨੂਰਪੁਰ ਬੇਦੀ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਿਖੇ ਚਲਾਈ ਗਈ। ਅਧਿਕਾਰੀਆਂ, ਕਰਮਚਾਰੀਆਂ ਨੇ ਸਵੱਛਤਾ ਹੀ ਸੇਵਾ ਨੂੰ ਅਪਨਾਉਂਦੇ ਹੋਏ ਇੱਕ ਘੰਟਾ ਸਾਫ ਸਫਾਈ ਕੀਤੀ ਗਈ, ਜਿਸ ਦੌਰਾਨ ਉਨ੍ਹਾਂ ਵੱਲੋਂ ਹਸਪਤਾਲ ਦੇ ਪਾਰਕ, ਚਾਰਦੀਵਾਰੀ ਦੀਆਂ ਕੰਧਾਂ ਦੇ ਨਾਲ ਕੂੜਾ ਕਰਕਟ, ਘਾਹ ਬੂਟੀ ਅਤੇ ਪਲਾਸਟਿਕ ਦੀਆਂ ਵਸਤਾਂ ਵਾਰਡਾਂ, ਲੈਬੋਰਟਰੀਆਂ ਅਤੇ ਦਫਤਰਾਂ ਵਿਖੇ ਵੀ ਸਾਫ ਸਫਾਈ ਕੀਤੀ ਗਈ। ਡਾ.ਵਿਧਾਨ ਚੰਦਰ ਨੇ ਕਿਹਾ ਕਿ ਸਾਨੂੰ ਆਪਣਾ ਆਲਾ ਦੁਆਲਾ ਸਾਫ ਰੱਖਣਾ ਚਾਹੀਦਾ ਤਾਂ ਹੀ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਇਸ ਮੌਕੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਸ਼ਮੂਲੀਅਤ ਕੀਤੀ।

## ਜਾਗਰਣ ਕਮੇਟੀ ਮੁੱਗੋਵਾਲ ਵੱਲੋਂ ਜਾਗਰਣ ਕਰਵਾਉਣ ਦੀਆਂ ਤਿਆਰੀਆਂ ਸ਼ੁਰੂ

ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ)-ਮਹਾਂਸਤੀ ਜਾਗਰਣ ਕਮੇਟੀ ਮੁੱਗੋਵਾਲ ਵੱਲੋ ਮਹਾਂਸਤੀ ਦਾਦੀ ਰਾਣੀ ਜੀ ਨੂੰ ਸਮਰਪਤ ਸਮੂਹ ਐਨ.ਆਰ.ਆਈ. ਭੈਣ ਭਰਾਵਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪੰਜਵਾਂ ਵਿਸ਼ਾਲ ਜਾਗਰਣ 15 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਮੈਂਬਰ ਮਾਸਟਰ ਸੁਰਿੰਦਰ ਸ਼ੈਂਕੀ ਨੇ ਦੱਸਿਆ ਕਿ ਇਸ ਦਿਨ 2:00 ਵਜੇ ਭੰਡਾਰਾ ਹੋਵੇਗਾ 8:00 ਵਜੇ ਜੋਤੀ ਪ੍ਰਚੰਡ ਕੀਤੀ ਜਾਵੇਗੀ ਰਾਤ ਨੂੰ 9 ਤੋਂ ਸਵੇਰੇ 5 ਵਜੇ ਤਕ ਜਾਗਰਣ ਹੋਵੇਗਾ। ਜਾਗਰਣ ਵਿੱਚ ਕਾਕਾ ਮਹਿਬੂਬ ਅਤੇ ਸੂਫੀ ਸਿੰਗਰ ਕਾਸ਼ੀ ਨਾਥ ਮਾਤਾ ਦੀ ਮਹਿਮਾ ਦਾ ਗੁਣ ਗਾਇਨ ਕਰਨਗੇ। ਗਾਇਕ ਚੰਦਨ ਗੁਜਰਾਲ ਤਾਰਾ ਰਾਣੀ ਦੀ ਕਥਾ ਕਰਨਗੇ। ਪਵਿੱਤਰ ਜੋਤ ਮਾਂ ਜਵਾਲਾ ਜੀ ਤੋਂ ਲਿਆਂਦੀ ਜਾਵੇਗੀ।

## ਸ਼ਹਿਰ ਦੇ ਵੱਖ-ਵੱਖ ਖੇਤਰਾਂ 'ਚ ਸਫਾਈ ਕਰਵਾਈ

**ਫਗਵਾੜਾ ( ਜਸਵਿੰਦਰ ਢੱਡਾ)** ਨਗਰ ਨਿਗਮ ਫਗਵਾੜਾ ਦੇ ਕਮਿਸ਼ਨਰ ਅਮਿਤ ਕੁਮਾਰ ਪੰਚਾਲ, ਆਈ.ਏ.ਐੱਸ. ਨੇ ਸਵੱਛ ਭਾਰਤ ਮਿਸ਼ਨ ਅਧੀਨ ਇੱਕ ਤਾਰੀਖ ਇੱਕ ਘੰਟਾ ਇੱਕ ਸਾਥ ਸਫਾਈ ਮੁਹਿੰਮ ਪੂਰੇ ਫਗਵਾੜਾ ਸ਼ਹਿਰ ਵਿੱਚ ਚਲਾਈ ਗਈ ਅਤੇ ਸ਼ਹਿਰ ਦੇ ਵੱਖ ਵੱਖ ਖੇਤਰਾਂ ਵਿੱਚ ਸਫਾਈ ਕਰਵਾਈ ਗਈ। ਇਸ ਮੁਹਿੰਮ ਵਿੱਚ ਫਗਵਾੜਾ ਸ਼ਹਿਰ ਦੀਆਂ ਪ੍ਰਮੁੱਖ ਸ਼ਖ਼ਸ਼ੀਅਤਾਂ, ਐੱਨ.ਜੀ.ਓਜ਼., ਸਿਵਲ ਸੁਸਾਇਟੀਜ਼, ਨਗਰ ਨਿਗਮ ਦੇ ਸਫਾਈ ਕਰਮਚਾਰੀ ਅਤੇ ਆਮ ਪਬਲਿਕ ਵੱਲੋਂ ਵੱਧ ਚੜ੍ਹ ਕੇ ਸਫਾਈ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਸਹਿਯੋਗ ਦਿੱਤਾ ਗਿਆ।

# ਭਾਈ ਲਾਲੋ ਦੇ ਜਨਮ ਦਿਹਾੜੇ ਨੂੰ ਸਮਰਪਤ ਗੁਰਦੁਆਰਾ ਟਿੱਬਾ ਸਾਹਿਬ ਵਿਖੇ ਗੁਰਮਤਿ ਸਮਾਗਮ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸੇਵਕ ਬ੍ਰਹਮ ਗਿਆਨੀ ਭਾਈ ਲਾਲੋ ਜੀ ਦੇ 572ਵੇਂ ਜਨਮ ਦਿਹਾੜੇ ਨੂੰ ਸਮਰਪਤ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਰਜਿ ਹੁਸ਼ਿਆਰਪੁਰ,ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਮੁਹੱਲਾ ਟਿੱਬਾ ਸਾਹਿਬ ਹੁਸ਼ਿਆਰਪੁਰ ਵਿਖੇ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸੰਬੰਧੀ ਸਤਵੰਤ ਸਿੰਘ ਸਿਆਣ ਸੂਬਾ ਜਾਇੰਟ ਸਕੱਤਰ ਬੁੱਧੀਜੀਵੀ ਸੈੱਲ ਨੇ ਦੱਸਿਆ ਕਿ ਇਸ ਮੌਕੇ ਉਚੇਚੇ ਤੌਰ 'ਤੇ ਬ੍ਰਹਮ ਸ਼ੰਕਰ ਜਿੰਪਾ ਕੈਬਨਿਟ ਮੰਤਰੀ ਪੰਜਾਬ, ਮੇਅਰ ਸੁਰਿੰਦਰ ਸ਼ਿੰਦਾ, ਡਿਪਟੀ ਮੇਅਰ ਰਣਜੀਤਾ ਚੌਧਰੀ ਨੇ ਸ਼ਿਰਕਤ ਕੀਤੀ। ਇਸ ਸਮਾਗਮ ਦੌਰਾਨ ਭਾਈ ਸਤਿੰਦਰ ਸਿੰਘ ਆਲਮ ਹਜ਼ੂਰੀ ਰਾਗੀ,ਸੰਤ ਬਾਬਾ ਰਣਜੀਤ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਸ਼ਹੀਦ ਸਿੰਘਾਂ ਵੱਲੋਂ ਧੁਰ ਕੀ ਬਾਣੀ ਦੇ ਅੰਮ੍ਰਿਤਮਈ ਕੀਰਤਨ ਅਤੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। ਗਿਆਨੀ ਜਸਵਿੰਦਰ ਸਿੰਘ ਪਰਮਾਰ ਨੇ ਬ੍ਰਹਮ ਗਿਆਨੀ ਭਾਈ ਲਾਲੋ ਜੀ ਦੇ ਜੀਵਨ ਇਤਿਹਾਸ ਅਤੇ ਵਿਚਾਰਧਾਰਾ ਦੀ ਸਾਂਝ ਪਾਈ। ਇਸ ਮੌਕੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਭਾਈ ਲਾਲੋ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਅੱਜ ਦੇ ਸਮਾਜ ਵਿੱਚ ਸਾਨੂੰ ਭਾਈ ਲਾਲੋ ਵਰਗੇ ਧਰਮ ਦੀ ਕਿਰਤ ਕਰਨ ਵਾਲੇ ਵੀ ਮਿਲ ਜਾਣਗੇ ਅਤੇ ਮਲਿਕ ਭਾਗੋ ਵਰਗੇ ਗਰੀਬਾਂ ਨੂੰ ਲੁੱਟ ਖਸੁੱਟ ਕਰਕੇ ਹਰਾਮ ਦੀ ਕਮਾਈ ਵਾਲੇ ਵੀ ਮਿਲ ਜਾਣਗੇ ਪਰ ਸਾਨੂੰ ਕੇਵਲ ਧਰਮ ਦੀ ਕਮਾਈ ਕਰਨ ਵੱਲ ਹੀ ਧਿਆਨ ਦੇਣਾ ਚਾਹੀਦਾ ਹੈ। ਇਹੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਵੀ ਹੈ। ਇਸ ਮੌਕੇ ਕੈਬਨਿਟ ਮੰਤਰੀ ਜਿੰਪਾ ਨੇ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਰਜਿ ਨੂੰ ਮੁਹੱਲੇ ਵਿੱਚ ਜਿੰਮ ਲਾਉਣ ਦਾ ਵੀ ਐਲਾਨ ਕੀਤਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ, ਮੇਅਰ ਸੁਰਿੰਦਰ ਸ਼ਿੰਦਾ, ਰਣਜੀਤਾ ਚੌਧਰੀ ਡਿਪਟੀ ਮੇਅਰ ਅਤੇ ਹੋਰ ਸ਼ਖ਼ਸੀਅਤਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ। ਸਮਾਗਮ 'ਚ ਹਰਦੇਵ ਸਿੰਘ ਕੌਂਸਲ ਪ੍ਰਧਾਨ ਆਰ ਐੱਸ ਓ,ਬਾਬਾ ਪਰਮਿੰਦਰ ਸਿੰਘ ਪਨੇਸਰ ਮਿਰਜ਼ਾਪੁਰ ਧਾਰੀਵਾਲ, ਪਰਮਜੀਤ ਸਿੰਘ ਕਲਿਆਣ, ਰਵਿੰਦਰ ਸਿੰਘ ਚੱਢਾ, ਅਮਰਜੀਤ ਸਿੰਘ ਆਸੀ, ਅਵਤਾਰ ਸਿੰਘ ਸੰਧੂ, ਅਜੀਤ ਸਿੰਘ ਭੋਗਲ, ਕੈਪਟਨ ਹਰਭਜਨ ਸਿੰਘ, ਜਸਪ੍ਰੀਤ ਸਿੰਘ ਜੱਸੀ ਹੁੰਦਲ, ਮਨਮੀਤ ਕੌਰ ਤੁਲੀ ਕੌਂਸਲਰ, ਸਰਬਜੀਤ ਸਿੰਘ ਬਡਵਾਲ ਚੇਅਰਮੈਨ ਮੀਰੀ ਪੀਰੀ ਸੇਵਾ ਸਿਮਰਨ ਕਲੱਬ, ਹਰਜਿੰਦਰ ਸਿੰਘ ਵਿਰਦੀ, ਲਵਲੀ ਪਹਿਲਵਾਨ, ਸਰਬਜੀਤ ਸਿੰਘ ਭੰਬਰਾ, ਗੁਰਭਗਤ ਸਿੰਘ ਤੁਲੀ ਆਦਿ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ । ਭੋਗ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ ।

# ਆਪ 'ਚ ਵੱਡੀ ਗਿਣਤੀ 'ਚ ਕਈ ਪਿੰਡਾਂ ਦੇ ਲੋਕ ਹੋਏ ਸ਼ਾਮਲ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਕੋਟ ਫਤੂਹੀ ਵਿਖੇ ਆਮ ਆਦਮੀ ਪਾਰਟੀ ਦੀ ਮੀਟਿੰਗ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਕਸਬਾ ਕੋਟ ਫਤੂਹੀ ਵਿਖੇ ਮੀਟਿੰਗ ਹੋਈ। ਜਿਸ ਵਿੱਚ ਵਿਸੇਸ ਤੌਰ ਤੇ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਇੰਚਾਰਜ ਅਤੇ ਪੰਜਾਬ ਸਰਕਾਰ ਦੇ ਚੇਅਰਮੈਨ ਹਰਮਿੰਦਰ ਸਿੰਘ ਸੰਧੂ ਪਹੁੰਚੇ ਅਤੇ ਆਮ ਆਦਮੀ ਪਾਰਟੀ ਆਗੂ ਤਰੁਣ ਅਰੋੜਾ ਤੇ ਸੱਤਵੀਰ ਸਿੰਘ ਸੱਤਾ ਦੇ ਯਤਨਾਂ ਸਦਕਾ ਲਗਭਗ 10 ਪਿੰਡਾਂ ਦੇ ਵਿਅਕਤੀਆਂ ਨੇ ਭਾਜਪਾ ਕਾਂਗਰਸ ਅਤੇ ਹੋਰ ਪਾਰਟੀਆਂ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਵਾਈਸ ਪ੍ਰਧਾਨ ਕਿਸਾਨ ਜਸਵੀਰ ਸਿੰਘ ਜੱਲੋਵਾਲ, ਸੀਨੀਅਰ ਆਗੂ ਲਵਲੀ ਕੋਟ, ਹਰਦੀਪ ਸਿੰਘ ਲੌਂਗੀਆ, ਗਗਨਦੀਪ ਸਿੰਘ ਜਿ਼ਲ੍ਹਾ ਪਰਿਸਦ ਮੈਂਬਰ, ਬੂਟਾ ਸਿੰਘ ਮੋਗੋ ਪੱਟੀ ਅਤੇ ਹੋਰ ਵੀ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਾਜ਼ਰ ਸਨ। ਚੇਅਰਮੈਨ ਹਰਮਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਜੋ ਵੀ ਚੋਣਾਂ ਦੌਰਾਨ ਇਲਾਕੇ ਵਿੱਚ ਵਾਅਦੇ ਕੀਤੇ ਗਏ ਸਨ ਉਨਾਂ ਨੂੰ ਹੌਲੀ ਹੌਲੀ ਪੂਰਾ ਕੀਤਾ ਜਾ ਰਿਹਾ ਹੈ। ਸੰਧੂ ਨੇ ਕਿਹਾ ਕਿ ਜੋ ਅੱਜ ਆਮ ਆਦਮੀ ਪਾਰਟੀ ਦੇ ਪਰਵਾਰ ਵਿੱਚ ਸਾਮਿਲ ਹੋਏ ਹਨ ਉਨ੍ਹਾਂ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਆਮ ਆਗੂ ਤਰੁਣ ਅਰੋੜਾ ਨੇ ਕਿਹਾ ਕਿ ਇਸੇ ਤਰ੍ਹਾਂ ਹੀ ਪਿੰਡ ਪਿੰਡ ਜਾ ਕੇ ਪਾਰਟੀ ਦਾ ਪ੍ਰਚਾਰ ਕੀਤਾ ਜਾਵੇਗਾ ਅਤੇ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਹਰ ਇੱਕ ਵਿਅਕਤੀ ਤੱਕ ਸਰਕਾਰ ਵੱਲੋਂ ਚਲਾਈਆਂ ਹੋਈਆਂ ਯੋਜਨਾ ਦਾ ਲਾਭ ਪਹੁੰਚਾਇਆ ਜਾਵੇਗਾ । ਇਸ ਮੌਕੇ ਆਏ ਹੋਏ ਸੱਜਣਾਂ ਦਾ ਤਰੁਣ ਅਰੋੜਾ ਨੇ ਧੰਨਵਾਦ ਕੀਤਾ।

# ਪੰਡਤ ਸ਼ਰਧਾ ਰਾਮ ਫਿਲੌਰੀ ਦਾ ਜਨਮ ਦਿਨ ਮਨਾਇਆ



**ਫਿਲੌਰ (ਨਿਰਮਲ)** ਵਿਸ਼ਵ ਪ੍ਰਸਿੱਧ ਆਰਤੀ ਓਮ ਜੈ ਜਗਦੀਸ਼ ਹਰੇ ਦੇ ਰਚੇਤਾ, ਸਨਾਤਨੀ ਪ੍ਰਚਾਰਕ, ਸਵਤੰਤਰਤਾ ਸੈਨਾਨੀ, ਸਮਾਜ ਸੁਧਾਰਕ, ਹਿੰਦੀ ਦੇ ਪਹਿਲੇ ਨਾਵਲਕਾਰ ਪੰਡਿਤ ਸ਼ਰਧਾ ਰਾਮ ਫਿਲੌਰ ਦਾ 186ਵਾਂ ਜਨਮ ਦਿਨ 30 ਸਤੰਬਰ ਨੂੰ ਧੂਮ ਧਾਮ ਅਤੇ ਸ਼ਰਧਾ ਨਾਲ ਪੰਡਿਤ ਜੀ ਦੇ ਨਵਨਿਰਮਿਤ ਸਮਾਰਕ ਵਿਖੇ ਨੇੜੇ ਨਵਾਂਸ਼ਹਿਰ ਬੱਸ ਸਟੈਂਡ ਫਿਲੌਰ ਵਿਖੇ ਪੰਡਿਤ ਸ਼ਰਧਾ ਰਾਮ ਫਿਲੌਰੀ ਚੈਰੀਟੇਬਲ ਟਰੱਸਟ ਵੱਲੋਂ ਮਨਾਇਆ ਗਿਆ । ਪੰਡਿਤ ਸ਼ਰਧਾ ਰਾਮ ਫਿਲੌਰੀ ਨੇ ਨਾ ਸਿਰਫ ਆਰਤੀ ਲਿਖੀ ਅਤੇ ਗਾਇਨ ਵੀ ਆਪ ਕੀਤਾ, 22 ਕਿਤਾਬਾਂ ਵੀ ਸਮਾਜ ਨੂੰ ਸਮਰਪਤ ਕੀਤੀਆਂ। ਪੰਡਿਤ ਸ਼ਰਧਾ ਰਾਮ ਫਿਲੌਰੀ ਚੈਰੀਟੇਬਲ ਟਰਸਟ ਇਹ ਸੁਨਿਸਚਿਤ ਕੀਤਾ ਕਿ ਉਹ ਆਉਣ ਵਾਲੇ ਸਾਲਾਂ ਵਿੱਚ ਸਾਰੀਆਂ ਕਿਤਾਬਾਂ ਪ੍ਰਕਾਸ਼ਤ ਕਰਨਗੇ ਅਤੇ ਇਸ ਨੂੰ ਸਾਰੇ ਸਕੂਲ ਅਤੇ ਸੰਸਾਰ ਵਿੱਚ ਮੁਫਤ ਵੰਡੇਗਾ ਤਾਂ ਜੋ ਆਉਣ ਵਾਲੀ ਪੀੜ੍ਹੀ ਪੰਡਿਤ ਸ਼ਰਧਾ ਰਾਮ ਫਿਲੌਰੀ ਦੀ ਵਿਚਾਰਧਾਰਾ ਤੋਂ ਜਾਣੂ ਹੋ ਸਕੇ। ਹੋਰਨਾਂ ਤੋਂ ਇਲਾਵਾ ਇਸ ਸਮਾਗਮ 'ਚ ਰਾਮ ਗੋਪਾਲ ਆਰ.ਐਸ.ਐਸ ਪੰਜਾਬ ਦੇ ਪ੍ਰਧਾਨ, ਪ੍ਰੇਮ ਕੁਮਾਰ ਪ੍ਰਿੰਸੀਪਲ ਹਲਕਾ ਇੰਚਾਰਜ ਆਮ ਆਦਮੀ ਪਾਰਟੀ ਫਿਲੌਰ, ਮਹਿੰਦਰ ਪਾਲ ਪ੍ਰਧਾਨ ਨਗਰ ਕੌਂਸਿਲ ਫਿਲੌਰ , ਵੈਭਵ ਸ਼ਰਮਾ (ਐਮ. ਸੀ ), ਸੋਨੂੰ ਸ਼ਰਮਾ ਤ੍ਰਿਮੋਹਨ, ਮਾਸਟਰ ਚੰਦਰ ਮੋਹਨ, ਵਿਜੈ ਕੁਮਾਰ ਬਿੱਲਾ, ਨਰਿੰਦਰ ਗੋਇਲ ਪੂਰਵ ਪ੍ਰਧਾਨ ਨਗਰ ਕੌਂਸਿਲ ਫਿਲੌਰ, ਪਰਮਜੀਤ ਭਾਰਤੀ (ਐਮ. ਸੀ ), ਸੋਨੂੰ ਪੰਮਾ , ਵਿਪਨ ਚੌਧਰੀ, ਪ੍ਰਦੀਪ ਦੁਸਾਂਝ, ਰਾਕੇਸ਼ ਕਾਲੀਆ (ਐਮ. ਸੀ ), ਸੁਰਿੰਦਰ ਡਾਵਰ, ਭਾਸਕਰ ਲੂਮਸ ਅਤੇ ਪ੍ਰੈੱਸ ਕਲੱਬ ,ਐਮ ਸੀ ਸਾਹਿਬਾਨ ਅਤੇ ਹੋਰ ਬਹੁਤ ਸਾਰੇ ਮੋਹਤਬਰ ਸੱਜਣਾਂ ਨੇ ਹਿੱਸਾ ਲਿਆ। ਸਮਾਰੋਹ ਦੇ ਸ਼ੁਰੂਆਤ ਵਿੱਚ ਪੰਡਿਤ ਜੀ ਨੂੰ ਫੁੱਲ ਮਾਲਾਵਾਂ ਅਰਪਿਤ ਕੀਤੀਆਂ ਗਈਆਂ ਉਪਰੰਤ ਹਵਨ ਕੀਤਾ ਗਿਆ। ਪੰਡਿਤ ਜੀ ਦੁਆਰਾ ਲਿਖੀ ਗਈ ਆਰਤੀ ਦਾ ਗਾਇਨ ਕੀਤਾ ਗਿਆ ਅਤੇ ਝੰਡਾ ਚੜ੍ਹਾਉਣ ਦੀ ਰਸਮ ਕੀਤੀ ਗਈ। ਅੰਤ ਵਿੱਚ ਆਏ ਹੋਏ ਸਾਰੇ ਮਹਿਮਾਨਾਂ ਦਾ ਭੁਵੇਸ ਸ਼ਰਮਾ, ਰਿੰਕੂ ਪਾਸੀ ਦੁਆਰਾ ਧੰਨਵਾਦ ਕੀਤਾ ਗਿਆ।

# ਅਵਿਨਾਸ਼ ਰਾਏ ਖੰਨਾ ਦੀ ਅਗਵਾਈ ਹੇਠ ਚੱਲਿਆ ਸਵੱਛਤਾ ਅਭਿਆਨ



**ਮਾਹਿਲਪੁਰ (ਸਫਰੀ)**- ਮਹਾਤਮਾ ਗਾਂਧੀ ਜੀ ਦੀ 154ਵੀਂ ਜੈਅੰਤੀ 'ਤੇ ਰਾਸ਼ਟਰੀ ਪੱਧਰ ਦਾ ਵਿਸ਼ੇਸ਼ ਸਵੱਛ ਅਭਿਆਨ ਇੱਕ ਤਾਰੀਖ, ਇੱਕ ਘੰਟਾ ਇੱਕ ਨਾਲ ਸਵੱਛਤਾ, ਅਵਿਨਾਸ਼ ਰਾਏ ਖੰਨਾ ਭਾਜਪਾ ਪ੍ਰਭਾਵੀ ਹਿਮਾਚਲ ਪ੍ਰਦੇਸ ਪੂਰਬ ਸੰਸਦ ਦੀ ਅਗਵਾਈ ਵਿੱਚ ਡੇਰਾ ਬਾਪੂ ਗੰਗਾ ਦਾਸ ਜੀ ਮਾਹਿਲਪੁਰ ਵਿੱਚ ਚਲਾਇਆ ਗਿਆ। ਇਸ ਅਭਿਆਨ ਦੌਰਾਨ ਕਸਬਾ ਮਾਹਿਲਪੁਰ ਤੋਂ ਸਵੇਰੇ ਦਸ ਵਜੇ ਤੋਂ ਇਕ ਘੰਟਾ ਸਵੱਛ ਅਭਿਆਨ ਚਲਾਇਆ, ਜਿਸ ਵਿੱਚ ਇਲਾਕੇ ਦੀਆਂ ਨਾਮਾਵਰ ਸ਼ਖ਼ਸੀਅਤਾਂ ਨੇ ਹਿੱਸਾ ਲਿਆ। ਇਸ ਮੌਕੇ ਅਵਿਨਾਸ਼ ਰਾਏ ਖੰਨਾ ਨੇ ਕਿਹਾ ਕਿ ਇਸ ਅਭਿਆਨ ਦਾ ਮੁੱਖ ਉਦੇਸ਼ ਲੋਕਾਂ ਨੂੰ ਸਵੱਛਤਾ ਲਈ ਜਾਗਰੂਕ ਕਰਨਾ ਹੈ। ਇਸ ਅਭਿਆਨ ਵਿੱਚ ਲੋਕਾਂ ਨੂੰ ਪੂਰੀ ਤਰ੍ਹਾਂ ਸਫਾਈ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਅਮਰਜੀਤ ਸਿੰਘ ਭਿੰਦਾ ਜ਼ਿਲ੍ਹਾ ਉਪ ਪ੍ਰਧਾਨ ਭਾਜਪਾ, ਨਰੇਸ਼ ਕੁਮਾਰ ਲਵਲੀ ਪ੍ਰਧਾਨ ਦੁਕਾਨਦਾਰ ਯੂਨੀਅਨ ਮਾਹਿਲਪੁਰ , ਮਨਦੀਪ ਸਿੰਘ ਮੰਗਾ ਮੁੱਖ ਸੇਵਾਦਾਰ ਡੇਰਾ ਬਾਪੂ ਗੰਗਾ ਦਾਸ, ਬਿਕੀ ਅਗਨੀਹੋਤਰੀ, ਮਾਸਟਰ ਅੱਛਰ ਕੁਮਾਰ ਜੋਸੀ ਮੰਡਲ ਪ੍ਰਧਾਨ ਭਾਜਪਾ , ਅਸ਼ੋਕ ਬਾਲੀ, ਅਨਿਲ ਕੁਮਾਰ ਕਾਲਾ, ਜੋਗਿੰਦਰ ਪਾਲ ਪਿੰਕੀ, ਸੀਤਾ ਰਾਮ, ਰਾਜ ਕੁਮਾਰ, ਰਵੀ ਖੜੌਦੀ, ਅਨੁਰਾਗ ਹਾਂਡਾ, ਬਲਵੀਰ ਸਿੰਘ ਮੰਡੇਰ, ਮਹੇਸ ਕੁਮਾਰ ਮਿੱਟੂ, ਭੁਪਿੰਦਰ ਮਾਜਰਾ, ਕਰਣ ਗੋਂਦਪੁਰ, ਦਲੀਪ ਅਗਨੀਹੋਤਰੀ, ਰਮਨਦੀਪ ਜੋਸੀ, ਸਰੋਜ ਬਾਲਾ ਅਤੇ ਰੇਸ਼ਮ ਸਿੰਘ ਹਾਜ਼ਰ ਸਨ।

# ਕਰਤਾਰਪੁਰ ਸਿਵਲ ਹਸਪਤਾਲ ਦਾ ਬੁਨਿਆਦੀ ਢਾਂਚਾ ਹੋਵੇਗਾ ਅਪਗ੍ਰੇਡ : ਸਥਾਨਕ ਸਰਕਾਰਾਂ ਮੰਤਰੀ

**ਜਲੰਧਰ (ਸੁਰਿੰਦਰ ਕੁਮਾਰ)**-ਕੈਬਨਿਟ ਮੰਤਰੀ ਬਲਕਾਰ ਸਿੰਘ ਨੇ ਐਤਵਾਰ ਨੂੰ ਦੱਸਿਆ ਕਿ ਕਰਤਾਰਪੁਰ ਕਸਬੇ 'ਚ ਸਰਕਾਰੀ ਸਿਹਤ ਸਹੂਲਤਾਂ ਨੂੰ ਹੁਲਾਰਾ ਦੇਣ ਲਈ ਪੰਜਾਬ ਸਰਕਾਰ ਵੱਲੋਂ ਇਥੋਂ ਦੇ ਮੌਜੂਦਾ ਸਿਵਲ ਹਸਪਤਾਲ ਦੀ ਇਮਾਰਤ ਦੇ ਮੁਕੰਮਲ ਨਵੀਨੀਕਰਨ, ਨਵੀਂ ਓ.ਪੀ.ਡੀ. ਅਤੇ ਪ੍ਰਬੰਧਕੀ ਬਲਾਕਾਂ ਦੀ ਉਸਾਰੀ ਲਈ 2.93 ਕਰੋੜ ਰੁਪਏ ਪ੍ਰਵਾਨ ਕੀਤੇ ਗਏ ਹਨ। ਕਰਤਾਰਪੁਰ ਵਿਖੇ 'ਸਵੱਛਤਾ ਹੀ ਸੇਵਾ' ਅਭਿਆਨ ਵਿੱਚ ਹਿੱਸਾ ਲੈਂਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਜਲਦ ਹੀ ਟੈਂਡਰ ਜਾਰੀ ਕੀਤੇ ਜਾਣਗੇ ਕਿਉਂਜੋ ਸਰਕਾਰ ਵੱਲੋਂ ਇਸ ਕੰਮ ਲਈ 2.93 ਕਰੋੜ ਰੁਪਏ ਪਹਿਲਾਂ ਹੀ ਮਨਜ਼ੂਰ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਦੀ ਕਾਰਜਕਾਰੀ ਏਜੰਸੀ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਹੋਵੇਗੀ ਅਤੇ ਜਲਦ ਹੀ ਇਸ ਕਾਰਜ ਨੂੰ ਸ਼ੁਰੂ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਵਿੱਚ ਡਾਕਟਰਾਂ ਅਤੇ ਨਰਸਿੰਗ ਸਟਾਫ ਦੀ ਭਰਤੀ, ਬੈੱਡ ਦੀ ਗਿਣਤੀ ਵਧਾਉਣਾ, ਸਿਹਤ ਸੰਭਾਲ ਸਬੰਧੀ ਬੁਨਿਆਦੀ ਢਾਂਚੇ 'ਚ ਵਾਧਾ ਕਰਨਾ ਅਤੇ ਹੋਰ ਉਪਰਾਲੇ ਸ਼ਾਮਲ ਹਨ। ਇਸ ਦੌਰਾਨ ਕੈਬਨਿਟ ਮੰਤਰੀ ਨੇ ਲੋਕਾਂ ਨੂੰ ਜਲੰਧਰ ਨੂੰ ਸਾਫ-ਸੁਥਰਾ, ਹਰਿਆ ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਦਾ ਸੱਦਾ ਵੀ ਦਿੱਤਾ।

# ਇਨੋਸੈਂਟ ਹਾਰਟਸ ਸਕੂਲ ਤੇ ਕਾਲਜ ਆਫ ਐਜੂਕੇਸ਼ਨ ਨੇ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਗਾਂਧੀ ਜਯੰਤੀ ਮਨਾਈ



**ਜਲੰਧਰ (ਸ਼ੈਲੀ ਐਲਬਰਟ)**- ਰਾਸ਼ਟਰਪਿਤਾ ਮਹਾਤਮਾ ਗਾਂਧੀ ਅਤੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਦਾ ਜਨਮ ਦਿਹਾੜਾ ਇੰਨੋਸੈਂਟ ਹਾਰਟਸ ਦੇ ਪੰਜ ਸਕੂਲਾਂ (ਗ੍ਰੀਨ ਮਾਡਲ ਟਾਊਨ, ਲੁਹਾਰਾਂ, ਨੂਰਪੁਰ ਰੋਡ, ਕੈਂਟ ਜੰਡਿਆਲਾ ਰੋਡ ਅਤੇ ਕਪੂਰਥਲਾ ਰੋਡ) ਦੇ ਇਨੋਕਿਡਜ਼ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਗਿਆ।

ਇੰਨੋਸੈਂਟ ਹਾਰਟਸ ਕਾਲਜ ਆਫ ਐਜੂਕੇਸ਼ਨ, ਜਿਸ ਵਿਚ ਇਨੋਕਿਡਜ਼ ਦੇ ਲਰਨਰਸ ਤੋਂ ਲੈ ਕੇ ਸਕੋਲਰਸ ਤੱਕ ਅਤੇ ਇੰਨੋਸੈਂਟ ਹਾਰਟਸ ਕਾਲਜ ਆਫ ਐਜੂਕੇਸ਼ਨ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਨੋਕਿਡਜ਼ ਦੇ ਛੋਟੇ ਬੱਚੇ ਗਾਂਧੀ ਜੀ ਅਤੇ ਸ਼ਾਸਤਰੀ ਜੀ ਦੀ ਤਰ੍ਹਾਂ ਪਹਿਰਾਵਾ ਪਹਿਨ ਕੇ ਆਏ ਅਤੇ ਉਨ੍ਹਾਂ ਦੀਆਂ ਤਸਵੀਰਾਂ ਨੂੰ ਮਾਲਾ ਪਹਿਨਾਈ। ਇਸ ਮੌਕੇ ਬੱਚਿਆਂ ਵੱਲੋਂ ਡਾਂਡੀ ਮਾਰਚ ਕੱਢਿਆ ਗਿਆ। ਇੰਨੋਸੈਂਟ ਹਾਰਟਸ ਕਾਲਜ ਆਫ ਐਜੂਕੇਸ਼ਨ, ਜਲੰਧਰ ਦੀ ਐਨ.ਐਸ.ਐਸ ਸਵੱਛ ਵਾਤਾਵਰਣ ਦੇ ਸੰਦਰਭ ਵਿੱਚ ਗਾਂਧੀਵਾਦੀ ਫਲਸਫੇ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ, ਗਾਂਧੀ ਜਯੰਤੀ ਨੂੰ ਸਵੱਛਤਾ ਦੇ ਤਿੰਨ ਪਹਿਲੂਆਂ - 'ਸਵੱਛ ਮਨ, ਸਵੱਛ ਸਰੀਰ ਅਤੇ ਸਵੱਛ ਵਾਤਾਵਰਣ' ਨਾਲ ਮਨਾਉਣਾ ਸੁਰੂ ਕੀਤਾ।

ਇਸ ਮੌਕੇ ਸਕੂਲੀ ਵਿਦਿਆਰਥੀਆਂ ਨਾਲ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਵਿਦਿਆਰਥੀਆਂ ਨੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੁਆਰਾ ਦਿੱਤੇ ਗਏ ਸਵੱਛਤਾ ਦੇ ਫਲਸਫੇ ਨੂੰ ਸਮਝਣ, ਫੈਲਾਉਣ ਅਤੇ ਗ੍ਰਹਿਣ ਕਰਨ ਦੀ ਸਹੁੰ ਚੁੱਕੀ।

# ਲੋਕ ਸੰਪਰਕ ਦੇ ਕਰਮਚਾਰੀ ਸੂਰਜ ਮੋਹਨ ਨੂੰ ਸੇਵਾਮੁਕਤੀ ਮੌਕੇ ਵਿਦਾਇਗੀ ਪਾਰਟੀ

**ਹੁਸ਼ਿਆਰਪੁਰ : (ਓ ਪੀ ਰਾਣਾ)**-ਜ਼ਿਲ੍ਹਾ ਲੋਕ ਸੰਪਰਕ ਦਫਤਰ ਹੁਸ਼ਿਆਰਪੁਰ ਵਿਖੇ ਤਾਇਨਾਤ ਸਟੇਜ ਮਾਸਟਰ ਸੂਰਜ ਮੋਹਨ ਅੱਜ ਆਪਣੀ ਵਿਭਾਗ ਵਿਚ ਕਰੀਬ 35 ਸਾਲ ਦੀ ਬੇਦਾਗ ਸੇਵਾ ਉਪਰੰਤ ਸੇਵਾਮੁਕਤ ਹੋ ਗਏ, ਜਿਨ੍ਹਾਂ ਦੇ ਸਨਮਾਨ ਵਿਚ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਹਰਦੇਵ ਸਿੰਘ ਆਸੀ, ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਕੁਮਾਰ, ਸੀਨੀਅਰ ਸਹਾਇਕ ਵਿਜੈ ਕੁਮਾਰ, ਕਮਲਜੀਤ ਕੁਮਾਰ, ਹਨਦੀਪ ਕੁਮਾਰ ਅਤੇ ਸ਼ਮ੍ਹਾ ਦੇਵੀ ਹਾਜ਼ਰ ਸਨ। ਵਿਦਾਇਗੀ ਪਾਰਟੀ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਲੋਕ ਸੰਪਰਕ ਅਫਸਰ ਹਰਦੇਵ ਸਿੰਘ ਆਸੀ ਨੇ ਦੱਸਿਆ ਕਿ ਸੂਰਜ ਮੋਹਨ ਬਹੁਤ ਹੀ ਮਿਹਨਤੀ, ਸਮੇਂ ਦੇ ਪਾਬੰਦ ਅਤੇ ਆਪਣੇ ਕੰਮ ਪ੍ਰਤੀ ਸਮਰਪਤ ਰਹੇ ਹਨ। ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਕੁਮਾਰ ਨੇ ਕਿਹਾ ਕਿ ਉਹ ਉਨ੍ਹਾਂ ਦੀ ਕੰਮ ਪ੍ਰਤੀ ਲਗਨ ਤੋਂ ਬੇਹੱਦ ਪ੍ਰਭਾਵਿਤ ਹੋਏ ਹਨ। ਇਸ ਮੌਕੇ ਜ਼ਿਲ੍ਹਾ ਖੋਜ ਅਫਸਰ ਡਾ. ਜਸਵੰਤ ਰਾਏ ਨੇ ਕਿਹਾ ਕਿ ਅਜੋਕੇ ਸਮੇਂ ਵਿਚ ਬੇਦਾਗ ਅਤੇ ਸਿਹਤਮੰਦ ਰਹਿੰਦਿਆਂ ਸੇਵਾ ਮੁਕਤ ਹੋਣਾ ਬਹੁਤ ਵੱਡੀ ਗੱਲ ਹੈ, ਜਿਸ ਲਈ ਸੂਰਜ ਮੋਹਨ ਵਧਾਈ ਦੇ ਪਾਤਰ ਹਨ। ਚੰਗੇ ਭਵਿੱਖ ਦੀ ਕਾਮਨਾ ਕਰਦਿਆਂ ਇਸ ਮੌਕੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਤੋਹਫ਼ੇ ਦੇ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸੂਰਜ ਮੋਹਨ ਦੀ ਧਰਮ ਪਤਨੀ ਮੋਨਿਕਾ ਰਾਣੀ, ਪੁੱਤਰ ਰਜਤ ਸ਼ਾਰਦਾ ਤੋਂ ਇਲਾਵਾ ਕੇਸੀ ਮੈਕਗਲਨ, ਨਰਿੰਦਰ ਕੌਂਸਲ, ਕਮਲਜੀਤ ਸ਼ਰਮਾ, ਚੇਤਨ ਸ਼ਰਮਾ, ਸੁਨੀਲ ਸ਼ਰਮਾ, ਗੌਤਮ ਕੌਸ਼ਲ ਅਤੇ ਅਮਿਤ ਸ਼ਰਮਾ ਹਾਜ਼ਰ ਸਨ।

# ਲੇਖ ਰਾਜ ਮੁੰਦਰਾ ਦਾ 102ਵਾਂ ਜਨਮ ਦਿਨ ਉਤਸ਼ਾਹ ਨਾਲ ਮਨਾਇਆ



**ਰੂਪਨਗਰ** : ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ (ਰਜਿ.) ਦੀ ਪ੍ਰਬੰਧਕੀ ਕਮੇਟੀ ਵਲੋਂ ਅੱਜ ਇੱਥੇ ਹਵੇਲੀ ਕਲਾਂ ਵਿਖੇ ਬਜ਼ੁਰਗਾਂ ਦੀ ਭਲਾਈ ਲਈ ਚਲਾਏ ਜਾ ਰਹੇ 'ਆਪਣਾ ਘਰ' ਦੇ ਬਾਨੀ ਮਹਾਂਦਾਨੀ ਅਤੇ ਉੱਘੇ ਸਮਾਜ ਸੇਵਕ ਸਵਰਗੀ ਸ੍ਰੀ ਲੇਖ ਰਾਜ ਮੁੰਦਰਾ ਦਾ 102ਵਾਂ ਜਨਮ ਦਿਨ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਪਹਿਲੀ ਅਕਤੂਬਰ ਨੂੰ ਹੀ ਜਨਮੀ ਲੜਕੀ ਸੀਰਤ ਪੁੱਤਰੀ ਪ੍ਰੀਤਕਮਲ ਨੇ ਆਪਣੇ 14ਵੇਂ ਜਨਮ ਦਿਨ 'ਤੇ ਸ੍ਰੀ ਮੁੰਦਰਾ ਦੀ ਯਾਦ ਨੂੰ ਸਮਰਪਿਤ ਕੇਕ ਕੱਟਿਆ। ਇਸ ਪ੍ਰਭਾਵਸ਼ਾਲੀ ਸਮਾਗਮ ਵਿੱਚ ਵਿਸ਼ੇਸ ਤੌਰ 'ਤੇ ਇੰਨਰਵੀਲ ਕਲੱਬ ਰੂਪਨਗਰ ਦੀ ਪ੍ਰਧਾਨ ਮਨਦੀਪ ਕੌਰ, ਲਾਇਨ ਕਲੱਬ ਰੂਪਨਗਰ ਦੇ ਪ੍ਰਧਾਨ ਸਰਬਜੀਤ ਸਿੰਘ ਮਾਵੀ ਅਤੇ ਜ਼ਿਲ੍ਹਾ ਮੁਫਤ ਕਾਨੂੰਨੀ ਸੇਵਾਵਾਂ ਵੱਲੋਂ ਵਲੰਟੀਅਰ ਲੈਕਚਰਾਰ ਸੁਰਜਨ ਸਿੰਘ ਆਪਣੇ ਸਹਿਯੋਗੀਆ ਸਮੇਤ ਸ਼ਾਮਲ ਹੋਏ। ਇਸ ਮੌਕੇ ਆਪਣਾ ਘਰ ਟਰੱਸਟ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਸਮਾਜ ਦੇ ਬਜ਼ੁਰਗਾਂ ਪ੍ਰਤੀ ਪਿਆਰ ਤੇ ਸਤਿਕਾਰ ਪ੍ਰਗਟ ਕਰਨ ਲਈ ਆਏ ਮਹਿਮਾਨਾਂ ਦਾ ਸਵਾਗਤ ਕਰਦਿਆ ਸਵਰਗੀ ਸ੍ਰੀ ਮੁੰਦਰਾ ਦੀ ਸਮਾਜ ਸੇਵੀ ਸੋਚ ਅਤੇ ਉਨਾਂ ਦੇ ਜੀਵਨ ਤੇ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ ਅਤੇ ਉਨ੍ਹਾਂ ਵੱਲੋਂ ਆਪਣੇ ਜੀਵਨ ਕਾਲ ਦੌਰਾਨ ਕੀਤੇ ਲੋਕ ਸੇਵਾ ਕਾਰਜਾਂ ਦੀ ਪ੍ਰਸ਼ੰਸ਼ਾ ਕੀਤੀ। ਇਸ ਮੌਕੇ ਬਜ਼ੁਰਗ ਜਗਦੀਸ ਰਾਮ ਨੇ ਸਵਰਗੀ ਮੁੰਦਰਾ ਬਾਰੇ ਕਵਿਤਾ ਪੇਸ਼ ਕੀਤੀ। ਇਸ ਮੌਕੇ ਸੰਸਥਾ ਦੇ ਟਰੱਸਟੀ ਅਮਰਜੀਤ ਸਿੰਘ, ਜਗਦੇਵ ਸਿੰਘ, ਬਲਵਿੰਦਰ ਕੌਰ, ਦਲਜੀਤ ਸਿੰਘ, ਮੈਨੇਜਰ ਕੇ. ਐਸ. ਭੋਗਲ ਤੋਂ ਇਲਾਵਾ ਰਾਜੀਵ ਸੈਣੀ, ਕੁਸਮ ਸ਼ਰਮਾ, ਕੇ.ਐਲ ਕਪੂਰ, ਸ਼ਤੀਸ ਜਗੋਤਾ, ਸੁਖਦੇਵ ਸ਼ਰਮਾ, ਹਰਮੇਸ ਲਾਲ, ਤਾਰਾ ਸਿੰਘ, ਸ਼ਾਮ ਲਾਲ ਗੋਇਲ, ਚੇਤ ਰਾਮ, ਅਜੀਤ ਸਿੰਘ (ਰਿਟਾ.) ਐਸ.ਪੀ., ਸੁਰਿੰਦਰ ਸਿੰਘ, ਪ੍ਰਿਸੀਪਲ ਦੇਵ ਰਾਜ, ਨਿੱਕਾ ਸਿੰਘ, ਸੁਭਾਸ ਵਰਮਾ, ਪ੍ਰਿਤਪਾਲ ਸਿੰਘ, ਹਰਦੀਪ ਸਿੰਘ, ਅਸਵਨੀ ਸਹਿਗਲ, ਕਰਮ ਸਿੰਘ ਤੇ ਮੁੰਦਰਾ ਪਰਿਵਾਰ ਦੇ ਮੈਂਬਰ ਐਸ. ਐਮ. ਸਿੰਘ, ਰਾਜਿੰਦਰ ਸਿੰਘ ਆਦਿ ਹਾਜ਼ਰ ਸਨ।

# ਮੇਹਟੀਆਣਾ ਪੁਲਸ ਵੱਲੋਂ ਇੱਕ ਵਿਅਕਤੀ ਤੇ ਔਰਤ ਨਸ਼ੀਲੇ ਪਾਊਡਰ ਸਮੇਤ ਗ੍ਰਿਫਤਾਰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਪੰਜਾਬ ਸਰਕਾਰ ਵੱਲੋਂ ਨਸ਼ਾ ਮੁਕਤ ਅਤੇ ਨਸ਼ੀਲੀਆਂ ਵਸਤੂਆਂ ਦੀ ਸਮੱਗਲਿੰਗ ਕਰਨ ਵਾਲੇ ਵਿਅਕਤੀਆਂ ਦੇ ਖਿਲਾਫ ਚਲਾਈ ਮੁਹਿੰਮ ਤਹਿਤ ਜ਼ਿਲਾ ਪੁਲਸ ਮੁੱਖੀ ਹੁਸ਼ਿਆਰਪੁਰ ਸਰਤਾਜ ਸਿੰਘ ਚਾਹਲ ਦੇ ਦਿਸ਼ਾ ਨਿਰਦੇਸਾਂ ਤੇ ਐੱਸ ਆਈ ਜਗਜੀਤ ਸਿੰਘ ਮੁੱਖ ਅਫਸਰ ਥਾਣਾ ਮੇਹਟੀਆਣਾ ਨੇ ਦੱਸਿਆ ਕਿ ਏ .ਐਸ .ਆਈ .ਵਿਜੇ ਕੁਮਾਰ ਸਮੇਤ ਸਾਥੀ ਕਰਮਚਾਰੀਆ ਨਾਲ ਗਸ਼ਤ ਸ਼ੱਕੀ ਪੁਰਸ਼ਾਂ ਦੀ ਤਲਾਸ਼ ਸੰਬੰਧੀ ਜਦੋ ਪਿੰਡ ਹਰਮੋਇਆ ਤੋਂ ਬਡਲਾ ਵੱਲ ਨੂੰ ਜਾ ਰਹੇ ਸੀ, ਜੋ ਅੱਗੇ ਤੋਂ ਇੱਕ ਮੋਟਰਸਾਈਕਲ ਨੰ: ਪੀ ਬੀ 07 ਏ ਟੀ 9577 ਜਿਸ ਨੂੰ ਇੱਕ ਨੌਜਵਾਨ ਵਿਅਕਤੀ ਚਲਾ ਰਿਹਾ ਸੀ, ਜਿਸ ਦੇ ਪਿੱਛੇ ਇੱਕ ਔਰਤ ਬੈਠੀ ਸੀ, ਜਿਨ੍ਹਾਂ ਪੁਲਸ ਪਾਰਟੀ ਨੂੰ ਦੇਖ ਕੇ ਮੋਟਰਸਾਈਕਲ ਪਿੱਛੇ ਨੂੰ ਮੋੜ ਲਿਆ ਤੇ ਮੋਟਰ ਸਾਈਕਲ ਸੜਕ 'ਤੇ ਡਿੱਗ ਪਿਆ ਤੇ ਮੋਟਰਸਾਈਕਲ ਨਾਲ ਇੱਕ ਕਾਲੇ ਰੰਗ ਦਾ ਮੋਮੀ ਲਿਫਾਫਾ ਵੀ ਸੜਕ 'ਤੇ ਡਿੱਗ ਪਿਆ, ਜਿਸ ਨੂੰ ਏ ਐੱਸ ਆਈ ਨੇ ਸ਼ੱਕ ਦੀ ਬਿਨਾਂ 'ਤੇ ਕਾਬੂ ਕਰਕੇ ਨਾਂਅ ਪਤਾ ਪੁੱਛਿਆ, ਜਿਨ੍ਹਾਂ ਨੇ ਆਪਣਾ ਨਾਂਅ ਦਲਵਿੰਦਰ ਕੁਮਾਰ ਉਰਫ ਬਿੰਦਰ ਪੁੱਤਰ ਅਮਰਜੀਤ ਵਾਸੀ ਪੱਟੀ ਥਾਣਾ ਚੱਬੇਵਾਲ, ਜ਼ਿਲਾ ਹੁਸ਼ਿਆਰਪੁਰ ਅਤੇ ਕਮਲੇਸ਼ ਕੌਰ ਪੁੱਤਰੀ ਪ੍ਰਕਾਸ਼ ਚੰਦ ਵਾਸੀ ਹਾਰਟਾ ਥਾਣਾ ਮੇਹਟੀਆਣਾ ਦੱਸਿਆ ਤੇ ਲਿਫਾਫੇ ਨੂੰ ਚੈੱਕ ਕਰਨ 'ਤੇ ਉਸ ਵਿੱਚੋਂ 245 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ, ਜਿਹਨਾਂ 'ਤੇ 22-61-85 ਐਨ ਡੀ ਪੀ ਐਸ ਐਕਟ ਤਹਿਤ ਮੁਕੱਦਮਾ ਦਰਜ ਕਰਕੇ ਰਜਿਸਟਰ ਕੀਤਾ ਗਿਆ । ਦੋਸ਼ੀਆਂ ਪਾਸੋਂ ਪੁੱਛ-ਗਿੱਛ ਜਾਰੀ ਹੈ ।

# ਅਨੁਸੂਚਿਤ ਜਾਤੀ ਵਿਅਕਤੀਆਂ ਨੂੰ ਮਿਲੇਗਾ 5 ਲੱਖ ਦਾ ਕਰਜ਼

**ਜਲੰਧਰ (ਸੁਰਿੰਦਰ ਕੁਮਾਰ)**- ਪੰਜਾਬ ਸਰਕਾਰ ਦੇ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਵਲੋਂ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਨੂੰ ਆਰਥਿਕ ਪੱਖੋਂ ਹੋਰ ਮਜ਼ਬੂਤ ਕਰਨ ਦੇ ਮੰਤਵ ਤਹਿਤ 'ਸਿੱਧਾ ਕਰਜ਼ਾ ਸਕੀਮ' ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਵਲੋਂ ਇਸ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਅਨੁਸੂਚਿਤ ਜਾਤੀ ਵਿਅਕਤੀ ਜੋ ਆਪਣਾ ਨਵਾਂ ਕੰਮ ਜਿਵੇਂ ਡੇਅਰੀ ਫਾਰਮ, ਕਰਿਆਨਾ ਦੁਕਾਨ, ਬੁਟੀਕ, ਬਿਊਟੀ ਪਾਰਲਰ, ਕੱਪੜੇ ਦਾ ਕੰਮ, ਬੱਕਰੀ ਪਾਲਣ ਆਦਿ ਸ਼ੁਰੂ ਕਰਨਾ ਚਾਹੁੰਦੇ ਹਨ ਜਾਂ ਆਪਣੇ ਪੁਰਾਣੇ ਕੰਮ ਨੂੰ ਵਧਾਉਣਾ ਚਾਹੁੰਦੇ ਹਨ, ਇਸ ਸਕੀਮ ਤਹਿਤ 5 ਲੱਖ ਰੁਪਏ ਦਾ ਕਰਜ਼ਾ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਵਿਅਕਤੀ, ਜਿਨ੍ਹਾਂ ਦੀ ਸਲਾਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੈ ਅਤੇ ਜੋ ਵਿਅਕਤੀ ਸਬਸਿਡੀ ਦੇ ਯੋਗ ਹਨ ਉਨ੍ਹਾਂ ਨੂੰ ਕਰਜ਼ੇ ਦੀ ਰਕਮ ਦਾ 50 ਪ੍ਰਤੀਸ਼ਤ ਜਾਂ 50,000 ਰੁਪਏ ਜੋ ਵੀ ਘੱਟ ਹੋਵੇ ਦੀ ਸਬਸਿਡੀ ਦਿੱਤੀ ਜਾਂਦੀ ਹੈ। ਇਸ ਸਕੀਮ ਤਹਿਤ 50,000 ਰੁਪਏ ਤੱਕ ਦੇ ਕਰਜ਼ 'ਤੇ ਵਿਆਜ ਦੀ ਦਰ 5 ਪ੍ਰਤੀਸ਼ਤ ਅਤੇ 50,000 ਰੁਪਏ ਤੋਂ ਵੱਧ ਦੇ ਕਰਜ਼ 'ਤੇ ਵਿਆਜ ਦੀ ਦਰ 8 ਪ੍ਰਤੀਸ਼ਤ ਹੈ। ਉਨ੍ਹਾਂ ਦੱਸਿਆ ਕਿ ਜੋ ਵਿਅਕਤੀ ਇਸ ਸਕੀਮ ਦਾ ਲਾਭ ਲੈਣਾ ਚਾਹੁੰਦੇ ਹਨ ਉਹ ਆਪਣੀ ਅਰਜ਼ੀ ਜ਼ਿਲ੍ਹੇ ਨਾਲ ਸਬੰਧਿਤ ਪੰਜਾਬ ਅਨੁਸੂਚਿਤ ਜਾਤੀਆਂ, ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਦਫ਼ਤਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ। 'ਸਿੱਧਾ ਕਰਜ਼ਾ ਸਕੀਮ' ਤਹਿਤ ਕਰਜ਼ਾ ਪ੍ਰਾਪਤ ਕਰਨ ਲਈ ਲਾਭਪਾਤਰੀ ਨੂੰ ਆਪਣੇ ਬਿਨੈਪੱਤਰ ਨਾਲ ਅਨੁਸੂਚਿਤ ਜਾਤੀ ਸਰਟੀਫਿਕੇਟ, ਅਧਾਰ ਕਾਰਡ, ਪੈਨ ਕਾਰਡ ਅਤੇ ਵੋਟਰ ਕਾਰਡ ਦੀ ਫੋਟੀ ਕਾਪੀ ਲਗਾਉਣੀ ਹੋਵੇਗੀ। ਉਮੀਦਵਾਰ ਦੀ ਉਮਰ 18 ਤੋਂ 55 ਸਾਲ ਅਤੇ ਕਰਜ਼ੇ ਦੀ ਰਕਮ ਦੇ ਬਰਾਬਰ ਦੀ ਕੀਮਤ ਦੀ ਲਾਲ ਲਕੀਰ ਤੋਂ ਬਾਹਰ ਦੀ ਅਚੱਲ ਜਾਇਦਾਦ ਲੋੜੀਂਦੀ ਹੈ।

# ਸੰਤ ਬਾਬਾ ਬਿਸ਼ਨ ਦਾਸ ਦੇ ਦਰਬਾਰ 'ਤੇ ਜੋੜ ਮੇਲਾ 4 ਨੂੰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪਿੰਡ ਖੈਰੜ ਅੱਛਰਵਾਲ ਵਿਖੇ ਧੰਨ ਧੰਨ 108 ਸੰਤ ਬਾਬਾ ਬਿਸ਼ਨ ਦਾਸ ਦੇ ਦਰਬਾਰ 'ਤੇ 6ਵੇ ਸ਼ਰਾਦ ਦਾ ਸਲਾਨਾ ਜੋੜ ਮੇਲਾ ਇਸ ਸਾਲ ਵੀ 4 ਅਕਤੂਬਰ ਨੂੰ ਗੱਦੀਨਸ਼ੀਨ ਸੰਤ ਸੰਦੀਪ ਦਾਸ ਤੇ ਸੰਤ ਸੁਰਿੰਦਰ ਦਾਸ ਅਟਾਰੀ ਵਾਲਿਆ ਦੇ ਸੁਚੱਜੇ ਪ੍ਰਬੰਧਾਂ ਹੇਠ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ । ਜਾਣਕਾਰੀ ਦਿੰਦਿਆਂ ਗੱਦੀਨਸ਼ੀਨ ਸੰਤ ਸੰਦੀਪ ਦਾਸ ਅਤੇ ਸੰਤ ਸੁਰਿੰਦਰ ਦਾਸ ਅਟਾਰੀ ਵਾਲਿਆਂ ਨੇ ਸਾਂਝੇ ਰੂਪ 'ਚ ਦੱਸਿਆ ਕਿ 1 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਜਾਣਗੇ ਅਤੇ 3 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਉਪਰੰਤ ਕੀਰਤਨ ਹੋਏਗਾ। 4 ਅਕਤੂਬਰ ਨੂੰ ਦੁਪਿਹਰ 12 ਵਜੇ ਥਾਲੀ ਮਣਸ਼ੀ ਜਾਵੇਗੀ, ਉਸ ਤੋਂ ਬਾਬਾ ਜੀ ਦਾ ਲੰਗਰ ਚੱਲੇਗਾ ਤੇ ਰਾਤ ਨੂੰ ਇੰਟਰਨੈਸ਼ਨਲ ਕਲਾਕਾਰ ਧਰਮਵੀਰ ਪ੍ਰਦੇਸੀ ਵਲੋਂ ਧਾਰਮਿਕ ਡਰਾਮਾ ਖੇਡਿਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਤ ਜਸਵਿੰਦਰ ਸਿੰਘ ਖੈਰੜ ਵਾਲੇ, ਦੇਵੀ ਦਾਸ, ਡਾ. ਸਤਿਨਾਮ, ਚਮਨ ਲਾਲ, ਸਾਬਾ, ਗੁਰਪਾਲ ਸਹੋਤਾ, ਰਮਨਦੀਪ, ਕੁਲਵੀਰ, ਡੈਨੀ ਸਹੋਤਾ, ਗੋਪੀ, ਸੰਜੀਵ ਕੁਮਾਰ, ਬੂਟਾ ਸਿੰਘ, ਤਾਰਾ ਰਾਮ, ਅਮਰਜੀਤ ਟੇਲਰ, ਅਵਤਾਰ ਚੰਦ, ਸੋਮ ਨਾਥ, ਅਮਰਜੀਤ ਸਹੋਤਾ ਆਦਿ ਹਾਜ਼ਰ ਸਨ ।

# ਬੌਂਬਰ ਰਾਈਡਰ ਕਲੱਬ ਨੇ ਖ਼ੂਨਦਾਨ ਕੈਂਪ ਲਗਾਇਆ




**ਜਲੰਧਰ (ਰਾਜੇਸ਼ ਥਾਪਾ)**-ਬੌਂਬਰ ਰਾਈਡਰ ਕਲੱਬ ਨੇ ਗੰਗਾ ਆਰਥੋਕੇਅਰ ਹਸਪਤਾਲ ਜਲੰਧਰ ਵਿੱਚ ਗਾਂਧੀ ਜੀ ਦੀ ਯਾਦ ਨੂੰ ਸਮਰਪਿਤ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਾਉਣ ਲਈ ਖ਼ੂਨਦਾਨ ਕੈਂਪ ਲਗਾਇਆ ਗਿਆ।

ਇਸ ਖ਼ੂਨਦਾਨ ਕੈਂਪ ਦਾ ਮਕਸਦ ਸੀ ਨੌਜਵਾਨਾ ਨੂੰ ਜਾਗਰੂਕ ਕਰਨਾ ਕਿ ਨਸ਼ਿਆਂ ਦੇ ਮਾੜੇ ਸ਼ੌਂਕ ਦੀ ਬਜਾਏ ਨੌਜਵਾਨ ਚੰਗੇ ਸ਼ੌਂਕ ਦਾ ਨਸ਼ਾ ਕਰਨ, ਜਿਵੇਂ ਬਾਈਕਰ ਕਲੱਬ ਵਾਲੇ ਬਾਈਕ ਰਾਈਡਿੰਗ ਦਾ ਅਤੇ ਖਿਡਾਰੀ ਖੇਡਾਂ ਦੇ ਸ਼ੌਂਕ ਦਾ ਨਸ਼ਾ ਕਰਦੇ ਹਨ। ਕੁੱਲ 24 ਯੂਨਿਟ ਖ਼ੂਨਦਾਨ ਕੀਤਾ ਗਿਆ, ਜੋ ਕਿ ਥੈਲਾਸੀਮੀਆ ਪੀੜਤ ਬੱਚਿਆਂ ਨੂੰ ਚੜ੍ਹਾਇਆ ਜਾਵੇਗਾ।

ਇਸ ਮੌਕੇ ਭਾਨੂਪ੍ਰਤਾਪ ਸਿੰਘ, ਯੋਗੇਸ਼ ਦੱਤਾ, ਮਯੰਕ ਬਾਲੀ, ਸ਼ਿਵਮ ਕੁਮਾਰ, ਸਾਹਿਲ ਤਨੇਜਾ, ਮਾਨਵ ਖੁਰਾਣਾ, ਅਰੁਨ ਕੋਹਲੀ, ਸਰਬਜੋਧ ਸਿੰਘ ਥਿੰਦ ਅਤੇ ਹੋਰ ਸਮਾਜਸੇਵੀ ਸੱਜਣ ਹਾਜ਼ਰ ਸਨ। ਕਲੱਬ ਵੱਲੋਂ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਨੂੰ ਸਨਮਾਨਿਤ ਕੀਤਾ ਗਿਆ ਅਤੇ ਹਸਪਤਾਲ ਪ੍ਰਸ਼ਾਸਨ ਨੇ ਕਲੱਬ ਮੈਂਬਰਾਂ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ।

3-OCT-PAGE-10.qxd 10/2/2023 10:19 PM Page 1



# ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਮੌਕੇ ਨਾਟਕ ਮੇਲਾ ਕਰਵਾਇਆ



**ਧੂਰੀ (ਸੁਖਦੇਵ ਧੂਰੀ)**-ਗ੍ਰਾਮ ਪੰਚਾਇਤ ਪਿੰਡ ਬੰਗਾਵਾਲੀ ਵੱਲੋਂ ਜਗਰੂਪ ਸਿੰਘ ਬੱਬੂ ਦੀ ਅਗਵਾਈ ਵਿੱਚ ਸ਼ਹੀਦ ਭਗਤ ਸਿੰਘ ਦੇ 116ਵੇਂ ਜਨਮ ਦਿਨ ਮੌਕੇ ਨਾਟਕ ਮੇਲਾ ਕਰਵਾਇਆ ਗਿਆ। ਇਸ ਨਾਟਕ ਮੇਲੇ ਵਿੱਚ ਨਾਟਕ ਟੀਮ ਦੁਆਰਾ ਦੋ ਨਾਟਕ ਖੇਡੇ ਗਏ। ਪਹਿਲੇ ਨਾਟਕ ਵਿੱਚ ਜਿੱਥੇ ਨਾਟਕ ਦੁਆਰਾ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਦੂਸਰੇ ਨਾਟਕ ਰਾਹੀਂ ਸ਼ਹੀਦ ਭਗਤ ਸਿੰਘ ਦੇ ਜੇਲ੍ਹ ਵਿੱਚ ਬਿਤਾਏ ਅੰਤਿਮ ਦਿਨਾਂ ਤੇ ਉਨ੍ਹਾਂ ਦੇ ਜੀਵਨ ਬਾਰੇ ਪਿੰਡ ਵਾਸੀਆਂ ਨੂੰ ਜਾਣੂ ਕਰਵਾਇਆ ਗਿਆ। ਸਟੇਜ ਸੰਚਾਲਨ ਸੁਖਬੀਰ ਸਿੰਘ ਸੁੱਖੀ ਤੇ ਗੁਰਤੇਜ ਸਿੰਘ ਤੇਜੀ ਵੱਲੋਂ ਸਾਂਝੇ ਰੂਪ ਵਿੱਚ ਕੀਤਾ ਗਿਆ। ਇਸ ਮੌਕੇ ਗੁਰਮੇਲ ਸਿੰਘ ਘਰਾਚੋਂ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸੰਗਰੂਰ ਤੇ ਜਸਵੀਰ ਸਿੰਘ ਜੱਸੀ ਸੇਖੋਂ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ। ਪਿੰਡ ਬੰਗਾਵਾਲੀ ਵਿੱਚ ਖੇਡਾਂ 'ਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਸਮਾਜ ਸੇਵੀ ਸੰਸਥਾ ਪਰਿਵਰਤਨ ਵੱਲੋਂ ਨਸ਼ਿਆਂ ਖਿਲਾਫ ਵਿਸ਼ੇਸ਼ ਮੁਹਿੰਮ ਚਲਾਉਣ ਲਈ ਪ੍ਰੇਰਿਤ ਕੀਤਾ ਗਿਆ। ਚੇਅਰਮੈਨ ਗੁਰਮੇਲ ਸਿੰਘ ਘਰਾਚੋਂ ਵੱਲੋਂ ਸ਼ਹੀਦ ਭਗਤ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਜਸਵੀਰ ਸਿੰਘ ਜੱਸੀ ਸੇਖੋਂ ਵੱਲੋਂ ਸਾਰੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਗੁਰਦੀਪ ਸਿੰਘ ਕਾਲਾ ਸਰਪੰਚ, ਗਗਨ ਜਵੰਧਾ ਜਸਵਿੰਦਰ ਸਿੰਘ, ਸੁਖਦੀਪ ਸਿੰਘ ਸੋਢੀ ਤੇ ਸਮੂਹ ਨਗਰ ਨਿਵਾਸੀ ਮੌਜੂਦ ਸਨ।

# ਜਨਰਲ ਫੈਡਰੇਸ਼ਨ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਕਨਵੈਸ਼ਨ



**ਪਟਿਆਲਾ (ਪੱਤਰ ਪ੍ਰੇਰਕ)**

ਜਨਰਲ ਕੈਟਾਗਰੀ ਵੈੱਲਫੇਅਰ ਫੈਡਰੇਸ਼ਨ ਪੀ.ਐੱਸ.ਈ.ਬੀ. (ਪੀ ਐੱਸ ਪੀ ਸੀ ਐੱਲ/ਪੀ ਐੱਸ ਟੀ ਸੀ ਐੱਲ) ਪੰਜਾਬ ਵੱਲੋਂ ਪਰਭਾਤ ਪ੍ਰਵਾਨਾ ਮੈਮੋਰੀਅਲ ਪਟਿਆਲਾ ਵਿਖੇ ਸ਼ਹੀਦ ਭਗਤ ਸਿੰਘ ਦੇ 116ਵੇਂ ਜਨਮ ਦਿਵਸ ਨੂੰ ਸਮਰਪਤ ਵਿਸ਼ਾਲ ਕਨਵੈਨਸ਼ਨ ਕੀਤੀ ਗਈ। ਮਾਨਯੋਗ ਮੁੱਖ ਮੰਤਰੀ ਪੰਜਾਬ ਦੇ ਮੀਡੀਆ ਸਲਾਹਕਾਰ ਬਲਤੇਜ ਸਿੰਘ ਪਨੂੰ ਕਨਵੈਨਸ਼ਨ ਵਿੱਚ ਬਤੌਰ ਮੁੱਖ ਮਹਿਮਾਨ ਤੇ ਮੇਘ ਚੰਦ ਸ਼ੇਰਮਾਜਰਾ ਚੇਅਰਮੈਨ ਨਗਰ ਸੁਧਾਰ ਟਰੱਸਟ ਪਟਿਆਲਾ ਬਤੌਰ ਗੈਸਟ ਆਫ ਆਨਰਜ਼ ਵਜੋਂ ਸ਼ਾਮਲ ਹੋਏ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁੰਦਨ ਗੋਗੀਆ ਵੱਲੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਆਗੂਆਂ ਵੱਲੋਂ ਸ਼ਹੀਦ ਭਗਤ ਸਿੰਘ ਤੇ ਅਜ਼ਾਦੀ ਦੇ ਪ੍ਰਵਾਨਿਆਂ ਵੱਲੋਂ ਕੀਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ ਅਤੇ ਜਨਰਲ ਤੇ ਪੱਛੜੇ ਵਰਗ ਨੂੰ ਦਰਪੇਸ਼ ਮੁਸ਼ਕਲਾਂ ਤੇ ਮਸਲਿਆਂ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ।

ਇਸ ਮੌਕੇ ਫੈਡਰੇਸ਼ਨ ਦੇ ਚੇਅਰਮੈਨ ਧਾਲੀਵਾਲ ਤੇ ਪ੍ਰਧਾਨ ਰਟੌਲ ਨੇ ਕਿਹਾ ਕਿ ਤਤਕਾਲੀ ਸਰਕਾਰ ਵੱਲੋਂ ਸਾਲ 2021 ਦੌਰਾਨ ਜਨਰਲ ਵਰਗ ਦੀ ਭਲਾਈ ਲਈ ਰਿਜ਼ਰਵ ਕੈਟਾਗਰੀਆਂ ਦੀ ਤਰਜ 'ਤੇ ਕਮਿਸ਼ਨ ਸਥਾਪਤ ਕੀਤਾ ਗਿਆ ਸੀ, ਪ੍ਰੰਤੂ ਮੌਜੂਦਾ ਪੰਜਾਬ ਸਰਕਾਰ ਵੱਲੋਂ ਲਮਾਂ ਸਮਾਂ ਬੀਤ ਜਾਣ 'ਤੇ ਵੀ ਹਾਲੇ ਤੱਕ ਜਨਰਲ ਕਮਿਸ਼ਨ ਦਾ ਚੇਅਰਮੈਨ ਤੇ ਹੋਰ ਅਮਲਾ ਤਾਇਨਾਤ ਨਹੀਂ ਕੀਤਾ ਗਿਆ, ਜਿਸ ਕਾਰਨ ਜਨਰਲ ਵਰਗ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਇਸ ਲਈ ਪੰਜਾਬ ਸਰਕਾਰ ਤੋਂ ਇਹ ਮੰਗ ਕੀਤੀ ਗਈ ਕਿ ਜਨਰਲ ਭਲਾਈ ਕਮਿਸ਼ਨ ਦਾ ਚੇਅਰਮੈਨ ਤੇ ਬਾਕੀ ਦੇ ਮੈਂਬਰਾਂ ਸਮੇਤ ਬਣਦਾ ਅਮਲਾ ਤਾਇਨਾਤ ਕਰਕੇ ਕਮਿਸ਼ਨ ਦਾ ਕੰਮ ਸਚਾਰੂ ਢੰਗ ਨਾਲ ਚਾਲੂ ਕੀਤਾ ਜਾਵੇ। ਫੈਡਰੇਸ਼ਨ ਵੱਲੋਂ ਮੌਜੂਦਾ ਪੰਜਾਬ ਸਰਕਾਰ ਦੇ ਸੀ ਤੇ ਡੀ ਕੈਟਾਗਰੀਆਂ ਵਿੱਚ ਦਸਵੀਂ ਪੱਧਰ ਦੀ ਪੰਜਾਬੀ ਪਾਸ ਹੋਣਾ ਲਾਜ਼ਮੀ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ ਹੈ ਅਤੇ ਮੰਗ ਕੀਤੀ ਹੈ ਕਿ ਏ ਤੇ ਬੀ ਕੈਟਾਗਰੀਆਂ ਦੀਆਂ ਅਸਾਮੀਆਂ ਵਿੱਚ ਵੀ ਦਸਵੀਂ ਪੱਧਰ ਦੀ ਪੰਜਾਬੀ ਪਾਸ ਦੀ ਸ਼ਰਤ ਲਾਜ਼ਮੀ ਕੀਤੀ ਜਾਵੇ।

ਭਰਤੀ ਲਈ ਲਏ ਜਾਂਦੇ ਲਿਖਤੀ ਟੈਸਟਾਂ ਵਿੱਚ ਸਿਲੈਕਸ਼ਨ ਲਿਸਟ ਲਈ ਪੰਜਾਬੀ ਵਿਸ਼ੇ ਦੇ ਨੰਬਰ ਵੀ ਸ਼ਾਮਲ ਕੀਤੇ ਜਾਣ। ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਪੰਜਾਬ ਦੇ ਉਮੀਦਵਾਰਾਂ ਲਈ 75% ਅਸਾਮੀਆਂ ਸੁਰੱਖਿਅਤ ਕਰਨ ਲਈ ਸਟੇਟ ਕੋਟਾ ਫਿਕਸ ਕੀਤਾ ਜਾਵੇ। ਇਸ ਮੌਕੇ ਦੋਆਬਾ ਜਨਰਲ ਕੈਟਾਗਰੀ ਫਰੰਟ ਦੇ ਆਗੂ ਬਲਬੀਰ ਸਿੰਘ ਫੁਗਲਾਣਾ, ਜਗਦੀਸ਼ ਸਿੰਘ, ਮਨੋਜ ਘਈ, ਰਣਬੀਰ ਕੌਰ, ਲਾਭ ਕੌਰ, ਰਜਿੰਦਰ ਸ਼ਰਮਾ, ਅਮਿਤ ਕੁਮਾਰ, ਗੁਰਮੀਤ ਸਿੰਘ ਬਾਗੜੀ, ਸੰਜੀਵ ਠਾਕਰ, ਸ਼ਿਆਮ ਲਾਲ ਸ਼ਰਮਾ ਤੇ ਹੋਰਨਾਂ ਨੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਫੈਡਰੇਸ਼ਨ ਵੱਲੋਂ ਜਨਰਲ/ਪੱਛੜੇ ਵਰਗ ਨਾਲ ਸਬੰਧ ਮੰਗਾਂ ਬਾਰੇ ਮੰਗ ਪੱਤਰ ਵੀ ਦਿੱਤਾ ਗਿਆ। ਇਸ ਮੌਕੇ ਨਗਰ ਸੁਧਾਰ ਟਰਸਟ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਤੇ ਫੈਡਰੇਸ਼ਨ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।

## ਵਾਲੀਬਾਲ ਸ਼ੂਟਿੰਗ ਮੁਕਾਬਲੇ 'ਚ ਕੁਤਬਾ ਦੇ ਖਿਡਾਰੀਆਂ ਕਰਵਾਈ ਬੱਲੇ-ਬੱਲੇ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾ ਕੇ ਖੇਡਾਂ, ਪੜ੍ਹਾਈ ਤੇ ਸਮਾਜ ਸੇਵੀ ਕੰਮਾਂ 'ਚ ਉਤਸ਼ਾਹਤ ਕਰਨ ਲਈ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਤਹਿਤ ਕਰਵਾਏ ਬਲਾਕ ਪੱਧਰੀ ਵਾਲੀਬਾਲ ਸ਼ੂਟਿੰਗ ਮੁਕਾਬਲੇ 'ਚ ਪਹਿਲਾ ਇਨਾਮ ਪ੍ਰਾਪਤ ਕਰਕੇ ਜ਼ਿਲ੍ਹਾ ਪੱਧਰ ਲਈ ਥਾਂ ਬਣਾਉਣ ਵਾਲੀ ਇਤਿਹਾਸਕ ਪਿੰਡ ਕੁਤਬਾ (ਬਰਨਾਲਾ) ਦੀ ਵਾਲੀਬਾਲ ਸ਼ੂਟਿੰਗ ਦੀ ਟੀਮ ਦੇ ਹੋਣਹਾਰ ਖਿਡਾਰੀਆਂ ਬਲਰਾਮ ਸਿੰਘ, ਹਰਸਿਮਰਨਜੀਤ ਸਿੰਘ, ਇੰਦਰਜੀਤ ਸਿੰਘ, ਨਰਿੰਦਰ ਸਿੰਘ, ਦਲਵੀਰ ਸਿੰਘ, ਦਲਜੀਤ ਸਿੰਘ, ਗੁਰਸਿਮਰਨਦੀਪ ਸਿੰਘ ਰੰਧਾਵਾ, ਜਸਵਿੰਦਰ ਸਿੰਘ ਆਦਿ ਨੂੰ ਸਮੂਹ ਸਟਾਫ ਮੈਂਬਰਾਂ ਨੇ ਵਧਾਈ ਦਿੰਦਿਆਂ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਪਿੰਡ ਦੀ ਗ੍ਰਾਮ ਪੰਚਾਇਤ, ਗੁਰਦੁਆਰਾ ਕਮੇਟੀਆਂ ਤੇ ਯੂਥ ਕਲੱਬਾਂ ਨੇ ਇਸ ਮਾਣਮੱਤੀ ਪ੍ਰਾਪਤੀ ਉੱਪਰ ਮਾਣ ਮਹਿਸੂਸ ਕਰਦਿਆਂ ਟੀਮ ਨੂੰ ਸਨਮਾਨਤ ਕੀਤਾ।

## ਸ੍ਰੀਮਦ ਭਾਗਵਤ ਕਥਾ ਦੇ ਸੰਬੰਧ 'ਚ ਕੱਢੀ ਕਲਸ਼ ਯਾਤਰਾ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਸ੍ਰੀਮੱਦ ਭਾਗਵਤ ਕਥਾ ਸੁਸਾਇਟੀ ਵੱਲੋਂ ਮੌੜ ਰੋਡ ਸਥਿਤ ਮੁਕਤੀਸਰ ਗੈਸਟ ਹਾਊਸ ਵਿਖੇ ਸ਼ੁਰੂ ਹੋਣ ਜਾ ਰਹੀ ਸ੍ਰੀਮੱਦ ਭਾਗਵਤ ਕਥਾ ਦੇ ਸਬੰਧ 'ਚ ਐਤਵਾਰ ਨੂੰ ਸ਼ਹਿਰ 'ਚ ਕਲਸ਼ ਯਾਤਰਾ ਕੱਢੀ ਗਈ। ਕਲਸ਼ ਯਾਤਰਾ ਦੇ ਚਲਦਿਆਂ ਸ਼ਹਿਰ ਨੂੰ ਭਗਵੇਂ ਝੰਡਿਆਂ ਨਾਲ ਸਜਾਇਆ ਗਿਆ ਸੀ। ਕਲਸ਼ ਯਾਤਰਾ 'ਚ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ 'ਚ ਸ਼ਹਿਰਵਾਸੀ ਉਮੜੇ। ਕਲਸ਼ ਯਾਤਰਾ ਦੌਰਾਨ 301 ਔਰਤਾਂ ਸਿਰ 'ਤੇ ਕਲਸ਼ ਚੁੱਕ ਸ਼ਾਮਲ ਹੋਈਆਂ। ਵੱਖ-ਵੱਖ ਬਜ਼ਾਰਾਂ 'ਚ ਕਲਸ਼ ਯਾਤਰਾ ਦਾ ਨਿੱਘਾ ਸਵਾਗਤ ਹੋਇਆ। ਇਹ ਕਲਸ਼ ਯਾਤਰਾ ਰਾਮਬਾੜਾ ਬਜ਼ਾਰ ਸਥਿਤ ਸ੍ਰੀ ਦੁਰਗਾ ਮੰਦਰ ਗੀਤਾ ਭਵਨ ਤੋਂ ਸਵੇਰੇ ਦਸ ਵਜੇ ਸ਼ੁਰੂ ਹੋਈ, ਜੋ ਰੇਲਵੇ ਰੋਡ, ਮਸਜਿਦ ਚੌਂਕ, ਬੈਂਕ ਰੋਡ, ਘਾਹ ਮੰਡੀ, ਅਬੋਹਰ ਰੋਡ, ਨਵੀਂ ਦਾਣਾ ਮੰਡੀ ਹੁੰਦਿਆਂ ਹੋਇਆਂ ਮੌੜ ਰੋਡ ਸਥਿਤ ਮੁਕਤੀਸਰ ਗੈਸਟ ਹਾਊਸ ਵਿਖੇ ਪਹੁੰਚ ਕੇ ਸੰਪੰਨ ਹੋਈ, ਜਿੱਥੇ 8 ਅਕਤੂਬਰ ਤੱਕ ਰੋਜ਼ਾਨਾ ਸ਼ਾਮ 6 ਤੋਂ 9 ਵਜੇ ਤੱਕ ਸ੍ਰੀਮੱਦ ਭਾਗਵਤ ਕਥਾ ਹੋਇਆ ਕਰੇਗੀ। ਇਸ ਮੌਕੇ ਕਲੀਨ ਐਂਡ ਗ੍ਰੀਨ ਸੇਵਾ ਸੁਸਾਇਟੀ ਦੇ ਪ੍ਰਧਾਨ ਤਰਸੇਮ ਗੋਇਲ, ਪਿਆਰਾ ਲਾਲ ਗਰਗ, ਜੀਵਨ ਸ਼ਰਮਾ ਤੇ ਸਾਬਕਾ ਡੀਟੀਓ ਗੁਰਚਰਨ ਸਿੰਘ ਸੰਧੂ ਨੇ ਦੱਸਿਆ ਕਿ ਕਥਾ ਦੌਰਾਨ ਰੋਜ਼ਾਨਾ ਭਾਗਵਤ ਵਿਆਸ ਸ੍ਰੀ ਅਨਿਲ ਜੀ ਦਾਸ ਵਿੰਦਾਵਨ ਵਾਲੇ ਸ਼ਰਧਾਲੂਆਂ ਨੂੰ ਭਾਗਵਤ ਕਥਾ ਸੁਣਾਉਣਗੇ। ਕਥਾ ਦੇ ਮੁੱਖ ਯਜਮਾਨ ਹਨੂੰਮਾਨ ਜੀ ਮਹਾਰਾਜ ਹੋਣਗੇ।

# ਭੱਟੀ ਦੇ ਕਾਂਗਰਸ 'ਚ ਸ਼ਾਮਲ ਹੋਣ ਨਾਲ ਹਲਕੇ ਦੇ ਸਿਆਸੀ ਸਮੀਕਰਨ ਬਦਲੇ

■ ਭੱਟੀ ਪਰਵਾਰ ਦਾ ਪੂਰੇ ਫਰੀਦਕੋਟ ਜ਼ਿਲ੍ਹੇ ਅੰਦਰ ਹੈ ਚੰਗਾ ਰਸੂਖ



**ਜੈਤੋ (ਸਤੀਸ਼ ਕੁਮਾਰ ਭੀਰੀ)**

ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਜੈਤੋ ਹਲਕੇ ਤੋਂ ਟਿਕਟ ਨਾ ਮਿਲਣ ਕਾਰਨ ਨਾਰਾਜ਼ ਹੋ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ ਬਲਵਿੰਦਰ ਸਿੰਘ ਲਵਲੀ ਭੱਟੀ ਨੇ ਆਪਣੇ ਪਿਤਾ ਕੌਂਸਲਰ ਤਾਰਾ ਸਿੰਘ ਭੱਟੀ ਸਮੇਤ ਪੰਜਾਬ ਕਾਂਗਰਸ ਦੇ ਮੀਤ ਪ੍ਰਧਾਨ ਤੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਦੀ ਅਗਵਾਈ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਹਾਜ਼ਰੀ ਵਿੱਚ ਕਾਂਗਰਸ ਪਾਰਟੀ ਵਿੱਚ ਮੁੜ ਸ਼ਮੂਲੀਅਤ ਕਰਦਿਆਂ ਘਰ ਵਾਪਸੀ ਕੀਤੀ ਹੈ। ਇਸ ਸ਼ਮੂਲੀਅਤ ਕਾਰਨ ਕਾਂਗਰਸ ਪਾਰਟੀ ਨੂੰ ਜ਼ਿਲ੍ਹਾ ਫਰੀਦਕੋਟ ਅੰਦਰ ਚੰਗਾ ਬਲ ਮਿਲੇਗਾ। ਜ਼ਿਲ੍ਹੇ ਅੰਦਰ ਭੱਟੀ ਪਰਿਵਾਰ ਚੰਗਾ ਰਸੂਖ ਰੱਖਦਾ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਤਾਰਾ ਸਿੰਘ ਭੱਟੀ ਫਰੀਦਕੋਟ ਦੇ ਕੌਂਸਲਰ ਬਣਦੇ ਆ ਰਹੇ ਹਨ। ਇਸ ਦੇ ਨਾਲ ਟਰਾਂਸਪੋਰਟ ਲੇਬਰ ਠੇਕੇਦਾਰ ਹੋਣ ਕਾਰਨ ਭੱਟੀ ਪਰਵਾਰ ਮਜ਼ਦੂਰ ਵੋਟ 'ਤੇ ਅਸਰ ਰੱਖਦਾ ਹੈ, ਜਿਸ ਦਾ ਲਾਹਾ ਆਉਣ ਵਾਲੇ ਸਮੇਂ ਅੰਦਰ ਕਾਂਗਰਸ ਪਾਰਟੀ ਨੂੰ ਮਿਲਦਾ ਦਿਖਾਈ ਦੇ ਰਿਹਾ ਹੈ। ਇਸ ਦੇ ਨਾਲ ਹੀ ਜੈਤੋ ਵਿਧਾਨ ਸਭਾ ਹਲਕੇ ਅੰਦਰ ਕਾਂਗਰਸ ਪਾਰਟੀ ਦੇ ਸਮੀਕਰਨ ਬਦਲਦੇ ਦਿਖਾਈ ਦੇ ਰਹੇ ਹਨ। ਇਸ ਸਮੇਂ ਜੈਤੋ ਹਲਕੇ ਅੰਦਰ ਕਾਂਗਰਸ ਪਾਰਟੀ ਦੋ ਧੜਿਆਂ ਵਿੱਚ ਵੰਡੀ ਹੋਈ ਹੈ, ਜਿਸ ਕਾਰਨ ਕਾਂਗਰਸ ਪਾਰਟੀ ਦੁਆਰਾ ਕੀਤੇ ਜਾਂਦੇ ਸਮਾਗਮਾਂ ਵਿੱਚ ਪਾਟੋਧਾੜ ਦਿਖਾਈ ਦਿੰਦੀ ਹੈ। ਹੁਣ ਆਉਣ ਵਾਲੇ ਸਮੇਂ ਅੰਦਰ ਪਤਾ ਚੱਲੇਗਾ ਕਿ ਕਾਂਗਰਸ ਪਾਰਟੀ ਦੀ ਧੜੇਬੰਦੀ ਖਤਮ ਹੁੰਦੀ ਹੈ ਜਾਂ ਫਿਰ ਕਾਂਗਰਸ ਪਾਰਟੀ ਵਿੱਚ ਇੱਕ ਧੜਾ ਹੋਰ ਬਣਦਾ ਹੈ। ਜਦ ਇਸ ਸ਼ਮੂਲੀਅਤ ਸੰਬੰਧੀ ਬਲਵਿੰਦਰ ਸਿੰਘ ਲਵਲੀ ਭੱਟੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਉਨ੍ਹਾਂ ਦੇ ਮਨ ਅੰਦਰ ਜੋ ਮੱਤਭੇਦ ਸਨ, ਉਹ ਹੁਣ ਦੂਰ ਹੋ ਗਏ ਹਨ ਤੇ ਉਹ ਆਪਣੇ ਲੀਡਰ ਸਾਬਕਾ ਵਿਧਾਇਕ ਤੇ ਪੰਜਾਬ ਕਾਂਗਰਸ ਦੇ ਮੀਤ ਪ੍ਰਧਾਨ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਦੀ ਹੋਰ ਮਜ਼ਬੂਤੀ ਲਈ ਤਨਦੇਹੀ ਨਾਲ ਕੰਮ ਕਰਨਗੇ ਤੇ ਉਹ ਧੜੇਬੰਦੀ ਦੀ ਥਾਂ ਇੱਕ ਕਾਂਗਰਸੀ ਵਜੋਂ ਪਾਰਟੀ ਦੇ ਹਰ ਕਾਂਗਰਸੀ ਵਰਕਰ ਨੂੰ ਨਾਲ ਲੈ ਕੇ ਚੱਲਣਗੇ।

# 'ਮੇਰੀ ਮਿੱਟੀ, ਮੇਰਾ ਦੇਸ਼' ਪ੍ਰੋਜੈਕਟ ਤਹਿਤ ਇਕੱਠੀ ਕੀਤੀ ਮਿੱਟੀ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਸਪੁਰਦ ਕੀਤੀ



**ਸੰਗਤ ਮੰਡੀ (ਰਾਜਦੀਪ ਜੋਸ਼ੀ)**

ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਹੇਠ ਚੱਲ ਰਹੇ ਪ੍ਰੋਜੈਕਟ "ਵੀਰ ਗਾਥਾ" ਤੇ "ਮੇਰੀ ਮਿੱਟੀ ਮੇਰਾ ਦੇਸ਼" ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਭੁਪਿੰਦਰ ਕੌਰ ਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਮਹਿੰਦਰਪਾਲ ਸਿੰਘ ਵੱਲੋਂ ਪ੍ਰਾਇਮਰੀ ਸਕੂਲਾਂ ਵਿੱਚ ਸਫ਼ਲਤਾ ਪੂਰਵਕ ਚਲਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਭੁਪਿੰਦਰ ਕੌਰ ਨੇ ਕਿਹਾ ਕਿ "ਵੀਰ ਗਾਥਾ" ਤੇ "ਮੇਰੀ ਮਿੱਟੀ ਮੇਰਾ ਦੇਸ਼" ਪ੍ਰੋਜੈਕਟ ਰਾਹੀਂ ਬਠਿੰਡਾ ਜ਼ਿਲ੍ਹਾ ਦੇ ਸਮੂਹ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ ਦੇਸ਼ ਲਈ ਮਰ ਮਿਟਣ ਵਾਲੇ ਮਹਾਨ ਸਪੂਤਾਂ ਦੀਆਂ ਕੁਰਬਾਨੀਆਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ ਤੇ ਗੌਰਵਮਈ ਇਤਿਹਾਸ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਸਾਡੇ ਮਹਾਨ ਸਪੂਤਾਂ ਦੀ ਸ਼ਹਾਦਤ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਪ੍ਰੋਜੈਕਟ ਰਾਹੀਂ ਵਿਦਿਆਰਥੀਆਂ ਦੇ ਕਵਿਤਾ, ਪੈਰਾ, ਵੀਡੀਓ ਤੇ ਡਰਾਇੰਗ ਮੁਕਾਬਲੇ ਕਰਵਾਏ ਗਏ। ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਮਹਿੰਦਰਪਾਲ ਸਿੰਘ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਸਕੂਲਾਂ ਦੁਆਰਾ ਪਿੰਡਾਂ ਵਿੱਚ ਪ੍ਰਭਾਤ ਫੇਰੀਆਂ ਕੀਤੀਆਂ ਗਈਆਂ। ਇਨ੍ਹਾਂ ਪ੍ਰਭਾਤ ਫੇਰੀਆਂ ਵਿੱਚ ਦੇਸ਼ ਭਗਤੀ ਦੇ ਗੀਤ ਤੇ ਨਾਹਰੇ ਗੂੰਜਦੇ ਰਹੇ ਅਤੇ ਅਧਿਆਪਕਾਂ ਤੇ ਵਿਦਿਆਰਥੀਆਂ ਦੁਆਰਾ ਦੇਸ਼ ਪ੍ਰੇਮ ਪਿਆਰ ਪ੍ਰਤੀ ਸਹੁੰ ਚੁੱਕੀ ਗਈ। ਇਸ ਦੇ ਨਾਲ ਹੀ ਪਿੰਡਾਂ ਵਿੱਚ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਪ੍ਰੋਜੈਕਟ ਦੇ ਨੋਡਲ ਅਫਸਰ ਸੁਖਪਾਲ ਸਿੰਘ ਸਿੱਧੂ ਤੇ ਜਤਿੰਦਰ ਕੁਮਾਰ ਸ਼ਰਮਾ ਦੀ ਅਗਵਾਈ 'ਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਤੋਂ ਇਕੱਠੀ ਕੀਤੀ ਗਈ ਮਿੱਟੀ ਸਥਾਨਕ ਆਰੀਆ ਸਮਾਜ ਚੌਕ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਬੁੱਤ ਕੋਲ ਨਤਮਸਤਕ ਹੋ ਕੇ ਭੁਪਿੰਦਰ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਦੇ ਸਪੁਰਦ ਕੀਤੀ ਗਈ। ਇਸ ਮੌਕੇ ਭੁਪਿੰਦਰ ਕੌਰ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਬੁੱਤਾਂ 'ਤੇ ਫੁੱਲਾਂ ਦੇ ਹਾਰ ਪਹਿਨਾਏ ਗਏ ਤੇ ਦੇਸ਼ ਭਗਤੀ ਦੇ ਨਾਅਰਿਆਂ ਨਾਲ ਵੱਖ-ਵੱਖ ਸਕੂਲਾਂ ਤੋਂ ਆਈ ਮਿੱਟੀ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਸੈਂਟਰ ਹੈੱਡ ਟੀਚਰ ਬੇਅੰਤ ਕੌਰ, ਲਖਵੀਰ ਕੌਰ, ਭੁਪਿੰਦਰਜੀਤ ਸਿੰਘ ਬਰਾੜ, ਜਸਪ੍ਰੀਤ ਕੌਰ ਤੇ ਸਰਬਜੀਤ ਕੌਰ ਤੋਂ ਇਲਾਵਾ ਵੱਖ-ਵੱਖ ਅਧਿਆਪਕ ਹਾਜ਼ਰ ਸਨ।

## ਲੋਕ ਗਾਇਕ ਹੈਪੀ ਲਾਪਰਾਂ ਦੇ ਨਵੇਂ ਗੀਤ 'ਰਿੰਗ ਸੈਰੇਮਨੀ' ਦੀ ਸ਼ੂਟਿੰਗ ਮੁਕੰਮਲ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਪੰਜਾਬ ਦੇ ਲੋਕ ਗਾਇਕ ਹੈਪੀ ਲਾਪਰਾਂ ਦੇ ਨਵੇਂ ਗੀਤ 'ਰਿੰਗ ਸੈਰੇਮਨੀ' ਦੀ ਸ਼ੂਟਿੰਗ ਪਿਛਲੇ ਦਿਨੀਂ ਵੱਖ-ਵੱਖ ਪੰਜਾਬ ਦੀਆਂ ਮਨਮੋਹਨੀਆਂ ਲੋਕੇਸ਼ਨਾਂ 'ਤੇ ਮੁਕੰਮਲ ਕਰ ਲਈ ਹੈ। ਇਸ ਗੀਤ ਨੂੰ ਗੀਤਕਾਰ ਕਲਮ ਦੇ ਜਾਦੂਗਰ ਗੁਰੀ ਤੁਰਮਰੀ ਨੇ ਸ਼ਬਦਾਂ ਦੀ ਮਾਲਾ ਵਿੱਚ ਪਰੋਇਆ ਹੈ। ਇਸ ਤੋਂ ਪਹਿਲਾਂ ਵੀ ਗੀਤਕਾਰ ਗੁਰੀ ਤੁਰਮਰੀ ਦੇ ਗੀਤ ਜਿਵੇਂ ਰੋਟੀ, ਬੱਲੀ, ਗੱਲ ਤੇਰੀ-ਮੇਰੀ, ਟਚ ਸਕਰੀਨ, ਮਾਂ ਦਾ ਮੁੱਲ ਆਦਿ ਗੀਤ ਆ ਚੁੱਕੇ ਹਨ। ਇਸ ਗੀਤ ਨੂੰ ਸੰਗੀਤ ਵਿੱਚ ਆਰ ਬੀ ਸਿੱਧੂ ਨੇ ਪਰੋਇਆ ਹੈ। ਇਸ ਵਿੱਚ ਹਿੰਦੀ ਦੀ ਨਾਮਵਰ ਮਾਡਲ ਕਰਮ ਕੌਰ ਨੇ ਅਹਿਮ ਭੂਮਿਕਾ ਨਿਭਾਈ ਹੈ। ਗੀਤਕਾਰ ਗੁਰੀ ਤੁਰਮਰੀ ਨੇ ਦੱਸਿਆ ਕਿ ਹੈਪੀ ਲਾਪਰਾਂ ਦਾ ਇਹ ਰੋਮਾਂਟਿਕ ਗੀਤ ਨਵੇਂ ਵਿਆਹੇ ਜੋੜਿਆਂ ਤੇ ਰੱਬ ਵਰਗੇ ਸਰੋਤਿਆਂ ਦੀ ਪਹਿਲੀ ਪਸੰਦ ਬਣੇਗਾ। ਇਸ ਗੀਤ ਤੋਂ ਗਾਇਕ ਹੈਪੀ ਲਾਪਰਾਂ ਤੇ ਗੁਰੀ ਤੁਰਮਰੀ ਨੂੰ ਕਾਫੀ ਉਮੀਦਾਂ ਹਨ। ਇਹ ਗੀਤ ਰੱਬ ਵਰਗੇ ਸਰੋਤਿਆਂ ਦੀ ਕਚਹਿਰੀ ਵਿੱਚ ਸਾਡੇ ਰੱਬ ਵਰਗੇ ਸਰੋਤਿਆਂ ਦੀਆਂ ਉਮੀਦਾਂ ਉੱਪਰ ਖਰੀ ਉਤਰੇਗੀ।

# ਅਵਤਾਰ ਸਿੰਘ ਜਵੰਦਾ ਦੀ ਬਰਸੀ ਮੌਕੇ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀਆਂ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਦਵਿੰਦਰ ਸਿੰਘ ਜਵੰਦਾ, ਸੀਨੀਅਰ ਪੱਤਰਕਾਰ ਹਰਜਿੰਦਰ ਸਿੰਘ ਜਵੰਦਾ ਤੇ ਲਖਵਿੰਦਰ ਸਿੰਘ ਕਾਕਾ ਜਵੰਦਾ ਦੇ ਸਤਿਕਾਰਯੋਗ ਪਿਤਾ ਸਵ: ਅਵਤਾਰ ਸਿੰਘ ਜਵੰਦਾ ਦੀ ਯਾਦ ਨੂੰ ਸਮਰਪਤ ਪਹਿਲੀ ਬਰਸੀ ਮੌਕੇ ਉਨ੍ਹਾਂ ਦੇ ਗ੍ਰਹਿ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਸ੍ਰ. ਚੇਤਨ ਸਿੰਘ ਜੌੜਾਮਾਜਰਾ, ਲੋਕ ਗਾਇਕ ਹਰਜੀਤ ਹਰਮਨ ਦੀ ਟੀਮ ਨਰਿੰਦਰ ਖੇੜੀਮਾਨੀਆਂ, ਗੁਰਨੈਬ ਸਿੰਘ ਗੀਗਾਮਾਜਰਾ, ਹਰਜਿੰਦਰ ਸਿੰਘ ਮਿੰਟੂ ਜੌੜਾਮਾਜਰਾ, ਪੀ ਏ ਗੁਰਦੇਵ ਸਿੰਘ ਟਿਵਾਣਾ, ਸਾਬਕਾ ਡੀ ਐੱਸ ਪੀ ਨਾਹਰ ਸਿੰਘ ਫਤਿਹਮਾਜਰੀ, ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਤਰਫੋਂ ਸੋਨੀ ਗਦਾਈਆ, ਐੱਸ ਸੀ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ, ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ, ਆਪ ਪਾਰਟੀ ਦੇ ਯੂਥ ਪ੍ਰਧਾਨ ਪਾਰਸ ਸ਼ਰਮਾ, ਲਾਇਨਜ਼ ਕਲੱਬ ਸਮਾਣਾ ਰਾਇਲ ਦੇ ਪ੍ਰਧਾਨ ਜੀਵਨ ਗਰਗ, ਗੋਪਾਲ ਕ੍ਰਿਸ਼ਨ ਗਰਗ, ਆਪ ਪਾਰਟੀ ਦੀ ਮਹਿਲਾ ਵਿੰਗ ਪ੍ਰਧਾਨ ਸੁਨੈਨਾ ਮਿੱਤਲ, ਰਮਨ ਮਹਿੰਦਰਾ, ਕਮਲ ਸ਼ਰਮਾ, ਧਰਮਪਾਲ ਨਾਹਰ, ਨਿਸ਼ਾਨ ਸਿੰਘ ਸੰਧੂ, ਮਨਜਿੰਦਰ ਸਿੰਘ ਰਾਣਾ ਸੇਖੋਂ, ਸੰਦੀਪ ਸ਼ਰਮਾ, ਆਪ ਪਾਰਟੀ ਵਪਾਰ ਵਿੰਗ ਦੇ ਪ੍ਰਧਾਨ ਸ਼ਾਮ ਲਾਲ ਦੱਤ, ਬਲਵਿੰਦਰ ਵੜੈਚ, ਜੇ ਈ ਗੁਰਮੀਤ ਸਿੰਘ ਢਿੱਲੋਂ ਤੇ ਅੰਮ੍ਰਿਤ ਤਲਵੰਡੀ ਆਦਿ ਸਮੇਤ ਵੱਖ ਵੱਖ ਰਾਜਨੀਤਕ, ਧਾਰਮਿਕ ਤੇ ਸਮਾਜਿਕ ਆਗੂਆਂ ਵੱਲੋਂ ਹਾਜ਼ਰੀ ਭਰਦੇ ਹੋਏ ਸਵ: ਅਵਤਾਰ ਸਿੰਘ ਜਵੰਦਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

# ਸਵੱਛ ਭਾਰਤ ਮਿਸ਼ਨ ਤਹਿਤ ਸ਼ਹਿਰ ਦੀ ਸਫਾਈ ਦਾ ਆਗਾਜ਼



**ਸਮਰਾਲਾ (ਸੁਰਜੀਤ ਸਿੰਘ)**-ਸਵੱਛ ਭਾਰਤ ਮਿਸ਼ਨ ਤਹਿਤ ਸਮਰਾਲਾ ਸ਼ਹਿਰ ਦੀ ਸਫਾਈ ਮੁਹਿੰਮ ਦਾ ਆਗਾਜ਼ ਹਲਕਾ ਵਿਧਾਇਕ ਦੀ ਅਗਵਾਈ ਵਿੱਚ ਕੀਤਾ ਗਿਆ। ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਖੁਦ ਝਾੜੂ ਚੁੱਕ ਕੇ ਸਫਾਈ ਦੀ ਪਹਿਲ ਕੀਤੀ। ਰਾਸ਼ਟਰਪਿਤਾ ਮਹਾਤਮਾ ਗਾਂਧੀ ਦੀ ਜਯੰਤੀ ਦੇ ਅਵਸਰ 'ਤੇ ਅੱਜ ਸ਼ਹਿਰ ਵਿੱਚ 1 ਤਰੀਕ 1 ਘੰਟਾ 1 ਸਾਥ ਸਮਾਂ 10:00 ਵਜੇ ਤੋਂ 11:00 ਵਜੇ ਤੱਕ ਕਿਰਤਦਾਨ ਪ੍ਰੋਗਰਾਮ ਕਰਵਾਇਆ ਗਿਆ। ਇਸ ਤਹਿਤ ਜਗਤਾਰ ਸਿੰਘ ਦਿਆਲਪੁਰਾ ਐੱਮ.ਐੱਲ.ਏ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਲੁਧਿਆਣਾ, ਡਾ. ਰੁਪਿੰਦਰਪਾਲ ਸਿੰਘ ਤੇ ਗੁਰਪਾਲ ਸਿੰਘ ਕਾਰਜ ਸਾਧਕ ਅਫਸਰ ਨਗਰ ਕੌਂਸਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੈਨੀਟੇਸ਼ਨ ਸ਼ਾਖਾ ਦੀ ਟੀਮ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਥਾਂਵਾਂ ਤੇ ਵਾਰਡ ਵਾਈਜ਼ ਸਫਾਈ ਕਰਵਾਈ ਗਈ ਤੇ ਕੂੜੇ ਦੇ ਢੇਰ ਖਤਮ ਕਰਵਾ ਕੇ ਸੁੰਦਰੀਕਰਨ ਕੀਤਾ ਗਿਆ। ਇਸ ਸਮੇਂ ਏ ਡੀ ਸੀ ਵੱਲੋਂ ਸ਼ਹਿਰ ਵਾਸੀਆਂ ਨੂੰ ਰੋਜ਼ਾਨਾ ਨਗਰ ਕੌਂਸਲ ਨਾਲ ਸਹਿਯੋਗ ਕਰਦੇ ਹੋਏ ਸਫਾਈ ਵਿੱਚ ਯੋਗਦਾਨ ਪਾਉਣ ਲਈ ਕਿਹਾ ਗਿਆ। ਇਸ ਸਮੇਂ ਰਿਸਾਇਕਲਿੰਗ ਵਿਲਾ, ਵੇਰੀਆਰ ਮੋਮਸ ਸੰਸਥਾਵਾਂ ਤੇ ਮੈਡਮ ਸਮਤਾ ਕੌਰ ਵੱਲੋਂ ਇਸ ਪ੍ਰੋਗਰਾਮ ਵਿੱਚ ਸੈਨੀਟੇਸ਼ਨ ਸ਼ਾਖਾ ਦਾ ਸਾਥ ਦਿੱਤਾ ਗਿਆ। ਨਗਰ ਕੌਂਸਲ ਦੇ ਉੱਪ ਪ੍ਰਧਾਨ ਸੰਨੀ ਦੁਆ ਨੇ ਕਿਹਾ ਕਿ ਆਪਣੇ ਚੌਗਿਰਦੇ ਤੇ ਸ਼ਹਿਰ ਦੀ ਸਫਾਈ ਰੱਖਣਾ ਹਰ ਨਾਗਰਿਕ ਦਾ ਮੁਢਲਾ ਫਰਜ਼ ਬਣਦਾ ਹੈ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਨੇ ਘਰੋ ਘਰੀ ਗਾਰਬੇਜ ਇਕੱਤਰ ਕਰਨ ਲਈ ਗੱਡੀਆਂ ਦਾ ਪ੍ਰਬੰਧ ਕੀਤਾ ਹੋਇਆ ਹੈ। ਇਸ ਲਈ ਗਿੱਲਾ ਤੇ ਸੁੱਕਾ ਕੂੜਾ ਵੱਖੋ ਵੱਖਰਾ ਰੱਖ ਕੇ ਗਰਬੇਜ ਵਾਲੀ ਗੱਡੀ ਨੂੰ ਸੌਂਪਿਆ ਜਾਵੇ।

ਇਸ ਪ੍ਰੋਗਰਾਮ ਵਿੱਚ ਸੀਨੀਅਰ ਵਾਈਸ ਪ੍ਰਧਾਨ ਸਨੀ ਦੂਆ, ਵਾਈਸ ਪ੍ਰਧਾਨ ਸੁਰਿੰਦਰ ਕੌਰ, ਕੌਂਸਲਰ ਲਾਲਾ ਮੰਗਤ ਰਾਏ, ਕੌਂਸਲਰ ਅਵਤਾਰ ਸਿੰਘ, ਕੌਂਸਲਰ ਰਣਧੀਰ ਸਿੰਘ, ਕੌਂਸਲਰ ਡਾਕਟਰ ਸਿਕੰਦਰ, ਕੌਂਸਲਰ ਬਲਵਿੰਦਰ ਕੌਰ, ਤੇਜਿੰਦਰ ਸਿੰਘ ਗਰੇਵਾਲ ਸ਼ਹਿਰੀ ਪ੍ਰਧਾਨ, ਬਲਜਿੰਦਰ ਸਿੰਘ, ਸੈਨੇਟਰੀ ਇੰਸਪੈਕਟਰ ਸਤਨਾਮ ਸਿੰਘ, ਆਈ.ਈ.ਸੀ. ਐਕਸਪਰਟ ਰਾਮਪ੍ਰੀਤ ਸਿੰਘ, ਸੀ ਐੱਫ ਨਵਦੀਪ ਕੌਰ, ਇੰਸਪੈਕਟਰ ਸਿਕੰਦਰ ਸਿੰਘ, ਰਮਿੰਦਰ ਕੁਮਾਰ ਮੇਟ ਤੇ ਸਫਾਈ ਕਮਰਚਾਰੀ ਹਾਜ਼ਰ ਸਨ।

## ਮਾਤਾ ਗੁਜਰੀ ਕਾਲਜ ਵਿਖੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸੰਬੰਧੀ ਕੀਤਾ ਜਾਗਰੂਕ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਵਿਖੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐੱਸ. ਸੀ. ਸਟੂਡੈਂਟਸ ਮਿਸ਼ਨ 2.6 ਜਾਗਰੂਕਤਾ ਸਪਤਾਹ ਦੀ ਪਹਿਲਕਦਮੀ ਤਹਿਤ ਜਾਣਕਾਰੀ ਭਰਪੂਰ ਮੁਹਿੰਮ ਦਾ ਵਿਸ਼ੇਸ਼ ਆਯੋਜਨ ਕੀਤਾ ਗਿਆ, ਜਿਸ ਤਹਿਤ ਇਸ ਵਜ਼ੀਫੇ ਦਾ ਲਾਭ ਉਠਾਉਣ ਦੇ ਇੱਛੁਕ ਵਿਦਿਆਰਥੀਆਂ ਨੂੰ ਵੱਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ ਗਈ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਕਾਲਜ ਵਿਖੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਸਕਾਲਰਸ਼ਿਪਾਂ ਸੰਬੰਧੀ ਸਮੇਂ-ਸਮੇਂ 'ਤੇ ਜਾਗਰੂਕ ਕੀਤਾ ਜਾਂਦਾ ਹੈ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਸਕਾਲਰਸ਼ਿਪ ਸਬੰਧੀ ਜਾਣਕਾਰੀ ਦਿੰਦਿਆਂ ਵਿਦਿਆਰਥੀਆਂ ਨੂੰ ਵਜ਼ੀਫੇ ਦੇ ਲਾਭਾਂ ਤੇ ਜ਼ਰੂਰੀ ਪ੍ਰਕਿਰਿਆਵਾਂ ਬਾਰੇ ਜਾਣੂ ਕਰਵਾਇਆ ਗਿਆ। ਸਕਾਲਰਸ਼ਿਪ ਦੇ ਨੋਡਲ ਅਫਸਰ ਪ੍ਰੋ. ਦਵਿੰਦਰ ਕੌਰ ਵੱਲੋਂ ਇਸ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਬਿਨੈ-ਪੱਤਰ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਨੇ ਵਿਦਿਆਰਥੀਆਂ ਨੂੰ ਇਸ ਸਕਾਲਰਸ਼ਿਪ ਸਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਨ ਲਈ ਵਧੀਆ ਮੰਚ ਪ੍ਰਦਾਨ ਕੀਤਾ।

## ਮੈਡੀਕਲ ਪ੍ਰੈਕਟੀਸ਼ਨਰਜ਼ ਵੱਲੋਂ ਸ਼ਹੀਦ ਭਗਤ ਸਿੰਘ ਦੀ ਯਾਦ 'ਚ ਸੈਮੀਨਾਰ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਡੋਰੀ ਗਰੁੱਪ ਬਲਾਕ ਮਹਿਲ ਕਲਾਂ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਨਸ਼ਿਆਂ ਤੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਸਮਰਪਤ ਸੈਮੀਨਾਰ ਬਲਾਕ ਪ੍ਰਧਾਨ ਡਾ: ਦਲਵਾਰ ਸਿੰਘ ਤੇ ਚੇਅਰਮੈਨ ਡਾ: ਕੇਸਰ ਖਾਨ ਮਹਿਲ ਕਲਾਂ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਸ ਮੌਕੇ ਪ੍ਰੋਗਰਾਮ ਦੀ ਸ਼ੁਰੂਆਤ ਡਾ: ਇੰਦਰਜੀਤ ਸਿੰਘ ਸੋਹੀਆਂ ਨੇ ਗੀਤ ਨਾਲ ਕੀਤੀ ਗਈ। ਇਸ ਮੌਕੇ ਨਸ਼ਿਆਂ ਸੰਬੰਧੀ ਪੇਪਰ ਡਾ: ਗੁਰਮੀਤ ਸਿੰਘ ਦੀਵਾਨਾ ਨੇ ਪੜ੍ਹਿਆ। ਇਨਕਲਾਬੀ ਕੇਂਦਰ ਦੇ ਨੌਜਵਾਨ ਆਗੂ ਹਰਪ੍ਰੀਤ ਸਿੰਘ ਨੇ ਸ਼ਹੀਦ ਭਗਤ ਸਿੰਘ ਦੇ ਵਿਗਿਆਨਕ ਵਿਚਾਰ ਸਾਂਝੇ ਕੀਤੇ। ਇਸ ਮੌਕੇ ਗਲੋਬਲ ਹਾਰਟ ਹਸਪਤਾਲ ਲੁਧਿਆਣਾ ਦੇ ਮਾਹਰ ਡਾਕਟਰ ਲਵ ਲੂਥਰਾ ਨੇ ਵੱਖ-ਵੱਖ ਬਿਮਾਰੀਆਂ ਤੇ ਨਸ਼ਿਆਂ ਦੇ ਬੁਰੇ ਪ੍ਰਭਾਵ ਬਾਰੇ ਜਾਣਕਾਰੀ ਦਿੱਤੀ। ਸਰਪ੍ਰਸਤ ਡਾ: ਅਮਰਜੀਤ ਸਿੰਘ ਕਾਲਸਾਂ ਨੇ ਦੱਸਿਆ ਕਿ ਵਿਗਿਆਨਕ ਵਿਚਾਰਾਂ ਨੂੰ ਅਪਣਾ ਕੇ ਹੀ ਨਸ਼ਿਆਂ ਤੋਂ ਬਚਿਆ ਜਾ ਸਕਦਾ ਹੈ। ਬਲਾਕ ਸਕੱਤਰ ਡਾ: ਨਿਰਭੈ ਸਿੰਘ ਨਿਹਾਲੂਵਾਲ ਨੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ। ਕਿਸਾਨ ਯੂਨੀਅਨ ਦੇ ਆਗੂ ਭੁਪਿੰਦਰ ਸਿੰਘ ਨੇ ਅੱਜ ਕੱਲ੍ਹ ਚੱਲ ਰਹੇ ਨਸ਼ਿਆਂ ਦੇ ਹਾਲਾਤਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਖਜ਼ਾਨਚੀ ਜਸਵੰਤ ਸਿੰਘ ਛੀਨੀਵਾਲ, ਸਰਕਲ ਪ੍ਰਧਾਨ ਬਚਿੱਤਰ ਸਿੰਘ ਕਲੇਰ, ਮੇਜਰ ਸਿੰਘ ਛਾਪਾ, ਹਰੀ ਸਿੰਘ ਮੂੰਮ, ਬੇਅੰਤ ਸਿੰਘ ਮੂੰਮ, ਦਲਬਾਗ ਸਿੰਘ ਕੁਤਬਾ, ਬਲਵੀਰ ਸਿੰਘ ਗੋਬਿੰਦਗੜ੍ਹ, ਰਵਿੰਦਰ ਕੁਮਾਰ ਪੰਡੋਰੀ, ਜੰਗ ਬਹਾਦਰ ਸਿੰਘ ਬੋਪਾਰਾਏ, ਕੇਵਲ ਸਿੰਘ ਜਲਾਲਦੀਵਾਲ, ਅਮਰਜੀਤ ਸਿੰਘ ਮਹਿਲ ਕਲਾਂ, ਬਲਵਿੰਦਰ ਸਿੰਘ ਵਿੱਕੀ, ਪ੍ਰੈੱਸ ਸਕੱਤਰ ਗੁਰਚਰਨ ਸਿੰਘ ਰਾਜਗੜ੍ਹ, ਹਰਬੰਸ ਸਿੰਘ ਹਮੀਦੀ, ਮਲਕੀਤ ਸਿੰਘ ਦੀਵਾਨਾ ਤੇ ਸੁਖਪਾਲ ਸਿੰਘ ਰਾਏਸਰ ਆਦਿ ਹਾਜ਼ਰ ਸਨ।

# ਸੈਂਟਰ ਪੱਧਰ ਦੀਆਂ ਖੇਡਾਂ ਸ਼ਾਨੋ-ਸ਼ੌਕਤ ਨਾਲ ਸੰਪੰਨ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਰਕਾਰੀ ਪ੍ਰਾਇਮਰੀ ਸਕੂਲ ਲਹਿਰਾ ਮੁਹੱਬਤ ਵਿਖੇ ਹੋਈਆਂ ਸੈਂਟਰ ਪੱਧਰ ਦੀਆਂ ਖੇਡਾਂ ਜਿਵੇਂ ਕਿ ਖੋ-ਖੋ, ਰੱਸਾ ਕਸ਼ੀ, ਕੁਸ਼ਤੀ ਤੇ ਐਥਲੈਟਿਕਸ ਆਦਿ ਦੇ ਕਰਵਾਏ ਗਏ ਮੁਕਾਬਲਿਆਂ ਵਿੱਚ ਸੈਂਟਰ ਅਧੀਨ ਪੈਂਦੇ ਵੱਖ-ਵੱਖ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਨੇ ਵਧ ਚੜ੍ਹ ਕੇ ਭਾਗ ਲਿਆ। ਸਮਾਪਤੀ 'ਤੇ ਵੱਖ ਵੱਖ ਖੇਡਾਂ ਵਿੱਚ ਜੇਤੂ ਰਹੇ ਬੱਚਿਆਂ ਨੂੰ ਹੌਸਲਾ ਅਫਜ਼ਾਈ ਵਜੋਂ ਇਨਾਮ ਵੰਡੇ ਗਏ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਤੇ ਮੈਂਬਰਜ਼, ਬੀ. ਐੱਲ. ਓ. ਜਸਪਾਲ ਸਿੰਘ, ਸੀ. ਐੱਚ. ਟੀ. ਗੁਰਵਿੰਦਰ ਸਿੰਘ ਤੇ ਸਮੂਹ ਸੈਂਟਰ ਅਧਿਆਪਕ ਮੌਜੂਦ ਸਨ।

# ਵੈੱਲਫੇਅਰ ਐਸੋਸੀਏਸ਼ਨ ਨੇ ਕੌਮਾਂਤਰੀ ਸੀਨੀਅਰ ਸਿਟੀਜ਼ਨ ਦਿਵਸ ਮਨਾਇਆ



**ਧੂਰੀ (ਸੁਖਦੇਵ ਧੂਰੀ, ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸਥਾਨਕ ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ ਧੂਰੀ ਵੱਲੋਂ ਕੌਮਾਂਤਰੀ ਸੀਨੀਅਰ ਸਿਟੀਜਨ ਦਿਵਸ ਮਨਾਇਆ ਗਿਆ। ਬਾਰੂ ਮੱਲ ਦੀ ਧਰਮਸ਼ਾਲਾ ਵਿੱਚ ਕਰਵਾਏ ਸਮਾਗਮ ਦੀ ਪ੍ਰਧਾਨਗੀ ਸਮਾਜ ਸੇਵੀ ਹਰਦੀਪ ਸਿੰਘ ਨੰਨੜੇ ਐੱਮ ਡੀ ਉਂਕਰ ਇੰਡਸਟਰੀਜ਼ ਧੂਰੀ ਵੱਲੋਂ ਕੀਤੀ ਗਈ। ਪ੍ਰੋਗਰਾਮ ਦੇ ਮੁੱਖ ਮਹਿਮਾਨ ਸਮਾਜ ਸੇਵੀ ਵਿਜੇ ਗਰਗ ਡਾਇਰੈਕਟਰ ਰਾਇਸੀਲਾ ਫੂਡਜ਼ ਸਨ। ਸਮਾਗਮ ਦੀ ਦੀ ਸ਼ੁਰੂਆਤ ਐਸੋਸੀਏਸ਼ਨ ਦੇ ਪ੍ਰਧਾਨ ਜਗਦੀਸ਼ ਸ਼ਰਮਾ ਨੇ ਐਸੋਸੀਏਸ਼ਨ ਦੇ ਉਦੇਸ਼ ਦਸਦਿਆਂ ਆਏ ਪਤਵੰਤਿਆਂ ਦਾ ਸੁਆਗਤ ਕੀਤਾ ਅਤੇ ਜੀ ਆਇਆਂ ਆਖਿਆ। ਇਸ ਉਪਰੰਤ ਮੂਲ ਚੰਦ ਸ਼ਰਮਾ ਨੇ ਗੀਤ ਤੇ ਗੁਰਦਿਆਲ ਸਿੰਘ ਨਿਰਮਾਣ ਵੱਲੋਂ ਇਨਕਲਾਬੀ ਗੀਤ ਸੁਣਾ ਕੇ ਮੰਤਰ ਮੁਗਧ ਕਰ ਦਿੱਤਾ। ਵੱਖ ਵੱਖ ਬੁਲਾਰਿਆਂ ਵਿੱਚ ਹਰਦੀਪ ਸਿੰਘ, ਪਵਨ ਹਰਚੰਦਪੁਰੀ, ਹੰਸ ਰਾਜ ਗਰਗ, ਜਗਦੇਵ ਸ਼ਰਮਾ ਬੁਗਰਾ ਨੇ ਆਪਣੇ ਸੰਬੋਧਨ ਰਾਹੀਂ ਹਾਜ਼ਰੀ ਲਵਾਈ। ਪ੍ਰੋਗਰਾਮ ਦੇ ਮੁੱਖ ਬੁਲਾਰੇ ਡਾਕਟਰ ਕੁਲਦੀਪ ਸਿੰਘ ਦੀਪ ਨੇ ਅੱਜ ਦੇ ਸਮੇਂ ਦੀ ਮੁੱਖ ਸਮੱਸਿਆ ਪਰਵਾਸ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਦੇ ਲੈਕਚਰ ਉਪਰੰਤ 80 ਸਾਲ ਤੋਂ ਵਧੇਰੇ ਦੀ ਉਮਰ ਦੇ ਸੀਨੀਅਰ ਸਿਟੀਜਨ ਸਾਥੀਆਂ ਦਾ ਸਨਮਾਨ ਕੀਤਾ ਗਿਆ ਤੇ ਇਸ ਮਹੀਨੇ ਵਿੱਚ ਜਨਮੇ ਸਾਥੀਆਂ ਦਾ ਜਨਮ ਦਿਨ ਵੀ ਮਨਾਇਆ ਗਿਆ ਅਤੇ ਸਾਰੇ ਸਾਥੀਆਂ ਦੀ ਲੰਮੀ ਉਮਰ ਲਈ ਕਾਮਨਾ ਕੀਤੀ ਗਈ।

ਇਸ ਮੌਕੇ ਗੌਰਮਿੰਟ ਟੀਚਰਜ਼ ਯੂਨੀਅਨ ਦੇ ਪ੍ਰਧਾਨ ਸਰਬਜੀਤ ਸਿੰਘ, ਪੈਨਸ਼ਨਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਡਾਕਟਰ ਅਮਰਜੀਤ ਸਿੰਘ, ਮਲਕੀਅਤ ਸਿੰਘ ਚਾਂਗਲੀ, ਡਾਕਟਰ ਅਵਤਾਰ ਸਿੰਘ ਢੀਂਡਸਾ, ਪੂਰਨ ਰਾਮ ਸ਼ਰਮਾ, ਗੁਰਦੀਪ ਸਿੰਘ ਸਾਰੋਂ, ਕਪਿਲ ਸ਼ਰਮਾ, ਚਰਨਜੀਤ ਸਿੰਘ, ਕਰਨਜੀਤ ਸਿੰਘ ਸੋਹੀ, ਸੁਰਿੰਦਰ ਸ਼ਰਮਾ ਨਾਗਰਾ, ਸੁਰਿੰਦਰ ਸ਼ਰਮਾ ਹਰਚੰਦਪੁਰੀ, ਕਿਰਪਾਲ ਸਿੰਘ ਜਵੰਦਾ, ਮਨੋਹਰ ਸਿੰਘ ਸੱਗੂ, ਪਵਨ ਕੁਮਾਰ ਵਰਮਾ, ਬਾਲ ਕ੍ਰਿਸ਼ਨ ਕਲਸੀ, ਜਸਪਾਲ ਭੱਟੀ, ਗੁਰਜੰਟ ਸਿੰਘ ਬੁਗਰਾ, ਸਾਬਕਾ ਸੈਨਿਕਾਂ ਦੀ ਜਥੇਬੰਦੀ ਵੱਲੋਂ ਸੁਖਦੇਵ ਸਿੰਘ ਕਿਲ੍ਹਾ ਹਕੀਮਾਂ ਵੱਲੋਂ ਹਾਜ਼ਰੀ ਲਵਾਈ ਗਈ। ਅੰਤ ਵਿੱਚ ਐਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਹਰਜਿੰਦਰ ਸਿੰਘ ਢੀਂਡਸਾ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ।

# ਪਿੰਡਾਂ ਦਾ ਵਿਕਾਸ ਕਰਕੇ ਰੰਗਲਾ ਪੰਜਾਬ ਬਣਾਵਾਂਗੇ : ਦਲਬੀਰ ਗਿੱਲ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੇ ਹਰ ਪਿੰਡ ਦਾ ਵਿਕਾਸ ਪਹਿਲ ਦੇ ਅਧਾਰ 'ਤੇ ਕੀਤਾ ਜਾ ਰਿਹਾ ਹੈ, ਜਿਸ ਪ੍ਰਤੀ ਪੰਜਾਬ ਸਰਕਾਰ ਸੁਹਿਰਦ ਹੈ। ਪਿੰਡਾਂ ਦੀਆਂ ਗਲੀਆਂ, ਨਾਲੀਆਂ ਨੂੰ ਛੱਡ ਕੇ ਮੁਢਲੀਆਂ ਲੋੜਾਂ ਸਿੱਖਿਆ, ਸਿਹਤ ਤੇ ਖੇਡਾਂ ਵੱਲ ਹੀ ਉਚੇਚਾ ਧਿਆਨ ਦੇ ਕੇ ਪੰਜਾਬ ਨੂੰ ਵਿਕਾਸ ਦੀਆਂ ਲੀਹਾਂ ਉੱਤੇ ਤੋਰਨ ਲਈ ਸਰਕਾਰ ਲਗਾਤਾਰ ਯਤਨਸ਼ੀਲ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਲੋਕ ਸਭਾ ਪਟਿਆਲਾ ਦੇ ਸੀਨੀਅਰ ਆਗੂ ਦਲਬੀਰ ਸਿੰਘ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਆਪ ਆਗੂ ਦਲਬੀਰ ਸਿੰਘ ਗਿੱਲ ਯੂ ਕੇ ਕਿਹਾ ਕਿ ਪਿਛਲੀਆਂ ਅਕਾਲੀ-ਕਾਂਗਰਸੀ ਸਰਕਾਰਾਂ ਨੇ ਪੰਜਾਬ ਦੇ ਸਿਹਤ ਸਿਸਟਮ ਨੂੰ ਤਹਿਸ-ਨਹਿਸ ਕਰਕੇ ਰੱਖ ਦਿੱਤਾ ਹੈ, ਜਿਸ ਦੇ ਚਲਦਿਆਂ ਵੱਡੇ-ਵੱਡੇ ਹਸਪਤਾਲ ਸਿਰਫ ਬਿਲਡਿੰਗਾਂ 'ਚ ਬਦਲ ਕੇ ਰਹਿ ਗਏ। ਉਨ੍ਹਾਂ ਕਿਹਾ ਕਿ ਹੁਣ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿਹਤ ਸਹੂਲਤਾਂ 'ਚ ਵੱਡੇ ਸੁਧਾਰ ਕਰ ਰਹੀ ਹੈ, ਜਿੱਥੇ ਪੰਜਾਬੀਆਂ ਦੀ ਪ੍ਰਾਈਵੇਟ ਹਸਪਤਾਲਾਂ 'ਚ ਹੁੰਦੀ ਲੁੱਟ ਤੋਂ ਬਚਾਏਗੀ, ਉੱਥੇ ਹੀ ਮਿਆਰੀ ਸਿਹਤ ਸਹੂਲਤਾਂ ਦੇ ਕੇ ਆਪਣੇ ਵਾਅਦੇ ਪ੍ਰਤੀ ਵਚਨਬੱਧ ਰਹੇਗੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸਾਬਕਾ ਪ੍ਰਧਾਨ ਨਰੇਸ਼ ਬਾਂਸਲ, ਜਰਨੈਲ ਸਿੰਘ ਭੁਟਾਲ, ਸੰਦੀਪ ਸਾਂਵਰਾ, ਚਮਕੌਰ ਸਿੰਘ ਨਾੜੂ, ਗੁਰਪ੍ਰੀਤ ਗੁੱਲੀ, ਮੇਜਰ ਸਿੰਘ ਨਿੱਕਾ, ਬਲਦੇਵ ਸਿੰਘ, ਮਨਪ੍ਰੀਤ ਪਟਵਾਰੀ, ਗੁਰੀ ਘੱਗਾ, ਸਤਿਗੁਰ ਸਿੰਘ ਧੂਹੜ, ਬੱਬੂ ਸ਼ਰਮਾ, ਪ੍ਰੀਤ ਬਰਾਸ, ਬੰਟੀ ਸਿੱਧੂ, ਜਸ਼ਨ ਚੌਧਰੀ ਤੇ ਪਰਮਿੰਦਰ ਮੰਦਰਗਿੱਲ ਆਦਿ ਹਾਜ਼ਰ ਸਨ।

# ਮਾਨਿਕ ਗੋਇਲ ਨੂੰ ਧਮਕੀ ਵਿਚਾਰ ਪ੍ਰਗਟਾਵੇ ਦੀ ਅਜ਼ਾਦੀ 'ਤੇ ਸਿੱਧਾ ਹਮਲਾ : ਮਾਨਸ਼ਾਹੀਆ

■ ਸਰਕਾਰ ਆਲੋਚਕਾਂ ਨੂੰ ਡਰਾਉਣ ਦੀ ਬਜਾਏ ਫਾਲਤੂ ਖਰਚਿਆਂ 'ਤੇ ਲਗਾਵੇ ਕਟੌਤੀ

**ਮਾਨਸਾ (ਆਤਮਾ ਸਿੰਘ ਪਮਾਰ)**



ਪੰਜਾਬ ਸਰਕਾਰ ਤੇ ਸੂਬਾ ਪੁਲਸ ਹਰ ਰੋਜ਼ ਕੋਈ ਨਾ ਕੋਈ ਨਵਾਂ ਚੰਦ ਚੜ੍ਹਾ ਕੇ ਵਿਵਾਦਾਂ ਦੇ ਘੇਰੇ ਵਿੱਚ ਹੀ ਰਹਿੰਦੀ ਹੈ। ਹੁਣ ਪੰਜਾਬ ਪੁਲਸ ਨੇ ਪੰਜਾਬ ਸਰਕਾਰ ਦੀ ਪੋਲ ਖੋਲ੍ਹਣ ਵਾਲੇ ਪੰਜਾਬ ਦੇ ਉੱਘੇ ਆਰ ਟੀ ਆਈ ਕਾਰਕੁਨ ਮਾਨਿਕ ਗੋਇਲ ਨੂੰ ਟਵਿੱਟਰ 'ਤੇ ਕੀਤੇ ਟਵੀਟ ਨੂੰ ਡਲੀਟ ਕਰਨ ਦੀਆਂ ਨਵੀਆਂ ਹਦਾਇਤ ਜਾਰੀ ਕਰ ਦਿੱਤੀਆਂ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸਾਹੀਆਂ ਨੇ ਕੀਤਾ। ਉਨਵਾ ਦੱਸਿਆ ਕਿ ਮਾਨਿਕ ਗੋਇਲ ਨੇ ਇੱਕ ਟੈਂਡਰ ਦਾ ਨੋਟਿਸ ਟਵੀਟ ਕੀਤਾ ਕਿ ਪੰਜਾਬ ਸਰਕਾਰ ਇੱਕ 10 ਸੀਟਾਂ ਵਾਲੇ ਵੀ ਵੀ ਆਈ ਪੀ ਜਹਾਜ਼ ਦਾ ਨਵਾਂ ਟੈਂਡਰ ਕੱਢ ਰਹੀ ਹੈ, ਜਿਉਂ ਹੀ ਮਾਨਿਕ ਗੋਇਲ ਨੇ ਇਹ ਆਪਣੇ ਟਵਿੱਟਰ ਹੈਂਡਲ 'ਤੇ ਇਹ ਟਵੀਟ ਕੀਤਾ ਤਾਂ ਪੰਜਾਬ ਪੁਲਸ ਨੇ ਆਪਣੇ ਆਫੀਸ਼ੀਅਲ ਹੈਂਡਲ ਤੋਂ ਲਿਖਿਆ ਕਿ ਇਹ ਡਾਕੂਮੈਂਟ ਸੰਵੇਦਨਸ਼ੀਲ ਹੈ ਤੇ ਸਕਿਉਰਟੀ ਨਾਲ ਸੰਬੰਧਤ ਡਾਕੂਮੈਂਟ ਵੀ ਹੈ, ਇਸ ਨੂੰ ਤੁਰੰਤ ਡਲੀਟ ਕਰੋ ਅਤੇ ਅੱਗੇ ਤੋਂ ਵੀ ਅਜਿਹਾ ਕੁਝ ਪਾਉਣ ਲੱਗੇ ਧਿਆਨ ਰੱਖਿਆ ਕਰੋ। ਇਸ 'ਤੇ ਮਾਨਿਕ ਗੋਇਲ ਨੇ ਜਵਾਬ ਦਿੱਤਾ ਕਿ ਇਹ ਡਲੀਟ ਨਹੀਂ ਹੋਵੇਗਾ, ਕਿਉਂਕਿ ਇਹ ਕੋਈ ਗੁਪਤ ਦਸਤਾਵੇਜ਼ ਨਹੀਂ, ਬਲਕਿ ਸਰਕਾਰੀ ਵੈੱਬਸਾਈਟ 'ਤੇ ਪਿਆ ਹੋਇਆ ਟੈਂਡਰ ਦਾ ਨੋਟਿਸ ਹੈ। ਸਾਬਕਾ ਵਿਧਾਇਕ ਮਾਨਸਾਹੀਆਂ ਨੇ ਪੰਜਾਬ ਪੁਲਸ ਦੀ ਇਸ ਧਮਕੀ-ਨੁਮਾ ਕਾਰਵਾਈ ਦੀ ਕਰੜੇ ਸ਼ਬਦਾਂ ਵਿੱਚ ਨਿੰਦਿਆ ਕੀਤੀ ਤੇ ਕਿਹਾ ਕਿ ਸਰਕਾਰ ਇਹੋ ਜਿਹੇ ਡਰਾਵੇ ਦੇ ਕੇ ਗੋਇਲ ਵਰਗੇ ਕਾਰਕੁਨਾਂ ਨੂੰ ਚੁੱਪ ਕਰਾਉਣਾ ਚਾਹੁੰਦੀ ਹੈ, ਜੋ ਹਰ ਨਵੇਂ ਦਿਨ ਸਰਕਾਰ ਦੀ ਪੋਲ ਖੋਲ੍ਹਦੇ ਰਹਿੰਦੇ ਹਨ। ਮਾਨਸਾ ਨੇ ਕਿਹਾ ਕਿ ਅਸਲ ਵਿੱਚ ਮਾਨਿਕ ਦੁਆਰਾ ਜਦੋਂ ਇਹ ਨੋਟਿਸ ਟਵਿੱਟਰ 'ਤੇ ਨਸ਼ਰ ਕੀਤਾ ਗਿਆ ਤਾਂ ਇਹ ਪੂਰੇ ਦੇਸ਼ ਵਿੱਚ ਵਾਇਰਲ ਹੋ ਗਿਆ, ਜਿਸ ਤੋਂ ਤਲਖ ਹੋ ਕੇ ਸਰਕਾਰ ਨੇ ਮਾਨਿਕ ਨੂੰ ਪੁਲਸ ਤੋਂ ਧਮਕਾਉਣ ਦੀ ਕੋਸ਼ਿਸ਼ ਕਰਵਾਈ ਹੈ। ਜੇਕਰ ਸਰਕਾਰ ਇਸੇ ਤਰ੍ਹਾਂ ਸਵਾਲ ਕਰਨ ਵਾਲੇ ਤੇ ਪੋਲਾਂ ਖੋਲ੍ਹਣ ਵਾਲੇ ਕਾਰਕੁਨਾਂ ਨੂੰ ਡਰਾਉਂਦੀ ਰਹੀ ਤਾਂ ਆਉਂਦੇ ਦਿਨਾਂ ਵਿੱਚ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਗੱਲਬਾਤ ਦੇ ਅਖੀਰ ਵਿੱਚ ਮਾਨਸਾਹੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਡੀਜੀਪੀ ਪੰਜਾਬ ਨੂੰ ਨਸੀਹਤ ਦਿੱਤੀ ਕਿ ਸਰਕਾਰਾਂ ਤੇ ਪੁਲਸ ਬੋਲਣ ਦੀ ਅਜ਼ਾਦੀ ਅਤੇ ਕਾਰਕੁਨਾਂ ਦੀ ਸੁਰੱਖਿਆ ਲਈ ਹੁੰਦੀਆਂ ਹਨ ਨਾ ਕਿ ਡਰਾਵੇ ਦੇਣ ਲਈ। ਮਾਨਿਕ ਗੋਇਲ ਵਰਗੇ ਬਹਾਦਰ ਕਾਰਕੁਨ ਡਰਨ ਵਾਲੇ ਨਹੀਂ, ਅਸੀਂ ਸਾਰੇ ਉਨ੍ਹਾਂ ਦੇ ਨਾਲ ਡੱਟ ਕੇ ਖੜੇ ਹਾਂ।

# ਤਰਕਸ਼ੀਲ ਆਗੂ ਤੇ ਪੰਜਾਬੀ ਲੇਖਕ ਸੁਖਚੈਨ ਸਿੰਘ ਥਾਂਦੇਵਾਲਾ ਨਾਲ ਰੂਬਰੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬੀ ਸਾਹਿਤ ਸਭਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਪੰਜਾਬੀ ਸਾਹਿਤ ਜਗਤ ਤੇ ਕਲਾ ਦੇ ਖੇਤਰ ਵਿੱਚ ਵਿਸ਼ੇਸ਼ ਮੁਕਾਮ ਹਾਸਲ ਕਰਨ ਵਾਲੀਆਂ ਸ਼ਖ਼ਸੀਅਤਾਂ ਨਾਲ ਰੂਬਰੂ ਕਰਨ ਦੀ ਲੜੀ ਨੂੰ ਅੱਗੇ ਤੋਰਦਿਆਂ ਇਸ ਵਾਰ ਤਰਕਸ਼ੀਲ ਸੁਸਾਇਟੀ ਦੇ ਸੂਬਾ ਆਗੂ ਤੇ ਪੰਜਾਬੀ ਲੇਖਕ ਸੁਖਚੈਨ ਸਿੰਘ ਥਾਂਦੇਵਾਲਾ ਨਾਲ ਰੂਬਰੂ ਪ੍ਰੋਗ੍ਰਾਮ ਕਰਵਾਇਆ ਗਿਆ। ਮੰਚ ਸੰਚਾਲਨ ਕਰਦਿਆਂ ਸਾਹਿਤ ਸਭਾ ਦੇ ਜਨਰਲ ਸਕੱਤਰ ਕੁਲਵੰਤ ਸਰੋਤਾ ਨੇ ਸਾਰਿਆਂ ਨੂੰ ਜੀ ਆਇਆਂ ਆਖਦਿਆਂ ਮਹਿਮਾਨ ਲੇਖਕ ਨਾਲ ਸੰਖੇਪ 'ਚ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਕਿ ਸੁਖਚੈਨ ਥਾਂਦੇਵਾਲਾ ਨੇ ਤਰਕਸ਼ੀਲ ਸੁਸਾਇਟੀ ਦੇ ਸੂਬਾ ਆਗੂ ਹੁੰਦਿਆਂ ਜਨ ਸਧਾਰਨ ਨੂੰ ਵਹਿਮਾਂ ਭਰਮਾਂ 'ਚੋਂ ਨਿੱਕਲ ਕੇ ਤਰਕਸ਼ੀਲ ਸੋਚ ਅਪਣਾਉਣ 'ਤੇ ਜ਼ੋਰ ਦਿੱਤਾ। ਸਾਹਿਤਕ ਖੇਤਰ 'ਚ ਇਨ੍ਹਾਂ ਦੀ ਮਿੰਨੀ ਕਹਾਣੀਆਂ ਦੀ ਕਿਤਾਬ 'ਪ੍ਰਤਾਪ' ਛਪ ਚੁੱਕੀ ਹੈ ਤੇ ਕੁੱਝ ਕਿਤਾਬਾਂ ਛਪਾਈ ਅਧੀਨ ਹਨ।

ਰੂਬਰੂ ਦੌਰਾਨ ਸੁਖਚੈਨ ਨੇ ਆਪਣੀ ਲਿਖਣ ਪ੍ਰਕਿਰਿਆ ਬਾਰੇ ਦੱਸਿਆ ਤੇ ਆਪਣੀ ਜ਼ਿੰਦਗੀ ਦੀਆਂ ਤਲਖ ਤੇ ਕੌੜੀਆਂ ਯਾਦਾਂ ਬਾਰੇ ਗੱਲ ਕੀਤੀ। ਹਾਜ਼ਰੀਨ ਵੱਲੋਂ ਕੀਤੇ ਸਵਾਲਾਂ ਦੇ ਜਵਾਬ ਉਨ੍ਹਾਂ ਬੜੀ ਬੇਬਾਕੀ ਤੇ ਵਿਸਥਾਰ ਨਾਲ ਦਿੱਤੇ। ਇਸ ਮੌਕੇ ਲੇਖਕ ਹੀਰਾ ਸਿੰਘ ਤੂਤ ਦਾ ਨਾਵਲ 'ਬੱਸ ਏਦਾਂ ਹੀ', ਗੁਰਦਰਸ਼ਨ ਸਿੰਘ ਡੈਨੀ ਦਾ ਕਹਾਣੀ ਸੰਗ੍ਰਹਿ 'ਧਰਮੀ ਕੌਣ' ਤੇ ਚੌਧਰੀ ਅਮੀ ਚੰਦ ਦਾ ਕਾਵਿ ਸੰਗ੍ਰਹਿ 'ਸੁਨਿਹਰੇ ਪਲ' ਲੋਕ ਅਰਪਣ ਕੀਤੇ ਗਏ। ਇਸ ਮੌਕੇ ਸਰਦੂਲ ਸਿੰਘ ਬਰਾੜ, ਬਲਦੇਵ ਇਕਵੰਨ, ਗੁਰਮੀਤ ਸਿੰਘ ਸਿੱਧੂ, ਚੌਧਰੀ ਅਮੀ ਚੰਦ, ਮੁਖਤਿਆਰ ਸਿੰਘ ਬੰਗੜ, ਚਰਨਜੀਤ ਸਿੰਘ ਚੰਬੇਲੀ, ਅਮਰ ਪਰਮਿੰਦਰ, ਪ੍ਰਗਟ ਸਿੰਘ ਜੰਬਰ, ਜੀਤ ਕੰਮੇਆਣਾ, ਹੀਰਾ ਸਿੰਘ ਤੂਤ, ਮਨਜਿੰਦਰ ਗੋਲ੍ਹੀ, ਸੁਖਜਿੰਦਰ ਸਿੰਘ ਤੂੰਬੜਭੰਨ, ਨੀਲਾ ਸਿੰਘ ਰੱਲਾ, ਵਤਨਵੀਰ ਜ਼ਖ਼ਮੀ, ਸੰਤੋਸ਼ ਕੁਮਾਰੀ, ਸੁੱਖ ਸੰਧੂ, ਬਲਰਾਜ ਸਿੰਘ ਚੌਹਾਨ, ਮਰਜਾਣਾ ਸ਼ਾਇਰ, ਲਵਲੀ ਮਾਨ, ਹਰਦੇਵ ਹਮਦਰਦ, ਜੱਸੀ ਜਸਪਾਲ ਵਧਾਈਆਂ, ਸ਼ਿਵ ਨਾਥ ਦਰਦੀ, ਪੰਮਾ ਖੋਖਰ, ਕੁਲਵੰਤ ਸਰੋਤਾ, ਬਿੱਕਰ ਸਿੰਘ ਵਿਯੋਗੀ, ਚੂਹੜ ਸਿੰਘ ਬਰਾੜ, ਗੁਰਾਂਦਿੱਤਾ ਸਿੰਘ ਸੰਧੂ, ਸੁਖਜਿੰਦਰ ਭੰਗਚੜੀ, ਗੁਰਦਰਸ਼ਨ ਸਿੰਘ ਡੈਨੀ, ਗੁਰਦੇਵ ਸਿੰਘ ਘਾਰੂ ਤੇ ਮੋਹਰ ਗਿੱਲ ਸਿਰਸੜੀ ਆਦਿ ਲੇਖਕਾਂ ਨੇ ਆਪਣੀਆਂ ਰਚਨਾਵਾਂ ਦੀ ਪੇਸ਼ਕਾਰੀ ਕੀਤੀ। ਆਖਰ 'ਚ ਪੰਜਾਬੀ ਸਾਹਿਤ ਸਭਾ ਵੱਲੋਂ ਮਹਿਮਾਨ ਲੇਖਕ ਸੁਖਚੈਨ ਥਾਂਦੇਵਾਲਾ ਨੂੰ ਸਨਮਾਨ ਚਿੰਨ੍ਹ, ਡਾਇਰੀ ਤੇ ਪੈੱਨ ਨਾਲ ਸਨਮਾਨਤ ਕੀਤਾ ਗਿਆ।

## ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਵਿਖੇ ਕੀਤੀ ਸਫਾਈ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ ਨਰਸਿੰਗ ਐਂਡ ਪੈਰਾ ਮੈਡੀਕਲ ਸਾਇੰਸਜ਼ ਸ੍ਰੀ ਮੁਕਤਸਰ ਸਾਹਿਬ ਵਿਖੇ ਡਾ: ਜ਼ੋਰਾ ਸਿੰਘ ਚੇਅਰਮੈਨ ਤੇ ਚਾਂਸਲਰ ਡਾ: ਸ੍ਰੀਮਤੀ ਤਜਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀਮਤੀ ਰੁਪਿੰਦਰ ਕੌਰ ਬੁੱਟਰ ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ ਮਿਸਿਜ਼ ਮਨਜਿੰਦਰ ਕੌਰ ਬਰਾੜ ਤੇ ਸੁਪਰਡੈਂਟ ਮੇਜਰ ਚੰਦ ਦੀ ਅਗਵਾਈ 'ਚ 'ਏਕ ਤਰੀਕ ਏਕ ਘੰਟਾ' ਤਹਿਤ ਸਫਾਈ ਅਭਿਆਨ ਚਲਾਇਆ ਗਿਆ, ਜਿਸ ਵਿੱਚ ਬੱਚਿਆਂ ਤੇ ਸਟਾਫ ਨੇ ਮਿਲ ਕੇ ਕਾਲਜ ਦੇ ਪਾਰਕ, ਕਾਲਜ ਦੇ ਸਾਹਮਣੇ ਦਾ ਏਰੀਆ ਤੇ ਆਪਣੇ ਕਲਾਸ ਰੂਮ, ਲੈਬ ਤੇ ਆਲੇ ਦੁਆਲੇ ਦੀ ਸਾਫ ਸਫਾਈ ਦਾ ਜ਼ਿੰਮਾ ਲੈ ਕੇ ਇੱਕ ਅੱਛੀ ਕਾਰਗੁਜ਼ਾਰੀ ਦਿਖਾਈ। ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਰੁਪਿੰਦਰ ਕੌਰ ਬੁੱਟਰ ਨੇ ਆਪਣੇ ਆਲੇ ਦੁਆਲੇ ਨੂੰ ਸਾਫ ਸੁਥਰਾ ਰੱਖਣ, ਪਲਾਸਟਿਕ ਨਾ ਵਰਤਣ ਤੇ ਕੂੜੇ ਨੂੰ ਸਹੀ ਤਰੀਕੇ ਨਾਲ ਨਿਪਟਾਰਾ ਕਰਨ ਦੀ ਅਪੀਲ ਕੀਤੀ। ਇਸ ਮੌਕੇ ਕਾਲਜ ਦੇ ਸੁਪਰਵਾਈਜ਼ਰ ਦਿਲਬਾਗ ਸਿੰਘ ਬਾਗੀ ਦੀ ਆਪਣੀ ਟੀਮ ਨਾਲ ਅਹਿਮ ਭੂਮਿਕਾ ਰਹੀ। ਇਸ ਮਿਸ਼ਨ ਤਹਿਤ ਸਾਰਿਆਂ ਵਿੱਚ ਇੱਕ ਵੱਖਰਾ ਉਤਸ਼ਾਹ ਵੇਖਣ ਨੂੰ ਮਿਲਿਆ। ਇਸ ਮੌਕੇ ਵਿਦਿਆਰਥੀਆਂ ਨੇ ਪ੍ਰਣ ਲਿਆ ਕਿ ਉਹ ਆਪਣੇ ਆਲੇ ਦੁਆਲੇ ਦੀ ਸਾਫ਼ ਸਫਾਈ ਦਾ ਖਾਸ ਖ਼ਿਆਲ ਰੱਖਣਗੇ।

3-Oct-PAGE-11-Majha-23.qxd 10/2/2023 10:34 PM Page 1



## ਸੀ ਪੀ ਆਈ ਕਾਨਫਰੰਸ ਲਈ ਫਤਿਹਾਬਾਦ ਤੋਂ ਚੱਲੇਗਾ ਸਾਥੀਆਂ ਦਾ ਵਿਸ਼ਾਲ ਕਾਫਲਾ: ਬਲਜੀਤ ਸਿੰਘ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਗੱਦੀ ਦਿਵਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ 3 ਅਕਤੂਬਰ ਨੂੰ ਕਾਰਵਾਈ ਜਾ ਰਹੀ ਵਿਸ਼ਾਲ ਕਾਨਫਰੰਸ ਵਿੱਚ ਬ੍ਰਾਂਚ ਫਤਿਹਾਬਾਦ ਤੋਂ ਕਾਫਲੇ ਦੇ ਰੂਪ ਵਿੱਚ ਸਾਥੀ ਪਹੁੰਚਣਗੇ ਜਿਸ ਦੀ ਜਾਣਕਾਰੀ ਕਾਮਰੇਡ ਬਲਜੀਤ ਸਿੰਘ ਫਤਿਹਾਬਾਦ ਜ਼ਿਲ੍ਹਾ ਕੌਂਸਲ ਮੈਂਬਰ ਸੀਪੀਆਈ ਤੇ ਕਾਮਰੇਡ ਗੁਰਚਰਨ ਸਿੰਘ ਕੰਡਾ ਸੀਪੀਆਈ ਮੀਤ ਸਕੱਤਰ ਖਡੂਰ ਸਾਹਿਬ ਨੇ ਮੀਟਿੰਗ ਕਰਨ ਉਪਰੰਤ ਦਿੱਤੀ।

ਕਾਨਫਰੰਸ ਵਿਚ ਅੱਤ ਦੀ ਮਹਿੰਗਾਈ ਅਤੇ ਲੱਖਾਂ ਦੀ ਗਿਣਤੀ ਵਿਚ ਬੇਰੁਜ਼ਗਾਰਾਂ ਦੇ ਮਸਲੇ ਵਿਚਾਰੇ ਜਾਣਗੇ ਅਤੇ ਪੰਜਾਬ ਵਿੱਚ ਹਫੜਾ-ਦਫੜੀ ਵਾਲਾ ਮਾਹੌਲ ਅਤੇ ਪੰਜਾਬ ਦੇ ਰੁਕੇ ਹੋਏ ਵਿਕਾਸ ਦੀ ਪੋਲ ਖੋਲ੍ਹੀ ਜਾਊਗੀ। ਸਰਕਾਰ ਤੋਂ ਮੰਗ ਕੀਤੀ ਜਾਵੇਗੀ ਕਿ ਡਿਪੂਆਂ 'ਤੇ 14 ਵਸਤੂਆਂ ਸਪਲਾਈ ਕੀਤੀਆਂ ਜਾਣ, ਨਰੇਗਾ ਕਾਮਿਆਂ ਨੂੰ ਸਾਲ ਵਿੱਚ 200 ਦਿਨ ਕੰਮ ਤੇ 1000 ਦਿਹਾੜੀ, ਬੁਢਾਪਾ ਵਿਧਵਾ ਤੇ ਅੰਗਹੀਣ ਪੈਨਸ਼ਨ 3000 ਰੁਪਏ ਮਹੀਨਾ, ਮਜ਼ਦੂਰਾਂ ਨੂੰ 10-10 ਮਰਲੇ ਦੇ ਪਲਾਟ, ਹੜ੍ਹਾਂ ਕਾਰਨ ਕਿਸਾਨਾਂ ਨੂੰ ਹੋਏ ਨੁਕਸਾਨ ਦਾ ਪ੍ਰਤੀ ਏਕੜ 50000 ਮੁਆਵਜ਼ਾ ਦਿੱਤਾ ਜਾਵੇ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਲੋਕਾਂ ਦੇ ਪੈਂਡਿੰਗ ਪਏ ਕੇਸਾਂ ਦਾ ਟਿਪਟਾਰਾ ਕੀਤਾ ਜਾਵੇ ਜੋ ਗੋਇੰਦਵਾਲ ਥਾਣੇ ਵਿੱਚ ਦਰਖ਼ਾਸਤਾਂ ਪੈਂਡਿੰਗ ਹਨ। ਮੀਟਿੰਗ ਵਿੱਚ ਪੰਜਾਬ ਇਸਤਰੀ ਸਭਾ ਦੇ ਆਗੂ ਹਰਜੀਤ ਕੌਰ ਫਤਿਹਾਬਾਦ ਨੇ ਮੰਗ ਕੀਤੀ ਕੀ ਕਾਂਗਰਸ ਸਰਕਾਰ ਵੇਲੇ ਅਤੇ ਭਗਵੰਤ ਮਾਨ ਦੇ ਸਰਕਾਰ ਵਲੋਂ ਨਵੇਂ ਰਾਸ਼ਨ ਕਾਰਡ ਬਣਾਉਣ ਵਾਲੀ ਬੰਦ ਕੀਤੀ ਸਾਈਟ ਖੋਲ੍ਹ ਕੇ ਰਾਸ਼ਨ ਕਾਰਡਾਂ 'ਚ ਨਵੇਂ ਨਾਂ ਦਾਖ਼ਲ ਕੀਤੇ ਜਾਣ।

ਮੀਟਿੰਗ ਵਿੱਚ ਕਾਮਰੇਡ ਜਸਵੰਤ ਸਿੰਘ, ਕਾਮਰੇਡ ਜਸਪਾਲ ਸਿੰਘ, ਕਾਮਰੇਡ ਬਿਮਲਾ ਕੁਮਾਰੀ, ਕਾਮਰੇਡ ਮਨਜੀਤ ਕੌਰ, ਕਾਮਰੇਡ ਸੁਰਜੀਤ ਸਿੰਘ, ਕਾਮਰੇਡ ਦਲਬੀਰ ਸਿੰਘ ਰੀਟਾਈਡ ਪੰਚਾਇਤ ਸਕੱਤਰ, ਕਾਮਰੇਡ ਦਲਬੀਰ ਸਿੰਘ ਠੇਕੇਦਾਰ, ਕਾਮਰੇਡ ਬਲਕਾਰ ਸਿੰਘ, ਬਿੱਟੂ ਅਤੇ ਰਣਜੀਤ ਸਿੰਘ ਹਾਜ਼ਰ ਸਨ।

## 'ਸਵੱਛ ਭਾਰਤ ਮੁਹਿੰਮ' ਤਹਿਤ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਵਿਖੇ ਕੀਤੀ ਸਾਫ-ਸਫਾਈ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਗਾਂਧੀ ਜਯੰਤੀ ਨੂੰ ਮੁੱਖ ਰੱਖਦੇ ਹੋਏ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਗਈ ਸੀ ਕਿ ਆਪਣੇ ਦੇਸ਼, ਗਲੀ, ਮੁਹੱਲੇ, ਪਿੰਡਾਂ ਅਤੇ ਸ਼ਹਿਰਾਂ ਨੂੰ ਸਵੱਛ ਭਾਰਤ ਮੁਹਿੰਮ ਅਭਿਆਨ ਦੌਰਾਨ ਸਾਫ-ਸੁਥਰਾ ਰੱਖਿਆ ਜਾਵੇ ਜਿਸ ਦੇ ਤਹਿਤ ਭਾਰਤ ਕੌਮਾਂਤਰੀ ਸਰਹੱਦ ਡੇਰਾ ਬਾਬਾ ਨਾਨਕ 'ਤੇ ਬਣੇ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਟਰਮੀਨਲ ਅੰਦਰ ਲੈਂਡ ਪੋਰਟ ਅਥਾਰਟੀ ਆਫ ਇੰਡੀਆ ਦੇ ਜਨਰਲ ਮੈਨੇਜਰ ਟੀ. ਆਰ. ਸ਼ਰਮਾ ਦੀ ਅਗਵਾਈ ਹੇਠ ਸਵੱਛ ਭਾਰਤ ਮੁਹਿੰਮ ਤਹਿਤ ਸਫਾਈ ਅਭਿਆਨ ਚਲਾਇਆ ਗਿਆ ਜਿਸ ਵਿੱਚ ਬੀਐੱਸਐੱਫ, ਫੌਜ, ਕਸਟਮ, ਇਮੀਗ੍ਰੇਸ਼ਨ ਅਧਿਕਾਰੀ, ਲੈਂਡ ਪੋਰਟ ਅਥਾਰਟੀ ਆਫ ਇੰਡੀਆ ਦੇ ਅਧਿਕਾਰੀ ਤੇ ਕਰਮਚਾਰੀ ਅਤੇ ਇਲਾਕੇ ਦੇ ਸਿਵਿਲੀਅਨ ਲੋਕਾਂ ਨੇ ਭਾਗ ਲਿਆ। ਇਸ ਮੌਕੇ ਗੱਲਬਾਤ ਦੌਰਾਨ ਲੈਂਡ ਪੋਰਟ ਅਥਾਰਟੀ ਆਫ ਇੰਡੀਆ ਦੇ ਜਨਰਲ ਮੈਨੇਜਰ ਟਿੱਕਾ ਰਾਮ ਸ਼ਰਮਾ ਨੇ ਦੱਸਿਆ ਕਿ ਗਾਂਧੀ ਜਯੰਤੀ ਮੌਕੇ ਸਵੱਛ ਭਾਰਤ ਮੁਹਿੰਮ ਤਹਿਤ ਕਰਤਾਰਪੁਰ ਸਾਹਿਬ ਕੋਰੀਡੋਰ ਚੈੱਕ ਪੋਸਟ ਡੇਰਾ ਬਾਬਾ ਨਾਨਕ ਵਿਖੇ ਸਫਾਈ ਅਭਿਆਨ ਚਲਾਇਆ ਗਿਆ ਹੈ। ਉਨ੍ਹਾਂ ਦੇਸ਼ ਦੇ ਹਰ ਇੱਕ ਨਾਗਰਿਕ ਨੂੰ ਅਪੀਲ ਕੀਤੀ ਕਿ ਆਪਣੇ ਆਲੇ ਦੁਆਲੇ ਦੀ ਸਫਾਈ ਅਤੇ ਹੋਰਨਾ ਗੰਦਗੀ ਵਾਲੇ ਇਲਾਕਿਆਂ ਦੀ ਸਫਾਈ ਕਰਕੇ ਸਵੱਛ ਭਾਰਤ ਮੁਹਿੰਮ ਦਾ ਵੱਡਾ ਹਿੱਸਾ ਬਣਨ। ਇਸ ਮੌਕੇ ਲੈਂਡ ਪੋਰਟ ਅਥਾਰਟੀ ਆਫ ਇੰਡੀਆ ਦੇ ਅਧਿਕਾਰੀਆਂ ਵੱਲੋਂ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਰਿਫਰੈਸ਼ਮਿੰਟ ਵੀ ਦਿੱਤੀ ਗਈ। ਇਸ ਮੌਕੇ ਐਲ. ਪੀ. ਆਈ. ਦੇ ਅਧਿਕਾਰੀ ਮਨਜੀਤ ਸਿੰਘ, ਰੋਮੀਓ ਅਸਿਸਟੈਂਟ ਕਮਾਡੈਂਟ 24 ਬਟਾਲੀਅਨ ਬੀਐੱਸਐੱਫ, ਕੰਪਨੀ ਕਮਾਂਡਰ ਕੇ. ਆਰ. ਲਾਮਕੰਗ ਤੋਂ ਇਲਾਵਾ ਸਾਬਕਾ ਸੈਨਿਕ, ਇਮੀਗ੍ਰੇਸ਼ਨ ਵਿਭਾਗ ਦੇ ਅਧਿਕਾਰੀ, ਫੌਜ, ਬੀਐੱਸਐੱਫ ਦੇ ਜਵਾਨਾਂ ਅਤੇ ਲੈਂਡ ਪੋਰਟ ਆਫ ਅਥਾਰਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਇਸ ਸਵੱਛ ਭਾਰਤ ਮੁਹਿੰਮ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ।

## ਨਹਿਰ ਅਪਰਬਾਰੀ ਦੁਆਬ 'ਤੇ ਬਣੇ ਪੁਲ ਉਪਰ ਲਾਈਟਾਂ ਨਾ ਹੋਣ ਕਾਰਨ ਲੋਕ ਪ੍ਰੇਸ਼ਾਨ



ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਪੈਂਦੀ ਨਹਿਰ ਅਪਰਬਾਰੀ ਦੁਆਬ 'ਤੇ ਬਣੇ ਪੁਲ 'ਤੇ ਲੱਗੀਆਂ ਸੋਲਰ ਲਾਈਟਾਂ ਰਾਤ ਨੂੰ ਨਾ ਜਗਣ ਕਾਰਨ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ ਜਿਸ ਕਾਰਨ ਇਲਾਕਾ ਵਾਸੀਆਂ ਦਾ ਪੰਜਾਬ ਸਰਕਾਰ ਤੇ ਸੰਬੰਧਿਤ ਵਿਭਾਗ ਵਲੋਂ ਧਿਆਨ ਨਾ ਦੇਣ ਕਰਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕੁਝ ਸਾਲ ਪਹਿਲਾ ਨਹਿਰ ਅਪਰਬਾਰੀ ਦੁਆਬ ਤੇ ਕਸੂਰ ਬਰਾਂਚ ਨਹਿਰ ਨੂੰ ਜਾਣ ਵਾਸਤੇ ਇਕ ਹੀ ਪੁਲ ਬਣਾਇਆ ਗਿਆ ਸੀ ਅਤੇ ਰਾਤ ਨੂੰ ਰੌਸ਼ਨੀ ਵਾਸਤੇ ਸੋਲਰ ਲਾਈਟਾਂ ਦੇ ਕਰੀਬ 18 ਪੋਲ ਲਗਾਏ ਗਏ ਸੀ ਜੋ ਕੁਝ ਸਮੇਂ ਬਾਅਦ ਹੀ ਲਾਈਟਾਂ ਜਗਣੋਂ ਬੰਦ ਹੋ ਗਈਆਂ ਅਤੇ ਖੰਭੇ ਵੀ ਟੁੱਟ ਭੱਜ ਗਏ ਸਨ। ਹੁਣ ਇਹ ਪੋਲ ਟੁੱਟੇ ਭੱਜੇ ਜਿੱਥੇ ਨਜ਼ਰ ਆਉਂਦੇ ਹਨ ਉਥੇ ਹੀ ਇਨ੍ਹਾਂ ਪੁਲਾਂ 'ਤੇ ਲੱਗੀਆਂ ਬੈਟਰੀਆਂ ਵੀ ਗਾਇਬ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਨਹਿਰ 'ਤੇ ਬਣੇ ਪੁਲ ਰਾਹੀਂ ਰੋਜ਼ਾਨਾ ਦਿਨ-ਰਾਤ ਸੈਂਕੜਿਆਂ ਦੀ ਗਿਣਤੀ ਵਿਚ ਛੋਟੇ-ਵੱਡੇ ਵਾਹਨ ਦਿੱਲੀ, ਜਲੰਧਰ, ਚੰਡੀਗੜ੍ਹ ਆਦਿ ਸ਼ਹਿਰਾਂ ਤੋਂ ਇਲਾਵਾ ਜੰਮੂ, ਸ੍ਰੀਨਗਰ ਨੂੰ ਵੀ ਆਉਂਦੇ-ਜਾਂਦੇ ਹਨ। ਲੋਕਾਂ ਨੇ ਦੱਸਿਆ ਕਿ ਪੁਲ 'ਤੇ ਰਾਤ ਸਮੇਂ ਹਨੇਰਾ ਹੋਣ ਕਾਰਨ ਕਈ ਵਾਰ ਦੋਪਹੀਆ ਵਾਹਨ ਆਪਸ ਵਿਚ ਟਕਰਾ ਕੇ ਹਾਦਸਾਗ੍ਰਸਤ ਹੋ ਚੁੱਕੇ ਹਨ। ਇਲਾਕਾ ਵਾਸੀਆਂ ਨੇ ਗੁਰਦਾਸਪੁਰ ਪ੍ਰਸ਼ਾਸਨ ਅਤੇ ਨਹਿਰੀ ਵਿਭਾਗ ਦੇ ਉਚ ਅਧਿਕਾਰੀਆਂ ਪਾਸੋਂ ਮੰਗ ਕੀਤੀ ਕਿ ਪੁਲ 'ਤੇ ਬੰਦ ਅਤੇ ਖ਼ਰਾਬ ਹੋਈਆਂ ਲਾਈਟਾਂ ਨੂੰ ਚਾਲੂ ਕੀਤਾ ਜਾਵੇ।

## ਬਲਜਿੰਦਰ ਸਿੰਘ ਦੀ ਪ੍ਰੇਰਨਾ ਸਦਕਾ ਦਰਜਨਾਂ ਪਰਿਵਾਰਾਂ ਵੱਲੋਂ ਭਾਜਪਾ 'ਚ ਸ਼ਮੂਲੀਅਤ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਭਾਰਤੀ ਜਨਤਾ ਪਾਰਟੀ ਨੂੰ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਪੱਟੀ ਦੇ ਇਤਿਹਾਸਿਕ ਪਿੰਡ ਕੈਰੋਂ ਵਿੱਚ ਉਸ ਵਕਤ ਵੱਡਾ ਹੁਲਾਰਾ ਮਿਲਿਆ ਜਦੋਂ ਬਲਜਿੰਦਰ ਸਿੰਘ ਦੀ ਪ੍ਰੇਰਨਾ ਸਦਕਾ ਦਰਜਨਾਂ ਪਰਿਵਾਰਾਂ ਨੇ ਭਾਜਪਾ ਵਿੱਚ ਸ਼ਮੂਲੀਅਤ ਕੀਤੀ। ਸ਼ਾਮਿਲ ਹੋਏ ਪਰਿਵਾਰਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਭਾਜਪਾ ਆਮ ਲੋਕਾਂ ਦੀ ਪਾਰਟੀ ਹੈ ਅਤੇ ਇਸ ਵਿੱਚ ਮਿਹਨਤ ਕਰਨ ਵਾਲੇ ਵਰਕਰਾਂ ਨੂੰ ਅਹੁਦੇ ਦਿੱਤੇ ਜਾਂਦੇ ਹਨ ਅਤੇ ਭਾਜਪਾ ਵਿੱਚ ਭਾਈ ਭਤੀਜਾਵਾਦ ਦੀ ਕੋਈ ਥਾਂ ਨਹੀਂ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਸ਼ਮੂਲੀਅਤ ਕਰਨ ਵਾਲਿਆਂ ਨੂੰ ਪਾਰਟੀ ਦੇ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਇਕੱਠ ਨੂੰ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ, ਸਾਬਕਾ ਚੇਅਰਮੈਨ ਰਣਜੀਤ ਸਿੰਘ ਮਿਆਂਵਿੰਡ, ਜ਼ਿਲ੍ਹਾ ਮੀਤ ਪ੍ਰਧਾਨ ਅਮਰਪਾਲ ਸਿੰਘ ਖਹਿਰਾ, ਸ਼ਿਵ ਕੁਮਾਰ ਸੋਨੀ, ਅਤੁਲ ਜੈਨ ਪੱਟੀ, ਸੀਨੀਅਰ ਆਗੂ ਹਰਪ੍ਰੀਤ ਸਿੰਘ ਸਿੰਦਬਾਦ, ਬਲਜਿੰਦਰ ਸਿੰਘ ਕੈਰੋਂ, ਜ਼ਿਲਾ ਜਨਰਲ ਸਕੱਤਰ ਸੁਰਜੀਤ ਸਾਗਰ, ਮੰਡਲ ਪ੍ਰਧਾਨ ਕਾਰਜ ਸਿੰਘ ਸ਼ਾਹ ਨੇ ਸੰਬੋਧਨ ਕੀਤਾ। ਇਸ ਮੌਕੇ ਕੁਲਦੀਪ ਸਿੰਘ, ਪ੍ਰਤਾਪ ਸਿੰਘ, ਰਣਜੀਤ ਸਿੰਘ, ਬਲਵਿੰਦਰ ਸਿੰਘ, ਰਜਿੰਦਰ ਸਿੰਘ, ਕੁਲਵੰਤ ਸਿੰਘ, ਹਰਪ੍ਰੀਤ ਸਿੰਘ, ਦਵਿੰਦਰ ਸਿੰਘ, ਬਲਵਿੰਦਰ ਸਿੰਘ, ਹਰਜਿੰਦਰ ਸਿੰਘ, ਰਾਮ ਸਿੰਘ, ਕਸ਼ਮੀਰ ਕੌਰ, ਮਨਜੀਤ ਕੌਰ, ਦਰਸ਼ਨ ਕੌਰ, ਜਸਵਿੰਦਰ ਕੌਰ, ਸਰਬਜੀਤ ਕੌਰ ਨੇ ਪਰਿਵਾਰਾਂ ਸਮੇਤ ਭਾਰਤੀ ਜਨਤਾ ਪਾਰਟੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਉਪਰੋਕਤ ਤੋਂ ਇਲਾਵਾ ਮੰਡਲ ਪ੍ਰਧਾਨ ਗੌਰਵ ਦੇਵਗਨ ਸਰਹਾਲੀ, ਪਵਨ ਦੇਵਗਨ ਚੋਹਲਾ ਸਾਹਿਬ, ਪਦਮ ਕਿਸ਼ੋਰ, ਸਰਕਲ ਜਨਰਲ ਸਕੱਤਰ ਹਰਪਾਲ ਸੋਨੀ, ਰਾਜਬੀਰ ਸਿੰਘ, ਅਵਤਾਰ ਸਿੰਘ, ਹਰਪਾਲ ਸਿੰਘ, ਸੁਖਚੰਦਨ ਦੀਪ ਸਿੰਘ, ਸੁਖਵਿੰਦਰ ਸਿੰਘ ਸਿੰਘਪੁਰਾ, ਜਤਿੰਦਰ ਕੁਮਾਰ ਬੱਬੂ, ਕੁਲਵੰਤ ਸਿੰਘ, ਨਿਰਮਲ ਸਿੰਘ ਨੰਦਪੁਰ, ਬਲਦੇਵ ਸਿੰਘ, ਗੁਰਮੁੱਖ ਸਿੰਘ, ਲਵਪ੍ਰੀਤ ਸਿੰਘ, ਅਮਰੀਕ ਸਿੰਘ, ਪ੍ਰਤਾਪ ਸਿੰਘ, ਪ੍ਰੀਤਮ ਸਿੰਘ, ਹਰਭਜਨ ਸਿੰਘ, ਗੁਰਵਿੰਦਰ ਸਿੰਘ, ਹਰਜਿੰਦਰ ਸਿੰਘ, ਨਿਰਬਿੰਦਰ ਸਿੰਘ, ਦਿਲਬਾਗ ਸਿੰਘ ਆਦਿ ਭਾਜਪਾ ਆਗੂ ਵੀ ਮੌਜੂਦ ਸਨ।

## ਗਾਂਧੀ ਜਯੰਤੀ ਨੂੰ ਸਮਰਪਿਤ ਸਫਾਈ ਅਭਿਆਨ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਪਿੰਡ ਪਨਿਆੜ ਵਿਖੇ ਪੰਜਾਬ ਪ੍ਰਧਾਨ ਭਾਜਪਾ ਸੁਨੀਲ ਕੁਮਾਰ ਜਾਖੜ ਅਤੇ ਜ਼ਿਲ੍ਹਾ ਪ੍ਰਧਾਨ ਭਾਜਪਾ ਸ਼ਿਵਬੀਰ ਸਿੰਘ ਰਾਜਨ ਜ਼ਿਲ੍ਹਾ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਮੰਡਲ ਪ੍ਰਧਾਨ ਸੈਂਪੀ ਸੋਹਲ ਦੀ ਹਾਜ਼ਰੀ ਵਿੱਚ ਸਫਾਈ ਅਭਿਆਨ ਚਲਾਇਆ ਗਿਆ ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਯਸ਼ਪਾਲ ਕੁੰਡਲ ਭਾਜਪਾ ਜ਼ਿਲ੍ਹਾ ਜਨਰਲ ਸਕੱਤਰ ਗੁਰਦਾਸਪੁਰ ਪਹੁੰਚੇ।

ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਪੂਰੇ ਦੇਸ਼ ਵਿੱਚ ਚਲਾਇਆ ਜਾ ਰਿਹਾ ਸਵੱਛ ਭਾਰਤ ਅਭਿਆਨ ਤਹਿਤ ਸ਼ਿਵਾਲਾ ਮੰਦਰ ਪਨਿਆੜ ਵਿਖੇ ਸਫਾਈ ਕੀਤੀ ਗਈ। ਇਹ ਅਭਿਆਨ ਗਾਂਧੀ ਜਯੰਤੀ ਨੂੰ ਸਮਰਪਿਤ ਕੀਤਾ ਗਿਆ। ਕੁੰਡਲ ਨੇ ਕਿਹਾ ਕਿ ਸਾਨੂੰ ਆਪਣੇ ਆਲੇ-ਦੁਆਲੇ ਸਫਾਈ ਦਾ ਧਿਆਨ ਰੱਖਣਾ ਚਾਹੀਦਾ ਹੈ ਕਿਉਂਕਿ ਇਸ ਵਕਤ ਡੇਂਗੂ ਅਤੇ ਚਿਕਨਗੁਨੀਆ ਨਾਲ ਕਾਫੀ ਲੋਕ ਪ੍ਰਭਾਵਿਤ ਹੋਏ ਹਨ। ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਇਸ ਸਬੰਧੀ ਯੋਗ ਪ੍ਰਬੰਧ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਰਾਹਤ ਮਿਲ ਸਕੇ। ਇਸ ਅਭਿਆਨ ਵਿਚ ਲੀਲਾ ਠਾਕਰ, ਸੁਮਨ ਬਾਲਾ, ਕਸ਼ਮੀਰ ਸਿੰਘ ਠਾਕਰ, ਸੰਗੀਤਾ, ਪ੍ਰਦੀਪ ਕੁਮਾਰ, ਦਰਸ਼ਨਾ ਦੇਵੀ, ਦਵਿੰਦਰ ਸਿੰਘ ਅਤੇ ਡਿੰਪਲ ਹਾਜ਼ਰ ਸਨ।

## ਜੀ ਜੀ ਐੱਸ ਬਾਕਸਿੰਗ ਕਲੱਬ ਬਖਤਪੁਰ ਦੀ ਜ਼ਿਲ੍ਹਾ ਪੱਧਰੀ ਮੁਕਾਬਲਿਆਂ 'ਚ ਬੱਲੇ-ਬੱਲੇ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਚੱਲ ਰਹੇ ਜੀਜੀਐੱਸ ਬਾਕਸਿੰਗ ਕਲੱਬ ਦੇ ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ ਬਾਕਸਿੰਗ ਅਤੇ ਕਿੱਕ ਬਾਕਸਿੰਗ ਮੁਕਾਬਲਿਆਂ ਵਿੱਚ 19 ਸੋਨੇ ਦੇ, 3 ਚਾਂਦੀ ਦੇ ਅਤੇ 1 ਕਾਂਸੇ ਦੇ ਤਮਗਾ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ, ਸਕੂਲ ਅਤੇ ਕਲੱਬ ਦਾ ਨਾਮ ਰੌਸ਼ਨ ਕੀਤਾ ਹੈ।

ਪ੍ਰਿੰ. ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਰਵਾਈਆਂ ਗਈਆਂ ਸਕੂਲ ਖੇਡਾਂ ਵਿੱਚ ਜ਼ਿਲ੍ਹਾ ਪੱਧਰ ਤੇ ਬਾਕਸਿੰਗ ਅਤੇ ਕਿੱਕ ਬਾਕਸਿੰਗ ਮੁਕਾਬਲੇ 22, 25, 27 ਅਤੇ 28 ਸਤੰਬਰ ਨੂੰ ਰੈਂਕਰਜ਼ ਇੰਟਰਨੈਸ਼ਨਲ ਸਕੂਲ ਕੋਟ ਧੰਦਲ ਅਤੇ ਸ਼ਿਵਾਲਿਕ ਪਬਲਿਕ ਸਕੂਲ ਮੁਸਤਫਾਬਾਦ (ਗੁਰਦਾਸਪੁਰ) ਵਿੱਚ ਕਰਵਾਏ ਗਏ ਸਨ ਜਿਨ੍ਹਾਂ ਵਿੱਚੋਂ ਬਾਕਸਿੰਗ ਲੜਕਿਆਂ ਵਿੱਚੋਂ ਮਨਿੰਦਰ ਗਿੱਲ, ਅੰਮ੍ਰਿਤਪ੍ਰੀਤ ਸਿੰਘ, ਜਗਤੇਸ਼ਵਰ ਸਿੰਘ, ਸਹਿਜਪ੍ਰਤਾਪ ਸਿੰਘ, ਅਰਸ਼, ਭਾਵੇਸ਼ ਕੁਮਾਰ ਨਵਜੋਤ ਸਿੰਘ, ਕਲਸ਼ਵੀਰ ਸਿੰਘ, ਅਭੇਦੀਪ ਸਿੰਘ ਅਤੇ ਅਰਸ਼ਦੀਪ ਸਿੰਘ ਨੇ ਸੋਨੇ ਦੇ ਤਮਗੇ ਪ੍ਰਾਪਤ ਕੀਤੇ ਜਦਕਿ ਲੜਕੀਆਂ ਵਿੱਚੋਂ ਮਨਜੀਤ ਕੌਰ, ਨਿਰਮਲਪ੍ਰੀਤ ਕੌਰ, ਲਵਪ੍ਰੀਤ ਕੌਰ, ਸੁਖਲੀਨ ਕੌਰ, ਤਾਨੀਆ ਅਤੇ ਸਿਨੇਹਾ ਨੇ ਸੋਨੇ ਦੇ ਤਮਗੇ ਪ੍ਰਾਪਤ ਕੀਤੇ। ਕਿੱਕ ਬਾਕਸਿੰਗ ਲੜਕਿਆਂ ਵਿੱਚੋਂ ਦਿਲਪ੍ਰੀਤ ਸਿੰਘ ਤੇ ਬਿਪਨਸਵਰੂਪ ਸਿੰਘ ਨੇ ਸੋਨੇ, ਭੁਪਿੰਦਰ ਸਿੰਘ ਤੇ ਜਗਤੇਸ਼ਵਰ ਨੇ ਚਾਂਦੀ ਅਤੇ ਅੰਮ੍ਰਿਤਪਾਲ ਸਿੰਘ ਨੇ ਕਾਂਸੇ ਦਾ ਤਮਗਾ ਪ੍ਰਾਪਤ ਕੀਤਾ। ਜਦਕਿ ਲੜਕੀਆਂ ਵਿੱਚੋਂ ਮਨਜੀਤ ਕੌਰ ਅਤੇ ਸੁਖਮਨੀਜਪਜੀਤ ਕੌਰ ਨੇ ਸੋਨੇ; ਲਵਪ੍ਰੀਤ ਕੌਰ ਨੇ ਚਾਂਦੀ ਅਤੇ ਸਿਨੇਹਾ ਨੇ ਕਾਂਸੇ ਦਾ ਤਮਗਾ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਡਾਇਰੈਕਟਰ ਮਹਿੰਦਰਪਾਲ ਸਿੰਘ ਕਲੇਰ, ਪ੍ਰਿੰ. ਮੇਜਰ ਸਿੰਘ ਚਾਹਲ, ਪ੍ਰਧਾਨ ਮੈਡਮ ਰਣਜੀਤ ਕੌਰ ਅਤੇ ਮੈਡਮ ਸੁਖਮੀਤ ਕੌਰ ਨੇ ਸ਼ਾਨਦਾਰ ਜਿੱਤਾਂ ਹਾਸਲ ਕਰਨ ਵਾਲੇ ਇਨ੍ਹਾਂ ਬੱਚਿਆਂ ਅਤੇ ਕੋਚ ਨਵਤੇਜ ਸਿੰਘ ਨੂੰ ਮੁਬਾਰਕਬਾਦ ਦਿੱਤੀ ਅਤੇ ਅਗਾਂਹ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਸੰਤ ਨਿਰੰਕਾਰੀ ਮਿਸ਼ਨ ਵੱਲੋਂ ਖੂਨਦਾਨ ਕੈਂਪ ਆਯੋਜਿਤ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਨਿਰੰਕਾਰੀ ਮਿਸ਼ਨ ਬ੍ਰਾਂਚ ਧਾਰੀਵਾਲ ਵਲੋਂ ਸੰਤ ਨਿਰੰਕਾਰੀ ਸਤਿਸੰਗ ਭਵਨ ਬਿਧੀਪੁਰ ਧਾਰੀਵਾਲ ਵਿਖੇ ਬ੍ਰਾਂਚ ਮੁਖੀ ਤਰਸੇਮ ਕੁਮਾਰ, ਸੇਵਾਦਾਰ ਸੰਚਾਲਕ ਜਸਵੰਤ ਸਿੰਘ, ਦਲਬੀਰ ਸਿੰਘ, ਰਤਨ ਸਿੰਘ, ਜੋਗਿੰਦਰ ਸਿੰਘ ਛੀਨਾ ਆਦਿ ਸੇਵਾਦਾਰਾਂ ਸਣੇ ਸੰਗਤ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਲਾਇਆ। ਕੈਂਪ ਦੌਰਾਨ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਅਰਵਿੰਦ ਮਨਚੰਦਾ ਅਤੇ ਬਲੱਡ ਬੈਂਕ ਗੁਰਦਾਸਪੁਰ ਇੰਚਾਰਜ ਡਾ. ਪੂਜਾ ਖੋਸਲਾ ਦੀ ਅਗਵਾਈ ਵਿੱਚ ਪਹੁੰਚੀ ਬਲੱਡ ਬੈਂਕ ਦੀ ਟੀਮ ਨੇ 102 ਯੂਨਿਟ ਖੂਨ ਇਕੱਠਾ ਕੀਤਾ। ਕੈਂਪ ਦੌਰਾਨ ਮਾਰਕੀਟ ਕਮੇਟੀ ਧਾਰੀਵਾਲ ਚੇਅਰਮੈਨ ਭੁਪਿੰਦਰ ਸਿੰਘ ਰਿੰਕਾ, ਨਗਰ ਕੌਂਸਲ ਪ੍ਰਧਾਨ ਅਸ਼ਵਨੀ ਕੁਮਾਰ ਦੁੱਗਲ, ਆਰਐੱਸਐੱਸ ਪ੍ਰਮੁੱਖ ਸੋਨੂੰ ਚੋਪੜਾ, ਭਾਜਪਾ ਯੁਵਾ ਜ਼ਿਲ੍ਹਾ ਜਨਰਲ ਸਕੱਤਰ ਧੀਰਜ ਭਾਰਦਵਾਜ ਅਤੇ ਨੌਜਵਾਨ ਲੜਕੇ/ਲੜਕੀਆਂ ਸਣੇ 102 ਵਿਅਕਤੀਆਂ ਖੂਨ ਦਾਨ ਕੀਤਾ। ਕੈਂਪ 'ਚ ਵਿਸ਼ੇਸ਼ ਤੌਰ ਤੇ ਪਹੁੰਚੇ ਅੰਮ੍ਰਿਤਸਰ ਜ਼ੋਨ ਏ ਦੇ ਇੰਚਾਰਜ ਰਾਕੇਸ਼ ਸੇਠੀ ਨੇ ਕਿਹਾ ਨਿਰੰਕਾਰੀ ਮਿਸ਼ਨ ਵੱਲੋਂ 1986 ਤੋਂ ਭਾਰਤ ਅੰਦਰ 3500 ਤੋਂ ਵੱਧ ਬ੍ਰਾਂਚਾਂ ਵਿੱਚ ਲਗਾਤਾਰ ਖੂਨਦਾਨ ਕੈਂਪ ਲਗਾ ਕੇ ਇਹੀ ਸੰਦੇਸ਼ ਦਿੱਤਾ ਜਾ ਰਿਹਾ ਹੈ ਕਿ ਖੂਨ ਨਾਲੀਆਂ ਵਿੱਚ ਨਹੀਂ ਨਾੜੀਆਂ ਵਿੱਚ ਵਹਿਣਾ ਚਾਹੀਦਾ ਹੈ ਅਤੇ ਦਾਨ ਕੀਤੇ ਖੂਨ ਨਾਲ ਅਨੇਕਾਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ।

ਜ਼ਿਲ੍ਹਾ ਟੀਕਾਕਰਨ ਅਫਸਰ ਡਾਯ ਅਰਵਿੰਦ ਮਨਚੰਦਾ ਅਤੇ ਬਲੱਡ ਬੈਂਕ ਗੁਰਦਾਸਪੁਰ ਇੰਚਾਰਜ ਡਾ. ਪੂਜਾ ਖੋਸਲਾ ਨੇ ਮਿਸ਼ਨ ਵਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ। ਕੈਂਪ 'ਚ ਇਕਬਾਲ ਸਿੰਘ, ਕੰਵਰਜੀਤ ਸਿੰਘ, ਗੁਰਮੀਤ ਕੌਰ, ਸੁਰੇਸ਼ ਸਿੰਘ, ਜਸਬੀਰ ਸਿੰਘ, ਰਾਜ ਕੁਮਾਰ, ਮਨਦੀਪ ਸਿੰਘ, ਤਰਲੋਕ ਸਿੰਘ ਆੜ੍ਹਤੀ, ਗੋਪਾਲ ਸ਼ਰਮਾ ਵੀ ਹਾਜ਼ਰ ਸਨ।

## ਯੋਗ ਮੁਕਾਬਲੇ 'ਚ ਆਰ. ਡੀ. ਖੋਸਲਾ ਸਕੂਲ ਦੇ ਬੱਚਿਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਬਟਾਲਾ (ਡਾ. ਮਲਵਿੰਦਰ ਸਿੰਘ)**-ਜ਼ਿਲ੍ਹਾ ਪੱਧਰੀ ਯੋਗ ਮੁਕਾਬਲੇ ਦਾ ਆਯੋਜਨ ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਵਿਚ ਹੋਇਆ। ਇਸ ਮੁਕਾਬਲੇ ਵਿੱਚ ਆਰ. ਡੀ. ਖੋਸਲਾ ਸਕੂਲ ਦੇ ਬੱਚਿਆਂ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ ਜਿਸ ਵਿੱਚ ਅੰਡਰ-14 ਲੜਕਿਆਂ ਦੀ ਟੀਮ ਵਿੱਚ ਮਨੀਸ਼, ਸਕਸ਼ਮ ਮਹਾਜਨ, ਮਨਰਾਜਦੀਪ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਵਿਅਕਤੀਗਤ ਮੁਕਾਬਲੇ ਵਿੱਚ ਰਿਦਮਿਕ ਯੋਗ ਵਿੱਚ ਮਨੀਸ਼ ਪਹਿਲੇ ਅਤੇ ਕਲਾਤਮਕ ਯੋਗ ਵਿੱਚ ਸਕਸ਼ਮ ਮਹਾਜਨ ਪਹਿਲੇ ਸਥਾਨ 'ਤੇ ਰਿਹਾ। ਅੰਡਰ-19 ਲੜਕਿਆਂ ਵਿੱਚ ਤਰੁਣ ਕੁਮਾਰ, ਜਸਕਰਨ ਪ੍ਰੀਤ ਸਿੰਘ, ਮਾਨਵ ਸ਼ਰਮਾ, ਚਿਰਾਗ ਸ਼ਰਮਾ ਦੀ ਟੀਮ ਨੇ ਪਹਿਲਾ ਅਤੇ ਰਿਦਮਿਕ ਯੋਗ ਵਿੱਚ ਵਿਅਕਤੀਗਤ ਤੌਰ 'ਤੇ ਤਰੁਣ ਕੁਮਾਰ ਨੇ ਪਹਿਲਾ ਸਥਾਨ ਹਾਸਲ ਕੀਤਾ। ਇਹ ਸਾਰੇ ਵਿਦਿਆਰਥੀ ਰਾਜ ਪੱਧਰੀ ਯੋਗ ਮੁਕਾਬਲੇ ਲਈ ਚੁਣੇ ਗਏ। ਅੰਡਰ-14 ਲੜਕੀਆਂ ਦੀ ਟੀਮ ਵਿੱਚ ਅਨੁਰੀਤ ਕੌਰ ਅਤੇ ਖ਼ੁਸ਼ਮੀਤ ਕੌਰ ਪਹਿਲੇ ਸਥਾਨ 'ਤੇ ਰਹੀਆਂ। ਅੰਡਰ-17 ਲੜਕੀਆਂ ਦੀ ਟੀਮ ਵਿੱਚ ਜਸਮੀਤ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ। ਅੰਡਰ-19 ਲੜਕੀਆਂ ਦੀ ਟੀਮ ਵਿੱਚ ਨਵਜੋਤ ਕੌਰ, ਕਮਲਜੀਤ ਕੌਰ, ਨਾਜ਼ਪ੍ਰੀਤ ਕੌਰ, ਅਸਮਨਪ੍ਰੀਤ ਕੌਰ, ਜਸ਼ਨਪ੍ਰੀਤ ਕੌਰ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ। ਅਨੰਨਿਆ ਸ਼ਰਮਾ ਨੇ ਵਿਅਕਤੀਗਤ ਤੌਰ 'ਤੇ ਰਿਦਮਿਕ ਯੋਗ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਇਹ ਸਾਰੀਆਂ ਵਿਦਿਆਰਥਣਾਂ ਰਾਜ ਪੱਧਰੀ ਯੋਗ ਮੁਕਾਬਲੇ ਲਈ ਚੁਣੀਆਂ ਗਈਆਂ। ਇਸ ਮੁਕਾਬਲੇ ਵਿੱਚ 19 ਵਿਦਿਆਰਥੀਆਂ ਨੇ ਸੋਨ ਤਮਗੇ ਜਿੱਤ ਕੇ ਜ਼ਿਲ੍ਹੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ।

ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰ. ਡਾ: ਬਿੰਦੂ ਭੱਲਾ ਨੇ ਇਸ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਯੋਗ ਅਧਿਆਪਕ ਵਿਨੈ ਪੁਸ਼ਕਰਨਾ ਅਤੇ ਸੋਨਮ ਨੂੰ ਤਹਿ ਦਿਲੋਂ ਵਧਾਈ ਦਿੱਤੀ।

## ਵਿਨੋਦ ਸ਼ਰਮਾ ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀਨਾਨਗਰ 'ਚ ਸ਼ਾਮਲ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀਨਾਨਗਰ ਦੀ ਵਿਸ਼ੇਸ਼ ਇਕੱਤਰਤਾ ਜੋਗਿੰਦਰ ਪਾਲ ਸੈਣੀ, ਵੈਸ਼ਨੋ ਦਾਸ, ਬੂਟਾ ਸਿੰਘ, ਪ੍ਰੇਮ ਨਾਥ, ਜਗਦੀਸ਼ ਰਾਜ ਅਤੇ ਰਵੀ ਦਾਸ ਦੀ ਪ੍ਰਧਾਨਗੀ ਹੇਠ ਹੋਈ। ਇਕੱਤਰਤਾ ਦੀ ਕਾਰਵਾਈ ਆਰੰਭ ਕਰਦਿਆਂ ਸਭਾ ਦੇ ਜਨਰਲ ਸਕੱਤਰ ਮੰਗਤ ਚੰਚਲ ਵੱਲੋਂ ਹਾਜ਼ਰ ਪੈਨਸ਼ਨਰ ਸਾਥੀਆਂ ਦਾ ਹਾਰਦਿਕ ਸਵਾਗਤ ਕੀਤਾ ਗਿਆ ਅਤੇ ਪਿਛਲੇ ਸਮੇਂ ਦੌਰਾਨ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਏ ਸਾਥੀਆਂ ਸੰਪੂਰਨ ਸਿੰਘ, ਦਰਸ਼ਨ ਕੁਮਾਰ ਅਤੇ ਕਾਲੀ ਚਰਨ ਦਾਸ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸਭਾ ਦੇ ਪ੍ਰਧਾਨ ਜੋਗਿੰਦਰ ਪਾਲ ਵੱਲੋਂ ਗੌਰਮਿੰਟ ਟੀਚਰਜ਼ ਯੂਨੀਅਨ ਦੇ ਸਾਬਕਾ ਬਲਾਕ ਪ੍ਰਧਾਨ ਸਾਥੀ ਵਿਨੋਦ ਕੁਮਾਰ ਸ਼ਰਮਾ ਨੂੰ ਇਕੱਤਰਤਾ ਵਿੱਚ ਹਾਜ਼ਰ ਹੋਣ 'ਤੇ ਉਚੇਚੇ ਤੌਰ 'ਤੇ ਜੀ ਆਇਆਂ ਨੂੰ ਆਖਿਆ ਗਿਆ ਅਤੇ ਉਨ੍ਹਾਂ ਦੇ ਗਲ ਵਿੱਚ ਫੁੱਲਾਂ ਦੇ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ ਅਤੇ ਪੰਜਾਬ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੀਨਾਨਗਰ ਜ਼ਿਲ੍ਹਾ ਗੁਰਦਾਸਪੁਰ ਵਿੱਚ ਸ਼ਾਮਲ ਕੀਤਾ ਗਿਆ। ਵਿਨੋਦ ਸ਼ਰਮਾ ਨੇ ਐਸੋਸੀਏਸ਼ਨ ਦਾ ਧਨਵਾਦ ਕੀਤਾ ਅਤੇ ਲੋਕਹਿੱਤਾਂ ਨੂੰ ਸਮਰਪਿਤ ਹੋ ਕੇ ਕੰਮ ਕਰਨ ਦਾ ਅਹਿਦ ਕੀਤਾ। ਇਸ ਇਕੱਤਰਤਾ ਵਿੱਚ ਜੋਗਿੰਦਰ ਪਾਲ ਕਲੀਜਪੁਰ, ਵਿਜੇ ਕੁਮਾਰ ਮਹਿਤਾ, ਪਰਮਜੀਤ ਸਿੰਘ ਬੈਂਸ, ਰਵਿੰਦਰ ਮਹਾਜਨ, ਧਰਮਪਾਲ, ਸੁਰਿੰਦਰ ਸਿੰਘ, ਜੋਗਿੰਦਰ ਸਿੰਘ ਡਾਲੀਆ, ਸੰਤੋਖ ਲਾਲ, ਕਮਲ ਸਿੰਘ, ਰਮੇਸ ਕੁਮਾਰ, ਮਹਿੰਦਰ ਪਾਲ, ਦਲੀਪ ਸਿੰਘ, ਦਵਿੰਦਰ ਸ਼ਰਮਾ, ਚਮਨ ਜਸਰੋਟੀਆ, ਬਿਸ਼ਨ ਦਾਸ, ਤਰਸੇਮ ਲਾਲ, ਕਸ਼ਮੀਰ ਸਿੰਘ, ਮੁੰਸ਼ੀ ਰਾਮ, ਭਜਨ ਦਾਸ, ਜੈ ਸਿੰਘ ਸੈਣੀ, ਵਿਨੋਦ ਪ੍ਰਕਾਸ਼ ਬੇਦੀ, ਕੇਵਲ ਕ੍ਰਿਸ਼ਨ, ਹੰਸ ਰਾਜ, ਕਰਤਾਰ ਚੰਦ, ਸੂਰਜ ਪ੍ਰਕਾਸ਼, ਸੰਸਾਰ ਚੰਦ, ਰਮੇਸ਼ ਚੰਦ, ਰੁਮਾਲ ਚੰਦ, ਸੁਖਦੇਵ ਕੁਮਾਰ, ਵੇਦ ਪ੍ਰਕਾਸ਼, ਸੁਰਿੰਦਰ ਕੁਮਾਰ ਅਤੇ ਹੋਰ ਮੈਂਬਰ ਹਾਜ਼ਰ ਸਨ।

## ਸ਼ਹੀਦ ਮੇਜਰ ਹਰਪਾਲ ਸਿੰਘ ਦੀ 20ਵੀਂ ਬਰਸੀ ਮਨਾਈ



ਕਾਦੀਆ (ਯਾਦਵਿੰਦਰ ਸਿੰਘ ਮਲਹੋਤਰਾ)-ਪਿੰਡ ਭਰਥ ਦੇ ਜੰਮਪਲ ਸ਼ਹੀਦ ਮੇਜਰ ਹਰਪਾਲ ਸਿੰਘ ਦੀ 20ਵੀਂ ਬਰਸੀ ਉਨ੍ਹਾਂ ਦੇ ਪਰਿਵਾਰ ਵੱਲੋਂ ਮਨਾਈ ਗਈ। ਇਸ ਸਬੰਧੀ ਰੱਖੇ ਗਏ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਭੋਗ ਉਪਰੰਤ ਭਾਈ ਰਣਜੀਤ ਸਿੰਘ ਖਾਰਾ ਵਾਲਿਆਂ ਦੇ ਕੀਰਤਨੀ ਜਥੇ ਵੱਲੋਂ ਕੀਰਤਨ ਕੀਤਾ ਗਿਆ। ਸ਼ਹੀਦ ਮੇਜਰ ਹਰਪਾਲ ਸਿੰਘ 29 ਸਤੰਬਰ 2003 ਨੂੰ ਡੇਰਾ ਬਾਬਾ ਨਾਨਕ ਦੇ ਰਮਦਾਸ ਸੈਕਟਰ ਵਿੱਚ ਭਾਰਤ-ਪਾਕਿ ਜੰਗ ਦੇ ਮੱਦੇਨਜ਼ਰ ਵਿਛਾਈਆਂ ਗਈਆਂ ਮਾਈਨਜ਼ ਨੂੰ ਹਟਾਉਂਦੇ ਸਮੇਂ ਇਕ ਮਾਈਨ ਦੇ ਅਚਾਨਕ ਫਟ ਜਾਣ ਕਾਰਨ ਸ਼ਹੀਦੀ ਦਾ ਜਾਮ ਪੀ ਗਏ ਸਨ। ਅੱਜ 22 ਸਿੱਖ ਰੈਜੀਮੈਂਟ ਦੇ ਜਵਾਨਾਂ ਵੱਲੋਂ ਉਨ੍ਹਾਂ ਦੇ ਗ੍ਰਹਿ ਪਿੰਡ ਭਰਥ ਵਿਖੇ ਉਚੇਚੇ ਤੌਰ 'ਤੇ ਪੁੱਜ ਕੇ ਸ਼ਹੀਦ ਮੇਜਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਗੁਰੂ ਦਾ ਅਤੁੱਟ ਲੰਗਰ ਵੀ ਵਰਤਿਆ। ਇਸ ਮੌਕੇ ਐਡਵੋਕੇਟ ਪਰਮਜੀਤ ਸਿੰਘ, ਡਾਕਟਰ ਚਰਨਜੀਤ ਸਿੰਘ ਅਮੋਨੰਗਲ, ਸੈਕਟਰੀ ਸੁਖਚੈਨ ਸਿੰਘ, ਪ੍ਰਿੰਸੀਪਲ ਮੇਜਰ ਸਿੰਘ ਚਾਹਲ, ਪੱਤਰਕਾਰ ਲਖਵਿੰਦਰ ਸਿੰਘ ਚੱਕ ਰਾਜਾ, ਸੂਬੇਦਾਰ ਰਸ਼ਪਾਲ ਸਿੰਘ, ਕੰਵਰਪ੍ਰਤਾਪ ਸਿੰਘ, ਹਰਚੋਵਾਲ, ਚਰਨ ਸਿੰਘ ਪਠਾਨਕੋਟ, ਬਲਜੀਤ ਸਿੰਘ ਬਖਤਪੁਰ ਆਦਿ ਹਾਜ਼ਰ ਸਨ।

## ਦਾਤਾ ਬੰਦੀ ਛੋੜ ਦਿਵਸ ਮੌਕੇ ਸੰਗਤਾਂ ਨੂੰ ਗਵਾਲੀਅਰ ਵਿਖੇ ਪਹੁੰਚਣ ਦੀ ਅਪੀਲ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-12,13,14 ਅਕਤੂਬਰ ਨੂੰ ਮਨਾਏ ਜਾ ਰਹੇ ਬੰਦੀ ਛੋੜ ਦਿਵਸ ਸਬੰਧੀ ਸ਼ਹਿਰ ਪੱਟੀ ਵਿਖੇ ਬਲਜੀਤ ਸਿੰਘ ਕੁੱਕੂ ਸ਼ਹੀਦ ਦੇ ਗ੍ਰਹਿ ਵਿਖੇ ਬਾਬਾ ਲੱਖਾ ਸਿੰਘ ਕਾਰ ਸੇਵਾ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ ਆਪਣੇ ਜਥੇ ਸਮੇਤ ਪਹੁੰਚੇ ਤੇ ਸੰਗਤ ਨੂੰ ਬੰਦੀ ਛੋੜ ਦਿਵਸ ਮੌਕੇ ਗਵਾਲੀਅਰ ਵਿਖੇ ਪਹੁੰਚਣ ਦੀ ਅਪੀਲ ਕੀਤੀ।

ਇਸ ਮੌਕੇ ਬਾਬਾ ਲੱਖਾ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਦਾਤਾ ਬੰਦੀ ਛੋੜ ਗਵਾਲੀਅਰ ਵਿਖੇ ਸੰਤ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਦੀ ਸੰਗਤ ਦੇ ਸਹਿਯੋਗ ਨਾਲ ਸਮਾਗਮ 12 ਅਕਤੂਬਰ ਨੂੰ ਆਰੰਭ ਹੋਣਗੇ। 13 ਅਕਤੂਬਰ ਦੀ ਰਾਤ ਨੂੰ ਰਾਤਰੀ ਦੀਵਾਨ ਸਜਣਗੇ। 14 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਖੁੱਲ੍ਹੇ ਪੰਡਾਲਾਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਹੇਠ ਦੀਵਾਨ ਸਜਣਗੇ ਜਿਸ ਦੌਰਾਨ ਤਖਤ ਸਹਿਬਾਨ ਦੇ ਸਿੰਘ ਸਾਹਿਬਾਨ, ਵੱਖ-ਵੱਖ ਦਲ ਪੰਥਾਂ ਦੇ ਮੁਖੀ, ਧਾਰਮਿਕ ਅਤੇ ਸਮਾਜਿਕ ਆਗੂ ਆਪਣੀ ਹਾਜ਼ਰੀ ਸੰਗਤ ਵਿੱਚ ਲਵਾਉਣਗੇ ਅਤੇ ਉਥੇ ਹੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਹਜ਼ੂਰੀ ਰਾਗੀ ਇਲਾਹੀ ਬਾਣੀ ਦਾ ਕੀਰਤਨ ਗਾਇਨ ਕਰਨਗੇ ਅਤੇ ਢਾਡੀ ਅਤੇ ਕਵੀਸ਼ਰੀ ਜਥੇ ਗੁਰੂ ਇਤਿਹਾਸ ਨਾਲ ਸੰਗਤ ਨੂੰ ਜੋੜਨਗੇ। ਉਪਰੰਤ ਪੰਥ ਦੇ ਮਹਾਨ ਵਿਦਵਾਨ ਅਤੇ ਕਥਾਵਾਚਕ ਗੁਰਮਤਿ ਵਿਚਾਰਾਂ ਦੀ ਸਾਂਝ ਸੰਗਤ ਨਾਲ ਪਾਉਣਗੇ।

ਇਸ ਮੌਕੇ ਬਾਬਾ ਅਜੀਤ ਸਿੰਘ, ਸਾਬਕਾ ਪ੍ਰਧਾਨ ਨਿੰਦਰ ਸਿੰਘ ਡਬਰਾ, ਪ੍ਰਧਾਨ ਗੁਰਦੇਵ ਸਿੰਘ, ਸੇਵਾਦਾਰ ਪ੍ਰਤਾਪ ਸਿੰਘ ਗਵਾਲੀਅਰ, ਸੇਵਾਦਾਰ ਜੱਸਾ ਸਿੰਘ, ਸੁਖਦੇਵ ਸਿੰਘ, ਸੇਵਾਦਾਰ ਗੋਲੂ ਆਦਿ ਮੌਜੂਦ ਸਨ।

## ਯੂਥ ਮਿਲਣੀ ਪ੍ਰੋਗਰਾਮ ਤਹਿਤ ਅਕਾਲੀ ਵਰਕਰਾਂ ਦੀ ਲਾਮਬੰਦੀ ਸ਼ੁਰੂ

ਚੋਹਲਾ ਸਾਹਿਬ (ਰਮਨ ਚੱਢਾ)-ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਮਜ਼ਬੂਤ ਕਰਨ ਲਈ ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਵੱਲੋਂ ਯੂਥ ਮਿਲਣੀ ਪ੍ਰੋਗਰਾਮ ਦੇ ਤਹਿਤ ਸਥਾਨਕ ਗੁਰਦੁਆਰਾ ਪਾਤਸ਼ਾਹੀ ਪੰਜਵੀਂ ਵਿਖੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਦੀ ਅਗਵਾਈ 'ਚ ਮੁਹਿੰਮ ਸ਼ੁਰੂ ਕੀਤੀ ਗਈ। ਯੂਥ ਕਾਨਫਰੰਸ ਵਿੱਚ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਨੌਜਵਾਨ ਅਕਾਲੀ ਆਗੂ ਸੁਖਜਿੰਦਰ ਸਿੰਘ ਉਰਫ ਬਿੱਟੂ ਸਰਪੰਚ ਪੱਖੋਪੁਰ ਦੀ ਰਹਿਨੁਮਾਈ ਹੇਠ ਪੱਖੋਪੁਰ ਤੋਂ ਸੈਂਕੜੇ ਯੂਥ ਤੇ ਸ਼੍ਰੋਮਣੀ ਅਕਾਲੀ ਦਲ ਦੀ ਕਾਨਫਰੰਸ 'ਚ ਜੈਕਾਰਿਆਂ ਦੀ ਗੂੰਜ 'ਚ ਪੁੱਜ ਕੇ ਕੌਮੀ ਪ੍ਰਧਾਨ ਝਿੰਜਰ ਨੂੰ ਵਿਸ਼ਵਾਸ ਦਿੱਤਾ ਕਿ ਉਹ ਪਿੰਡ ਹੀ ਨਹੀਂ ਸਗੋਂ ਪੂਰੇ ਹਲਕੇ 'ਚੋਂ ਨੌਜਵਾਨਾਂ ਨੂੰ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਿਲ ਹੋਣ ਲਈ ਪ੍ਰੇਰਿਤ ਕਰਨਗੇ। ਇਸ ਮੌਕੇ ਬਿੱਟੂ ਪੱਖੋਪੁਰ ਦੇ ਨਾਲ ਜਗਰੂਪ ਸਿੰਘ ਪ੍ਰਧਾਨ, ਮਹਿਲ ਸਿੰਘ, ਦਇਆ ਸਿੰਘ ਪੰਨੂ, ਕੈਪਟਨ ਹੀਰਾ ਸਿੰਘ, ਕਰਨੈਲ ਸਿੰਘ, ਮਨਜੀਤ ਸਿੰਘ, ਬਲਰਾਜ ਸਿੰਘ, ਪਰਗਟ ਸਿੰਘ, ਗੁਰਮੇਲ ਸਿੰਘ, ਅਮਰਜੀਤ ਸਿੰਘ ਕੰਗ, ਕੁਲਦੀਪ ਸਿੰਘ, ਕਰਨ ਸਿੰਘ, ਸੰਦੀਪ ਸਿੰਘ, ਸੁਖਦੀਪ ਸਿੰਘ, ਗੁਰਸੇਵਕ ਸਿੰਘ, ਸ਼ਿੰਦਾ ਸਿੰਘ, ਸੰਦੀਪ ਸਿੰਘ, ਸਵਰਨ ਸਿੰਘ, ਗੁਰਮੁਖ ਸਿੰਘ, ਸੁਖਰਾਜ ਸਿੰਘ, ਜੁਗਰਾਜ ਸਿੰਘ, ਜਗਜੀਤ ਸਿੰਘ, ਪ੍ਰੇਮ ਸਿੰਘ, ਤਰਸੇਮ ਸਿੰਘ, ਪਰਗਟ ਸਿੰਘ, ਹਰਜੀਤ ਸਿੰਘ, ਬਿੰਦਰ ਸਿੰਘ ਆਦਿ ਪਿੰਡ ਪੱਖੋਪੁਰ ਦੇ ਤੇ ਹਲਕੇ ਦੇ ਆਗੂ ਪੂਰੇ ਜੋਸ਼ 'ਚ ਹਾਜ਼ਰ ਹੋਏ।



## ਸੰਗਤਾਂ ਦੀ ਸਹੂਲਤ ਲਈ ਮੈਡੀਕਲ ਕੈਂਪ ਲਗਾਇਆ ਜਾਵੇਗਾ: ਡਾ. ਸੋਹਲ



ਝਬਾਲ (ਹਰਜਿੰਦਰ ਸਿੰਘ ਸੋਨੀ)-ਮਾਝੇ ਦੇ ਇਤਿਹਾਸਕ ਅਸਥਾਨ ਬੀੜ ਬਾਬਾ ਬੁੱਢਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਲੱਖਾਂ ਦੀ ਗਿਣਤੀ ਵਿੱਚ ਪਹੁੰਚ ਰਹੀਆਂ ਸੰਗਤਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸੋਹਲ ਮੈਡੀਕਲ ਸਟੋਰ ਝਬਾਲ ਦੇ ਡਾ. ਗੁਰਨੇਕ ਸਿੰਘ ਸੋਹਲ ਵੱਲੋਂ ਡਾ. ਬਲਜੀਤ ਸਿੰਘ ਛਾਪਾ ਅਤੇ ਡਾ. ਗੁਰਮੀਤ ਸਿੰਘ ਤੇ ਡਾ. ਦਲਬੀਰ ਸਿੰਘ ਪੰਜਵੜ ਆਦਿ ਡਾਕਟਰਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ 6, 7, ਅਤੇ 8 ਅਕਤੂਬਰ ਨੂੰ ਫ੍ਰੀ ਮੈਡੀਕਲ ਕੈਂਪ ਲਗਾਇਆ ਜਾਵੇਗਾ ਜਿਸ ਸਬੰਧੀ ਮੈਨੇਜਰ ਰਾਜਿੰਦਰ ਸਿੰਘ ਟੌਹੜਾ, ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਨਾਲ ਮੀਟਿੰਗ ਕਰਕੇ ਸਲਾਹ ਮਸ਼ਵਰਾ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੋਹਲ ਮੈਡੀਕਲ ਸਟੋਰ ਝਬਾਲ ਦੇ ਮਾਲਕ ਡਾ. ਗੁਰਨੇਕ ਸਿੰਘ ਸੋਹਲ ਨੇ ਦੱਸਿਆ ਕਿ ਇਹ ਮੈਡੀਕਲ ਕੈਂਪ ਲੋੜਵੰਦ ਸ਼ਰਧਾਲੂਆਂ ਨੂੰ ਮੁਫਤ ਤਿੰਨ ਦਿਨ ਜਾਰੀ ਰਹੇਗਾ। ਇਸ ਸਮੇਂ ਸ਼੍ਰੋਮਣੀ ਕਮੇਟੀ ਇਸ ਗੁਰਿੰਦਰਬੀਰ ਸਿੰਘ, ਸਟੋਰਕੀਪਰ ਜਤਿੰਦਰ ਸਿੰਘ, ਜਸਪਾਲ ਸਿੰਘ ਨੌਸ਼ਹਿਰਾ ਢਾਲਾ, ਗੁਰਜੀਤ ਸਿੰਘ ਪੰਜਵੜ, ਕਸ਼ਮੀਰ ਸਿੰਘ ਭੁੱਚਰ ਅਤੇ ਬਿਕਰਮ ਸਿੰਘ ਹਾਜ਼ਰ ਸਨ।

## ਨਟਾਲੀ ਰੰਗਮੰਚ ਨੇ ਪ੍ਰੋ. ਈਸ਼ਵਰ ਚੰਦਰ ਨੰਦਾ ਦਾ ਜਨਮ ਦਿਨ ਮਨਾਇਆ



ਗੁਰਦਾਸਪੁਰ (ਜਨਕ ਮਹਾਜਨ)-ਨਟਾਲੀ ਰੰਗਮੰਚ ਗੁਰਦਾਸਪੁਰ ਵਲੋਂ ਪੰਜਾਬੀ ਨਾਟਕ ਦੇ ਮੋਢੀ ਪ੍ਰੋਫੈਸਰ ਈਸ਼ਵਰ ਚੰਦਰ ਨੰਦਾ ਦਾ 131ਵਾਂ ਜਨਮ ਦਿਨ ਮੇਜਰ ਭਗਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲਾ ਨੰਗਲ ਜ਼ਿਲ੍ਹਾ ਗੁਰਦਾਸਪੁਰ ਵਿੱਚ ਪ੍ਰਿੰ. ਅਲਕਾ ਰਾਣੀ ਦੀ ਰਹਿਨੁਮਾਈ ਹੇਠ ਤੇ ਸਟੇਟ ਅਵਾਰਡੀ ਲੈਕਚਰਾਰ ਜੋਧ ਸਿੰਘ ਦੇ ਸੁਚੱਜੇ ਪ੍ਰਬੰਧਾਂ ਹੇਠ ਮਨਾਇਆ ਗਿਆ, ਜਿਸ ਵਿਚ ਬੱਚਿਆਂ ਨੇ ਗੀਤ, ਨਾਟਕ ਤੇ ਕੋਰੀਓਗ੍ਰਾਫੀ ਪੇਸ਼ ਕੀਤੀ। ਨਟਾਲੀ ਰੰਗਮੰਚ ਦੇ ਸੀਨੀਅਰ ਮੀਤ ਪ੍ਰਧਾਨ ਜੋਧ ਸਿੰਘ ਨੇ ਪ੍ਰੋਫੈਸਰ ਆਈ. ਸੀ. ਨੰਦਾ ਦੇ ਜੀਵਨ ਤੇ ਉਨ੍ਹਾਂ ਦੀ ਸਮਾਜ ਨੂੰ ਦੇਣ ਜਿਵੇਂ ਵਹਿਮਾਂ ਭਰਮਾਂ, ਬੇਇਨਸਾਫ਼ੀ, ਬੇਈਮਾਨੀ, ਭ੍ਰਿਸ਼ਟਾਚਾਰ, ਪੇਂਡੂ ਜੀਵਨ ਤੇ ਔਰਤਾਂ ਦੀ ਵੇਦਨਾ ਨੂੰ ਮੁੱਖ ਰੱਖ ਕੇ ਇਨਕਲਾਬੀ ਨਾਟਕ ਲਿਖੇ। ਉਨ੍ਹਾਂ ਦੇ ਅੰਗਰੇਜ਼ ਦੋਸਤ ਦੀ ਪਤਨੀ ਨੌਰਾ ਰਿਚਰਡ ਜੋ ਆਇਰਲੈਂਡ ਦੀ ਜੰਮਪਲ ਸੀ, ਨੇ ਨਾਟਕ ਲਿਖਣ ਲਈ ਪ੍ਰਭਾਵਿਤ ਕੀਤਾ ਤੇ ਪੰਜਾਬੀ ਨਾਟਕ ਦੀ ਉਹ ਪਹਿਲੀ ਔਰਤ ਅਦਾਕਾਰ ਸੀ, ਜਿਸ ਨੂੰ ਪੰਜਾਬੀ ਨਾਟਕ ਦੀ ਨੱਕੜ ਦਾਦੀ ਹੋਣ ਦਾ ਖਿਤਾਬ ਮਿਲਿਆ। ਨੰਦਾ ਦੇ ਨਾਟਕ ਸੁਭੱਦਰਾ ਤੋਂ ਪ੍ਰਭਾਵਿਤ ਹੋ ਕੇ ਭਾਜੀ ਗੁਰਸ਼ਰਨ ਸਿੰਘ ਉਰਫ਼ ਭਾਈ ਮੰਨਾ ਨੇ ਨਾਟਕ ਲਿਖਣੇ ਸ਼ੁਰੂ ਕੀਤੇ ਜਿਨ੍ਹਾਂ ਨੇ ਨੁੱਕੜ ਨਾਟਕ ਤੇ ਥੜ੍ਹਾ ਥੀਏਟਰ ਦੀ ਕਾਢ ਕੱਢੀ, ਪੰਜਾਬੀ ਨਾਟਕ ਦੇ ਬਾਬਾ ਬੋਹੜ ਸਾਬਤ ਹੋਏ ਜਿਨ੍ਹਾਂ ਪੰਜਾਬੀ ਰੰਗਮੰਚ ਨੂੰ ਇਕੱਠਾ ਕਰਕੇ ਪਲਸ (ਪੰਜਾਬ ਲੋਕ ਸਭਿਆਚਾਰਕ) ਮੰਚ ਦੀ ਸਥਾਪਨਾ ਕੀਤੀ ਤੇ ਇਪਟਾ (ਇੰਡੀਅਨ ਪੀਪਲ ਥੀਏਟਰ ਐਸੋਸੀਏਸ਼ਨ) ਪੰਜਾਬ ਵਲੋਂ ਸਮਾਜਿਕ ਕੁਰੀਤੀਆਂ ਤੇ ਬੇਇਨਸਾਫ਼ੀ ਵਿਰੁੱਧ ਚੱਲ ਰਹੀ ਲਹਿਰ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ।

ਨਟਾਲੀ ਰੰਗਮੰਚ ਇਨ੍ਹਾਂ ਨਾਟਕਕਾਰਾਂ ਨੂੰ ਯਾਦ ਕਰਕੇ ਮਾਣ ਮਹਿਸੂਸ ਕਰਦਾ ਹੈ। ਇਸ ਮੌਕੇ ਸੁਨੀਲ ਕੁਮਾਰ ਲੈਕਚਰਾਰ, ਗੁਰਚਰਨ ਸਿੰਘ, ਜ਼ੈਲ ਸਿੰਘ, ਗੁਰਵਿੰਦਰ ਸਿੰਘ, ਮੈਡਮ ਅਨੀਤਾ ਕੁਮਾਰੀ, ਰਜਨੀ ਬਾਲਾ, ਹੇਮ ਲਤਾ, ਮਨਜੋਤ ਕੌਰ, ਕੁਲਵਿੰਦਰ ਕੌਰ, ਕੁਲਦੀਪ ਕੌਰ, ਕਿਰਨ ਥਾਪਾ ਤੇ ਸਮੂਹ ਸਟਾਫ ਮੈਂਬਰਾਂ ਤੇ ਵਿਦਿਆਰਥੀ ਹਾਜ਼ਰ ਸਨ।

# ਜੀ ਕੇ ਜਾਗੋ ਪਾਰਟੀ ਦੇ ਮੁੜ ਪ੍ਰਧਾਨ ਬਣੇ

## * ਸਿੱਖਾਂ ਨੂੰ ਮੋਹਰਾ ਬਣਾਉਣ ਦੀ ਕੋਸ਼ਿਸ਼ ਨਾ ਕਰਨ ਪੱਛਮੀ ਦੇਸ਼ : ਜੀ ਕੇ




ਨਵੀਂ ਦਿੱਲੀ (ਜਸਬੀਰ ਸਿੰਘ ਪੱਟੀ)-ਜਥੇਦਾਰ ਸੰਤੋਖ ਸਿੰਘ ਦੀ ਵਿਰਾਸਤ ਅਤੇ ਸਿੱਖ ਪੰਥ ਦੀ ਤਰੱਕੀ ਨੂੰ ਸਮਰਪਿਤ ਨਿਰੋਲ ਧਾਰਮਿਕ ਪਾਰਟੀ "ਜਾਗੋ" ਦਾ ਪੰਜਵਾਂ ਸਥਾਪਨਾ ਦਿਹਾੜਾ ਅੱਜ ਦਲ ਦੇ ਅਹੁਦੇਦਾਰਾਂ, ਸਮਰਥਕਾਂ ਅਤੇ ਸ਼ੁਭਚਿੰਤਕਾਂ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗ੍ਰੇਟਰ ਕੈਲਾਸ਼-1 ਪਹਾੜੀ ਵਾਲੇ ਵਿਖੇ ਗੁਰਬਾਣੀ ਕੀਰਤਨ ਸਰਵਣ ਕਰਕੇ ਮਨਾਇਆ ਗਿਆ। ਇਸਤਰੀ ਸਤਿਸੰਗ ਜਥਾ ਤੇ ਭਾਈ ਬਲਬੀਰ ਸਿੰਘ ਨਾਗਪੁਰ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਅਰਦਾਸ ਤੋਂ ਬਾਅਦ ਜਾਗੋ ਦੇ ਸਕੱਤਰ ਜਨਰਲ ਡਾਕਟਰ ਪਰਮਿੰਦਰ ਪਾਲ ਸਿੰਘ ਨੇ ਮੌਜੂਦ ਸੰਗਤਾਂ ਦੇ ਸਾਹਮਣੇ ਮਨਜੀਤ ਸਿੰਘ ਜੀਕੇ ਨੂੰ ਅਗਲੇ ਇੱਕ ਸਾਲ ਲਈ ਮੁੜ ਪ੍ਰਧਾਨ ਬਣਾਉਣ ਦਾ ਮਤਾ ਰਖਿਆ। ਇਸ ਮਤੇ ਨੂੰ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ ਵਿੱਚ ਮਨਜ਼ੂਰੀ ਦਿੱਤੀ ਗਈ। ਦੁਬਾਰਾ ਪ੍ਰਧਾਨ ਬਣਨ 'ਤੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਜੀਕੇ ਨੇ ਮੌਜੂਦਾ ਪੰਥਕ ਹਾਲਾਤ ਅਤੇ ਭਾਰਤ-ਕੈਨੇਡਾ ਵਿਵਾਦ ਬਾਰੇ ਖੁੱਲ੍ਹ ਕੇ ਆਪਣੇ ਵਿਚਾਰ ਰੱਖੇ।

ਇਸ ਮੌਕੇ "ਸ੍ਰੀ ਗੁਰੂ ਸਿੰਘ ਸਭਾ ਲਹਿਰ" ਦੇ 150 ਸਾਲ ਪੂਰੇ ਹੋਣ ਨੂੰ ਸਮਰਪਿਤ ਮੌਜੂਦ ਲੋਕਾਂ ਵੱਲੋਂ ਮਨੁੱਖੀ ਲੜੀ ਬਣਾਈ ਗਈ। ਇਸ ਮਨੁੱਖੀ ਲੜੀ ਦਾ ਮੁੱਖ ਉਦੇਸ਼ ਭਾਰਤ ਦੇ ਸੰਵਿਧਾਨ ਵਿੱਚ ਆਸਥਾ ਰੱਖਦੇ ਹੋਏ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰੱਖਿਆ ਤੇ ਸਮਾਜਿਕ ਅਤੇ ਆਰਥਿਕ ਵਿਕਾਸ ਵਿੱਚ ਸਿੱਖਾਂ ਵੱਲੋਂ ਪਾਏ ਗਏ ਯੋਗਦਾਨ ਬਾਰੇ ਮੀਡੀਆ ਨੂੰ ਚੇਤਾ ਕਰਵਾਉਣਾ ਸੀ। ਮੌਜੂਦਾ ਸਮੇਂ ਵਿੱਚ ਦੇਸ਼ ਵਿੱਚ ਸ਼ਾਂਤਮਈ ਅਤੇ ਜ਼ਿੰਮੇਵਾਰ ਨਾਗਰਿਕਾਂ ਦੇ ਰੂਪ ਵਿੱਚ ਰਹਿ ਰਹੇ ਸਿੱਖਾਂ ਦੇ ਵਿਰੁੱਧ ਮੀਡੀਆ ਦੇ ਇੱਕ ਹਿੱਸੇ ਵੱਲੋਂ ਗੈਰ ਜ਼ਿੰਮੇਵਾਰ ਏਜੰਡਾ ਚਲਾ ਕੇ ਨਫ਼ਰਤ ਫੈਲਾਉਂਦੇ ਹੋਏ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਦਾ ਆਯੋਜਨ ਸ੍ਰੀ ਗੁਰੂ ਸਿੰਘ ਸਭਾ, ਗ੍ਰੇਟਰ ਕੈਲਾਸ਼ 1, ਪਹਾੜੀ ਵਾਲਾ ਵੱਲੋਂ ਦਿੱਲੀ ਦੀਆਂ ਸਮੂਹ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਕੀਤਾ ਗਿਆ ਸੀ। ਜੀਕੇ ਨੇ ਕਿਹਾ ਕਿ ਜਥੇਦਾਰ ਸੰਤੋਖ ਸਿੰਘ ਦੀ ਵਿਚਾਰਧਾਰਾ 'ਤੇ ਚਲਦੇ ਹੋਏ ਹਮੇਸ਼ਾ ਪੰਥ ਦੀ ਆਵਾਜ਼ ਉਠਾਉਣ ਵਿਚ ਜਾਗੋ ਪਾਰਟੀ ਕਦੇ ਪਿੱਛੇ ਨਹੀਂ ਹਟੀ। ਬਿਨਾਂ ਕਿਸੇ ਲਾਲਚ ਦੇ ਹਰ ਮਸਲੇ ਉਤੇ ਪੰਥ ਹਿੱਤ ਦੀ ਗੱਲ ਕਰਨ ਦੀ ਪ੍ਰੇਰਣਾ ਸਾਨੂੰ ਜਥੇਦਾਰ ਸੰਤੋਖ ਸਿੰਘ ਤੋਂ ਵਿਰਾਸਤ ਵਿੱਚ ਮਿਲੀ ਹੈ।

ਕੌਮ ਦੀ ਆਵਾਜ਼ ਬਣ ਕੇ ਉਹ ਹਮੇਸ਼ਾ ਕੌਮ ਕੇ ਮਸਲਿਆਂ ਨੂੰ ਹੱਲ ਕਰਵਾਉਂਦੇ ਰਹੇ ਸਨ। ਇਸ ਲਈ ਅਸੀਂ ਗੁਰਦੁਆਰਾ ਗ੍ਰੇਟਰ ਕੈਲਾਸ਼ ਵੱਲੋਂ ਬਣਾਈ ਜਾ ਰਹੀ ਇਸ ਮਨੁੱਖੀ ਲੜੀ ਦਾ ਸਮਰਥਨ ਕਰਦੇ ਹਾਂ। ਸਾਡਾ ਮੰਨਣਾ ਹੈ ਕਿ ਸਿਖਾਂ ਦੀ 'ਦਸਤਾਰ' ਨੂੰ ਅੱਤਵਾਦੀ ਤੇ ਵੱਖਵਾਦੀ ਵਜੋਂ ਇਸ ਸਮੇਂ ਪੇਸ਼ ਕੀਤਾ ਜਾ ਰਿਹਾ ਹੈ। ਅੱਜ ਜੇਕਰ ਦੇਸ਼ ਦਾ ਤਿਰੰਗਾ ਝੂਲ ਰਿਹਾ ਹੈ, ਤਾਂ ਇਹ ਦਸਤਾਰ ਦੀਆਂ ਕੁਰਬਾਨੀਆਂ ਦੇ ਕਾਰਨ ਝੂਲ ਰਿਹਾ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਦੇਸ਼ ਦੀ ਆਜ਼ਾਦੀ ਵਿੱਚ ਪੰਜਾਬ ਅਤੇ ਪੰਜਾਬੀਆਂ ਨੇ ਜੋ ਆਪਣਾ ਖੂਨ ਦਿੱਤਾ ਸੀ, ਉਹ ਅੱਜ ਦੇ ਭਾਰਤ ਲਈ ਸੁਖਾਵੀਂ ਹਵਾਵਾਂ ਲੈ ਕੇ ਆਇਆ ਹੈ। ਬੇਸ਼ੱਕ ਇਸ ਮੁਲਕ ਤੋਂ ਸਾਨੂੰ ਕੱਢਣ ਲਈ ਬਹੁਤ ਵੱਡੀਆਂ ਸਾਜ਼ਿਸ਼ਾਂ ਹੋਈਆਂ ਸਨ, ਪਰ ਇਹ ਮੁਲਕ ਸਾਡਾ ਹੈ। ਅਫਸੋਸ, ਅੱਜ ਸਿੱਖਾਂ ਨੂੰ ਮੋਹਰਾ ਬਣਾ ਕੇ ਕੈਨੇਡਾ ਤੋਂ ਲੜਾਈ ਲੜੀ ਜਾ ਰਹੀ ਹੈ। ਅੱਜ ਗੁਰੂ ਨਾਨਕ ਦੇ ਘਰ ਤੋਂ ਮਨੁੱਖਤਾ ਦੀ ਸੇਵਾ ਕਰਨ ਵਾਲੇ ਸਿੱਖਾਂ ਨੂੰ ਮੀਡੀਆ ਦਾ ਇੱਕ ਵਰਗ ਬਿਨਾਂ ਤੱਥਾਂ ਦੇ ਵੱਖਵਾਦੀ ਅਤੇ ਅੱਤਵਾਦੀ ਦੱਸ ਰਿਹਾ ਹੈ। ਸਾਨੂੰ ਸਰਕਾਰਾਂ ਨਾਲ ਲੱਖ ਦਿੱਕਤ ਹੋ ਸਕਦੀ ਹੈ, ਪਰ ਜਦੋਂ ਗੱਲ ਦੇਸ਼ ਦੀ ਆਵੇਗੀ ਤਾਂ ਪਹਿਲੇ ਅਸੀਂ ਦੇਸ਼ ਦਾ ਸਾਥ ਦੇਵਾਂਗੇ ਕਿਉਂਕਿ ਆਪਣੇ ਮੁਲਕ ਦਾ ਨੁਕਸਾਨ ਕਰਨ ਲਈ ਸਿੱਖ ਕਦੇ ਤਿਆਰ ਨਹੀਂ ਹੋਣਗੇ।

ਇਸ ਮੌਕੇ ਦਿੱਲੀ ਦੀ ਸਿੰਘ ਸਭਾ ਗੁਰਦਵਾਰਿਆਂ ਦੇ ਅਹੁਦੇਦਾਰ, ਪਤਵੰਤੇ ਸੱਜਣਾਂ ਸਣੇ ਦਿੱਲੀ ਕਮੇਟੀ ਦੇ ਮੈਂਬਰ ਪਰਮਜੀਤ ਸਿੰਘ ਰਾਣਾ, ਸਤਨਾਮ ਸਿੰਘ ਖੀਵਾ, ਮਹਿੰਦਰ ਸਿੰਘ, ਸਾਬਕਾ ਦਿੱਲੀ ਕਮੇਟੀ ਮੈਂਬਰ ਸਤਪਾਲ ਸਿੰਘ, ਹਰਜਿੰਦਰ ਸਿੰਘ, ਮੰਗਲ ਸਿੰਘ, ਹਰਜੀਤ ਸਿੰਘ ਜੀ ਕੇ ਸਮੇਤ ਜਾਗੋ ਦੇ ਆਗੂ ਵੱਡੀ ਗਿਣਤੀ ਵਿੱਚ ਮੌਜੂਦ ਹਨ।

# ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਮੌਕੇ ਪੱਤਰਕਾਰ ਸਰਬਜੋਤ ਸਿੰਘ ਸੰਧਾ ਵੱਲੋਂ ਖਡੂਰ ਸਾਹਿਬ ਵਿਸ਼ੇਸ਼ ਸਪਲੀਮੈਂਟ


ਮਿੱਠੀ ਯਾਦ



ਡਾ ਪਾਲ ਸਿੰਘ ਸੰਧਾ

ਸੰਦੇਸ਼

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ



ਰਮਨਜੀਤ ਸਿੰਘ ਸਿੱਕੀ ਸਾਬਕਾ ਵਿਧਾਇਕ ਖਡੂਰ ਸਾਹਿਬ | ਸ਼ਬੇਗ ਸਿੰਘ ਧੁੰਨ ਚੇਅਰਮੈਨ | ਦਲਬੀਰ ਸਿੰਘ ਜਹਾਂਗੀਰ ਜਥੇਬੰਦਕ ਸਕੱਤਰ ਸ਼੍ਰੋ.ਅ.ਦ. (ਬ) | ਜਥੇਦਾਰ ਪ੍ਰੇਮ ਸਿੰਘ ਪਨੂੰ ਸੀਨੀ. ਅਕਾਲੀ ਆਗੂ | ਕੁਲਦੀਪ ਸਿੰਘ ਔਲਖ ਜਥੇਬੰਦਕ ਸਕੱਤਰ ਸ਼੍ਰੋ.ਅ.ਦ. (ਬ) | ਹਰਪ੍ਰੀਤ ਸਿੰਘ ਧੁੰਨਾ ਜ਼ਿਲ੍ਹਾ ਮੀਡੀਆ ਇੰਚਾਰਜ 'ਆਪ' | ਸਰਿੰਦਰ ਸਿੰਘ ਛਿੰਦਾ ਸੀਨੀਅਰ ਅਕਾਲੀ ਆਗੂ | ਰਣਜੀਤ ਸਿੰਘ ਪਵਾਰ ਪੀ ਏ ਸਾਬਕਾ ਵਿਧਾਇਕ ਸਿੱਕੀ

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ



ਸ਼੍ਰੀ ਮਤੀ ਸੋਨੀਆ ਗਾਂਧੀ | ਸ਼੍ਰੀ ਰਾਹੁਲ ਗਾਂਧੀ | ਰਮਨਜੀਤ ਸਿੰਘ ਸਿੱਕੀ ਸਾਬਕਾ ਵਿਧਾਇਕ ਖਡੂਰ ਸਾਹਿਬ | ਜਗਰੂਪ ਸਿੰਘ ਸੰਧੂ ਸਰਪੰਚ

ਜਾਰੀ ਕਰਤਾ: ਰਮਨਜੀਤ ਸਿੰਘ ਸਿੱਕੀ ਸਾਬਕਾ ਵਿਧਾਇਕ ਖਡੂਰ ਸਾਹਿਬ

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ



ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਿੱਲੀ | ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ | ਗੁਰਚਰਨ ਸਿੰਘ ਭੋਲਾ

ਜਾਰੀ ਕਰਤਾ: ਗੁਰਚਰਨ ਸਿੰਘ ਭੋਲਾ ਸੀਨੀਅਰ 'ਆਪ' ਆਗੂ





ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋ.ਅ.ਦ (ਬ) | ਬਿਕਰਮ ਸਿੰਘ ਮਜੀਠੀਆ ਜਰਨਲ ਸਕੱਤਰ ਸ਼੍ਰੋ.ਅ.ਦ (ਬ) | ਰਵਿੰਦਰ ਸਿੰਘ ਬ੍ਰਹਮਪੁਰਾ ਸਾਬਕਾ ਵਿਧਾਇਕ

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਦਲਬੀਰ ਸਿੰਘ ਜਹਾਂਗੀਰ

ਵਲੋਂ: ਦਲਬੀਰ ਸਿੰਘ ਜਹਾਂਗੀਰ

ਜਥੇਬੰਦਕ ਸਕੱਤਰ ਸ਼੍ਰੋਮਣੀ ਅਕਾਲੀ ਦਲ (ਬ)

ਭਰੋ 500 ਰੁਪਏ ਪ੍ਰਤੀ ਦਿਨ ਅਤੇ ਪਾਉ 15 ਹਜਾਰ ਰੁਪਏ ਮਹੀਨਾ ਪੈਨਸ਼ਨ ਉਮਰ ਭਰ, ਰਿਟਾਇਰਮੈਂਟ ਫੰਡ ਅਤੇ ਹੋਰ ਕਈ ਫਾਇਦੇ

LIC ਭਾਰਤੀय जीवन बीमा निगम LIFE INSURANCE CORPORATION OF INDIA

ਸੰਪਰਕ: ਸਰਬਜੋਤ ਸਿੰਘ ਸੰਧਾ, ਬੀਮਾ ਸਲਾਹਕਾਰ ਮੋ:99885-37575

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ





ਰਮਨਜੀਤ ਸਿੰਘ ਸਿੱਕੀ ਸਾਬਕਾ ਵਿਧਾਇਕ ਖਡੂਰ ਸਾਹਿਬ | ਵੱਲੋਂ: ਕੁਲਜੀਤ ਸਿੰਘ ਬਿੰਦ, ਸੀਨੀਅਰ ਕਾਂਗਰਸੀ ਆਗੂ ਹਲਕਾ ਖਡੂਰ ਸਾਹਿਬ | ਕੁਲਜੀਤ ਸਿੰਘ ਬਿੰਦ ਫਤਿਆਬਾਦ

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ



ਸ਼੍ਰੀ ਮਤੀ ਸੋਨੀਆ ਗਾਂਧੀ | ਸ਼੍ਰੀ ਰਾਹੁਲ ਗਾਂਧੀ | ਰਮਨਜੀਤ ਸਿੰਘ ਸਿੱਕੀ ਸਾਬਕਾ ਵਿਧਾਇਕ ਖਡੂਰ ਸਾਹਿਬ | ਜਗਰੂਪ ਸਿੰਘ ਸੰਧੂ ਸਰਪੰਚ

ਜਾਰੀ ਕਰਤਾ: ਜਗਰੂਪ ਸਿੰਘ ਸੰਧੂ ਸਰਪੰਚ ਪਿੰਡ ਖਵਾਸਪੁਰ

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ



ਡਾ ਜਸਵਿੰਦਰ ਸਿੰਘ ਐਸ ਐਮ ਓ ਖਡੂਰ ਸਾਹਿਬ | ਡਾ ਅਮਰਬੀਰ ਸਿੰਘ | ਅਰਵਿੰਦਰ ਸਿੰਘ ਚੀਫ ਫਾਰਮਾਸਿਸਟ | ਡਾ ਦੀਪਇੰਦਰ ਕੌਰ ਐਮ.ਓ. ਡੈਂਟਲ



ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਵੱਲੋਂ:ਪਰਮਪਾਲ ਸਿੰਘ ਧਾਰੜ



ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਵੱਲੋਂ:ਤਜਿੰਦਰ ਸਿੰਘ ਰਿਆੜ



ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋ.ਅ.ਦ (ਬ) | ਬਿਕਰਮ ਸਿੰਘ ਮਜੀਠੀਆ ਜਰਨਲ ਸਕੱਤਰ ਸ਼੍ਰੋ.ਅ.ਦ (ਬ) | ਰਵਿੰਦਰ ਸਿੰਘ ਬ੍ਰਹਮਪੁਰਾ ਸਾਬਕਾ ਵਿਧਾਇਕ

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਕੁਲਦੀਪ ਸਿੰਘ ਔਲਖ

ਜਾਰੀ ਕਰਤਾ: ਕੁਲਦੀਪ ਸਿੰਘ ਔਲਖ

ਜਥੇਬੰਦਕ ਸਕੱਤਰ ਸ਼੍ਰੋਮਣੀ ਅਕਾਲੀ ਦਲ (ਬ)



ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋ.ਅ.ਦ (ਬ) | ਬਿਕਰਮ ਸਿੰਘ ਮਜੀਠੀਆ ਜਰਨਲ ਸਕੱਤਰ ਸ਼੍ਰੋ.ਅ.ਦ (ਬ) | ਰਵਿੰਦਰ ਸਿੰਘ ਬ੍ਰਹਮਪੁਰਾ ਸਾਬਕਾ ਵਿਧਾਇਕ

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਕੁਲਦੀਪ ਸਿੰਘ ਲਹੌਰੀਆ

ਜਾਰੀ ਕਰਤਾ: ਕੁਲਦੀਪ ਸਿੰਘ ਲਹੌਰੀਆ

ਜਰਨਲ ਸਕੱਤਰ ਯੂਥ ਅਕਾਲੀ ਦਲ (ਬ)

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਪੁਖਰਾਜ ਕਿਸਾਨ ਸੇਵਾ ਕੇਂਦਰ

ਇੰਡੀਅਨ ਆਇਲ ਪੈਟਰੋਲ ਪੰਪ

ਸ਼੍ਰੀ ਗੋਇੰਦਵਾਲ ਸਾਹਿਬ

ਇੰਡਿਯਨऑयल



ਭੁਪਿੰਦਰ ਸਿੰਘ

ਵੱਲੋਂ: ਭੁਪਿੰਦਰ ਸਿੰਘ ਪੈਟਰੋਲ ਪੰਪ ਵਾਲੇ

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਆਈ ਪੁਰਬ ਨੂੰ ਮਨਾਉਦਿਆਂ ਆਉ ਗੁਰਮੁੱਖੀ ਨਾਲ ਜੁੜਣ ਦਾ ਪ੍ਰਣ ਕਰੀਏ

ਲੋਕਲ ਗੁਰਦੁਆਰਾ ਕਮੇਟੀ ਵੱਲੋਂ ਕੀਤੇ ਜਾ ਰਹੇ ਧਾਰਮਿਕ ਅਤੇ ਸਮਾਜਿਕ ਕਾਰਜ

* ਸ਼੍ਰੀ ਗੁਰੂ ਅੰਗਦ ਦੇਵ ਚੈਰੀਟੇਬਲ ਹਸਪਤਾਲ।
* ਸ਼੍ਰੀ ਗੁਰੂ ਅੰਗਦ ਦੇਵ ਕੰਪਿਊਟਰਾਈਜ਼ਡ ਲੈਬਰੋਟਰੀ ਅਤੇ ਹੋਮਿਉਪੈਥਿਕ ਹਸਪਲਤਾਲ।
* ਬੱਚਿਆਂ ਅਤੇ ਨੌਜਵਾਨਾਂ ਲਈ ਹਫਤਾਵਰੀ ਗੁਰਮਿਤ ਕਲਾਸਾਂ।
* ਲੋੜਵੰਦ ਲੜਕੀਆਂ ਲਈ 6 ਮਹੀਨੇ ਦਾ ਮੁਫਤ ਸਿਲਾਈ ਕਢਾਈ ਕੋਰਸ।

ਵੱਲੋਂ: ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਖਡੂਰ ਸਾਹਿਬ (ਤਰਨ ਤਾਰਨ)

ਮੋ: 95928-57729

ਧੰਨਵਾਦ



ਮੈਂ ਧੰਨਵਾਦੀ ਹਾਂ ਉਨ੍ਹਾਂ ਸਾਰੇ ਹੀ ਸੱਜਣਾਂ ਮਿੱਤਰਾਂ ਦਾ ਜਿਨਾਂ ਮੈਨੂੰ ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਵਿਚ ਭਰਪੂਰ ਸਹਿਯੋਗ ਦਿੱਤਾ ਅੱਗੇ ਤੋਂ ਵੀ ਇਸੇ ਤਰਾਂ ਦੇ ਸਹਿਯੋਗ ਦੀ ਆਸ ਕਰਦਾ ਹਾਂ।

ਪੱਤਰਕਾਰ: ਸਰਬਜੋਤ ਸਿੰਘ ਸੰਧਾ

ਸਟੇਸ਼ਨ ਖਡੂਰ ਸਾਹਿਬ ਮੋ:99885-37575

ਘਰ ਦੀਆਂ ਰੌਣਕਾਂ



ਸ਼ਬਦਦੀਪ ਕੌਰ | ਅਸੀਸ ਕੌਰ | ਜਪਜੋਤ ਸਿੰਘ ਸੰਧਾ | ਗੁਰਨੂਰ ਕੌਰ | ਗੁਰਵੀਰ ਸਿੰਘ

ਮਾਣਮੱਤੀਆਂ ਸ਼ਖਸੀਅਤਾਂ



ਸ੍ਰ ਜਗਵਿੰਦਰ ਸਿੰਘ ਰਿਟਾਇਰਡ ਡਾਇਰੈਕਟਰ ਖੇਤੀਬਾੜੀ,ਵਿਭਾਗ | ਬੇਅੰਤ ਸਿੰਘ ਚਤਰੱਥ ਸੀਨੀ. ਅਕਾਲੀ ਆਗੂ | ਭੁਪਿੰਦਰ ਸਿੰਘ ਟੀਟੂ ਸੀਨੀ. ਅਕਾਲੀ ਆਗੂ | ਗੁਰਭੇਜ ਸਿੰਘ ਭੇਜੀ ਕਿਸਾਨ ਆਗੂ

ਕਾਮਰੇਡ ਬਲਜੀਤ ਸਿੰਘ ਜ਼ਿਲ੍ਹਾ ਕੌਂਸਲ ਮੈਂਬਰ ਸੀ ਪੀ ਆਈ | ਪਰਵਿੰਦਰਜੀਤ ਸਿੰਘ ਬੱਬੂ | ਕੁਲਜੀਤ ਸਿੰਘ ਲਾਡੀ ਫਤਿਆਬਾਦ | ਦਲਬੀਰ ਸਿੰਘ ਨਾਗੋਕੇ


## ਗੰਦੇ ਪਾਣੀ ਦੀ ਨਿਕਾਸੀ ਤੇ ਲਾਈਟਾਂ ਖਰਾਬ ਹੋਣ ਕਾਰਨ ਲੋਕ ਪ੍ਰੇਸ਼ਾਨ



**ਗੁਰਾਇਆ (ਬਿੰਦਰ ਸੁੰਮਨ)**-ਗੁਰਾਇਆ ਦੇ ਵਾਰਡ ਨੰਬਰ ਇੱਕ ਬੋਪਾਰਾਏ ਦੇ ਵਾਸੀ ਪ੍ਰਕਾਸ਼ ਸਿੰਘ ਪ੍ਰਧਾਨ, ਸੀਮਾ ਰਾਣੀ, ਚਰਨ ਕੌਰ, ਪਰਮਜੀਤ ਕੌਰ, ਜੀਤਾ ਰਾਣੀ, ਮਨਜੀਤ ਕੌਰ,ਪ੍ਰਕਾਸ਼ ਕੌਰ,ਮਨਦੀਪ ਚੰਦ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋ ਵਾਰਡ ਵਿੱਚ ਲਾਈਟਾਂ ਖਰਾਬ ਹੋਣ ਕਰਕੇ ਹਨੇਰੇ ਵਿੱਚ ਰਹਿਣ ਲਈ ਮਜਬੂਰ ਹਨ ਤੇ ਪਿਛਲੇ 15 ਦਿਨਾਂ ਤੋ ਵਾਰਡ ਦੇ ਵਿੱਚ ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਵੀ ਵਾਰਡ ਵਾਸੀ ਕਾਫੀ ਪ੍ਰੇਸ਼ਾਨ ਹਨ।ਉਨਾਂ ਕਿਹਾ ਕਿ ਵਾਰਡ ਵਿੱਚ ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਡੇਂਗੂ ਵਰਗੀਆਂ ਭਿਆਨਕ ਬਿਮਾਰੀਆਂ ਫੈਲ ਰਹੀਆਂ ਹਨ, ਜਿਸ ਨਾਲ ਕਈ ਲੋਕਾਂ ਦੇ ਸੈੱਲ ਘੱਟ ਗਏ ਹਨ। ਉਨਾਂ ਕਿਹਾ ਕਿ ਵਾਰਡ ਵਿੱਚ ਰਹਿਣ ਵਾਲੇ ਜ਼ਿਆਦਾਤਰ ਲੋਕ ਮੇਹਨਤ ਮਜਦੂਰੀ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ, ਪਰ ਇਨਾ ਬਿਮਾਰੀਆਂ ਨਾਲ ਇਲਾਜ਼ ਉਪਰ ਕਾਫੀ ਖਰਚਾ ਹੋ ਰਿਹਾ ਹੈ, ਜਿਸ ਨਾਲ ਘਰ ਦਾ ਗੁਜ਼ਾਰਾ ਵੀ ਕਾਫੀ ਮੁਸ਼ਕਿਲ ਹੋ ਗਿਆ ਹੈ। ਉਨਾਂ ਨਗਰ ਕੌਂਸਲ ਦੇ ਅਧਿਕਾਰੀਆਂ ਪਾਸੋ ਮੰਗ ਕੀਤੀ ਕਿ ਇਸ ਸਮੱਸਿਆ ਨੂੰ ਜਲਦੀ ਤੋ ਜਲਦੀ ਹੱਲ ਕੀਤਾ ਜਾਵੇ। ਇਸ ਬਾਬਤ ਜਦ ਨਗਰ ਕੌਂਸਲ ਗੁਰਾਇਆ ਦੇ ਕਾਰਜ਼ ਸਾਧਕ ਅਫਸਰ ਨਾਲ ਫੋਨ 'ਤੇ ਗੱਲਬਾਤ ਕੀਤੀ ਗਈ ਤਾ ਉਨਾਂ ਦੱਸਿਆ ਕਿ ਵਾਟਰ ਟ੍ਰੀਟਮੈਂਟ ਪਲਾਂਟ ਦਾ ਕੰਮ ਅਧੂਰਾ ਹੋਣ ਕਰਕੇ ਇਹ ਸਮੱਸਿਆ ਆ ਰਹੀ ਹੈ, ਉਨਾਂ ਕਿਹਾ ਕਿ 13 ਕਿਲੋਮੀਟਰ ਦੇ ਲਗਭਗ ਸੀਵਰੇਜ਼ ਦੇ ਪਾਇਪ ਪੈ ਚੁੱਕੇ ਹਨ, ਪਰ ਕੁਝ ਪਿੰਡਾਂ ਦੇ ਲੋਕਾਂ ਵਲੋਂ ਸੀਵਰੇਜ਼ ਪਾਇਪ ਲਾਇਨ ਨੂੰ ਰੋਕਿਆ ਗਿਆ ਹੈ, ਜਿਸ ਕਰਕੇ ਇਹ ਕੰਮ ਅਧੂਰਾ ਹੈ।

## ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਵਿਖੇ ਗਾਂਧੀ ਜਯੰਤੀ ਮਨਾਈ



**ਭੋਗਪੁਰ (ਕੁਲਵੀਰ ਸਿੰਘ ਕਾਹਲੋ)**:— ਮਹਾਤਮਾ ਗਾਂਧੀ ਜੈਅੰਤੀ ਹਰ ਸਾਲ ਮੋਹਨਦਾਸ ਕਰਮਚੰਦ ਗਾਂਧੀ ਦੇ ਜਨਮ ਦਿਵਸ ਵਜੋਂ ਮਨਾਈ ਜਾਂਦੀ ਹੈ। ਗਾਂਧੀ ਜਯੰਤੀ ਦਾ ਜਸ਼ਨ ਅਤੇ ਸਾਰ ਭਾਰਤ ਦੇ ਅੰਦਰ ਹੀ ਸੀਮਤ ਨਹੀਂ ਹੈ ਅਤੇ ਸੰਯੁਕਤ ਰਾਸ਼ਟਰ ਦੁਆਰਾ ਅੰਤਰਰਾਸ਼ਟਰੀ ਅਹਿੰਸਾ ਦਿਵਸ ਵਜੋਂ ਵੀ ਮਨਾਇਆ ਜਾਂਦਾ ਹੈ ਜਿਸਦਾ ਉਦੇਸ ਸਹੀ ਸਿੱਖਿਆ ਅਤੇ ਜਨਤਕ ਜਾਗਰੂਕਤਾ ਦੁਆਰਾ ਅਹਿੰਸਾ ਵਿੱਚ ਉਸਦੇ ਦਰਸਨ, ਸਿਧਾਂਤ ਅਤੇ ਵਿਸ਼ਵਾਸ ਦਾ ਪ੍ਰਸਾਰ ਕਰਨਾ ਹੈ। ਇਸ ਦਿਨ ਨੂੰ ਯਾਦ ਕਰਦਿਆਂ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਵਿਖੇ ਬੀਤੇ ਦਿਨੀਂ ਮਹਾਤਮਾ ਗਾਂਧੀ ਦਾ ਜਨਮ ਦਿਨ ਮਨਾਉਂਦੇ ਹੋਏ, ਇੱਕ ਵਿਸ਼ੇਸ਼ ਅਸੈਂਬਲੀ ਨਾਲ ਦਿਨ ਦੀ ਸ਼ੁਰੂਆਤ ਮੂਲ ਮੰਤਰ ਦੇ ਜਾਪ ਨਾਲ ਕੀਤੀ ਗਈ ਅਤੇ ਉਸ ਤੋਂ ਬਾਅਦ ਮਹਾਤਮਾ ਗਾਂਧੀ ਦੇ ਸਿਧਾਂਤਾਂ 'ਤੇ ਪ੍ਰਿੰਸੀਪਲ ਸ੍ਰੀਮਤੀ ਨਵਦੀਪ ਕੌਰ ਵੱਲੋਂ ਸੰਦੇਸ਼ ਦਿੱਤਾ ਗਿਆ ਅਤੇ ਸਿਧਾਂਤਾਂ ਨੂੰ ਆਪਣੀ ਨਿੱਜੀ ਜ਼ਿੰਗੀ ਵਿੱਚ ਧਾਰਨ ਕਰਨ 'ਤੇ ਜੋਰ ਦਿੱਤਾ। ਇਸ ਮੌਕੇ 'ਤੇ ਵਿਦਿਆਰਥੀਆਂ ਵੱਲੋਂ ਪ੍ਰੇਰਨਾਦਾਇਕ ਭਾਸ਼ਣ ਦਿੱਤਾ ਗਿਆ। ਵਿਦਿਆਰਥੀਆਂ ਨੇ ਉਨ੍ਹਾਂ ਵੱਲੋਂ ਬਣਾਏ ਤਖਤੀਆਂ ਵਿੱਚੋਂ ਗਾਂਧੀ ਦੇ ਹਵਾਲੇ ਪੜ੍ਹੇ। ਅਸੈਂਬਲੀ ਦੀ ਵਿਸ਼ੇਸ਼ਤਾ ਗਾਂਧੀ ਦੀ ਵਡਿਆਈ ਕਰਨ ਵਾਲੇ ਤਿੰਨਾਂ ਹਾਊਸਾਂ ਵੱਲੋ ਨੁਕੜ ਨਾਟਕ ਪੇਸ਼ ਕੀਤੇ ਗਏ, ਜਿਨ੍ਹਾਂ ਦੇ ਵਿਸ਼ੇ ਸੱਚ ਤੇ ਅਹਿੰਸਾ 'ਤੇ ਅਧਾਰਿਤ ਸਨ।

## ਮੁੱਖ ਮੰਤਰੀ ਸਣੇ ਉੱਘੀਆਂ ਸ਼ਖਸੀਅਤਾਂ ਵੱਲੋਂ ਪ੍ਰੋ. ਬੀ ਸੀ ਵਰਮਾ ਨੂੰ ਸ਼ਰਧਾਂਜਲੀਆਂ



**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਣੇ ਉੱਘੀਆਂ ਸ਼ਖਸੀਅਤਾਂ ਨੇ ਅੱਜ ਸੂਬੇ ਮੁੱਖ ਸਕੱਤਰ ਅਨੁਰਾਗ ਵਰਮਾ ਦੇ ਪਿਤਾ ਪ੍ਰੋਫੈਸਰ ਬੀ.ਸੀ. ਵਰਮਾ ਨਮਿੱਤ ਪ੍ਰਾਰਥਨਾ ਸਭਾ ਵਿੱਚ ਸ਼ਿਰਕਤ ਕਰਦਿਆਂ ਪ੍ਰੋ. ਵਰਮਾ ਨੂੰ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ। ਮਾਤਾ ਮਨਸਾ ਦੇਵੀ ਕੰਪਲੈਕਸ ਵਿਖੇ ਪ੍ਰਾਥਨਾ ਸਭਾ ਵਿੱਚ ਪ੍ਰੋ. ਵਰਮਾ ਨੂੰ ਸ਼ਰਧਾਂਜਲੀਆਂ ਭੇਟ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਕਾਦਮਿਕ ਖੇਤਰ ਨੂੰ ਉਨ੍ਹਾਂ ਦੀ ਦੇਣ ਕਦੇ ਨਹੀਂ ਭੁਲਾਈ ਜਾ ਸਕਦੀ। ਉਨ੍ਹਾਂ ਕਿਹਾ ਕਿ ਪਿੰਡ ਚਲੈਲਾ ਤੋਂ ਉੱਠ ਕੇ ਉਨ੍ਹਾਂ ਆਪਣੀ ਸਖਤ ਮਿਹਨਤ ਨਾਲ ਉੱਚ ਵਿੱਦਿਆ ਹਾਸਲ ਕਰਕੇ ਅਧਿਆਪਨ ਦੇ ਖੇਤਰ 'ਚ ਲਾਮਿਸਾਲ ਸੇਵਾਵਾਂ ਨਿਭਾਈਆਂ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰੋ. ਵਰਮਾ ਉੱਘੇ ਸਿੱਖਿਆ ਸ਼ਾਸਤਰੀ ਸਨ ਜੋ ਮਨੁੱਖੀ ਕਦਰਾਂ-ਕੀਮਤਾਂ ਪ੍ਰਤੀ ਸਮਰਪਤ ਸਨ। ਉਨ੍ਹਾਂ ਕਿਹਾ ਕਿ ਪ੍ਰੋ. ਵਰਮਾ ਵੱਲੋਂ ਦਿਖਾਏ ਮਾਰਗ ਸਦਕਾ ਸਮੁੱਚੇ ਪਰਵਾਰ ਨੇ ਆਪਣੇ ਜੀਵਨ 'ਚ ਬੁਲੰਦੀਆਂ ਨੂੰ ਛੂਹਿਆ ਅਤੇ ਸਮਰਪਤ ਹੋ ਕੇ ਮਿਸ਼ਨਰੀ ਭਾਵਨਾ ਨਾਲ ਦੇਸ਼ ਦੀ ਸੇਵਾ ਕਰ ਰਿਹਾ ਹੈ। ਉਨ੍ਹਾ ਵਰਮਾ ਪਰਵਾਰ ਦੇ ਮੈਂਬਰਾਂ ਨਾਲ ਦਿਲੀ ਹਮਦਰਦੀ ਜ਼ਾਹਰ ਕਰਦਿਆਂ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ। ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਫਰੀਦਕੋਟ ਦੇ ਬੋਰਡ ਆਫ ਡਾਇਰੈਕਟਰ ਦੇ ਚੇਅਰਮੈਨ ਅਤੇ ਦਿਲ ਦੇ ਰੋਗਾਂ ਦੇ ਮਾਹਰ ਡਾਕਟਰ ਗੁਰਪ੍ਰੀਤ ਸਿੰਘ ਵਾਂਡਰ ਨੇ ਆਪਣੇ ਅਧਿਆਪਕ ਪ੍ਰੋ. ਵਰਮਾ ਨੂੰ ਸਿਜਦਾ ਕਰਦਿਆਂ ਵਿਦਿਆਰਥੀ ਜੀਵਨ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਰਸਮ ਪਗੜੀ ਤੇ ਆਰਤੀ ਤੋਂ ਪਹਿਲਾਂ ਸ੍ਰੀ ਗਰੁੜ ਪੁਰਾਣ ਦਾ ਭੋਗ ਪਾਇਆ ਗਿਆ ਅਤੇ ਲੀਜਾ ਡਾਬਰ ਦੀ ਮੰਡਲੀ ਵੱਲੋਂ ਭਜਨ ਕੀਤਾ ਗਿਆ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਡਿਪਟੀ ਸਪੀਕਰ ਜੈ ਕਿਸ਼ਨ ਰੋੜੀ, ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੇ ਗੁਰਮੀਤ ਸਿੰਘ ਖੁੱਡੀਆਂ, ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ, ਰਾਜ ਸਭਾ ਮੈਂਬਰ ਅਸ਼ੋਕ ਮਿੱਤਲ, ਮੌਜੂਦਾ ਵਿਧਾਇਕ, ਸਾਬਕਾ ਮੰਤਰੀ ਤੇ ਵਿਧਾਇਕ, ਡੀ ਜੀ ਪੀ ਗੌਰਵ ਯਾਦਵ, ਮੁੱਖ ਮੰਤਰੀ ਦਫਤਰ ਦੇ ਅਧਿਕਾਰੀ, ਸਿਵਲ ਤੇ ਪੁਲਸ ਦੇ ਉੱਚ ਅਧਿਕਾਰੀ ਤੇ ਸੇਵਾ ਮੁਕਤ ਅਧਿਕਾਰੀ, ਵਕੀਲ ਭਾਈਚਾਰੇ ਅਤੇ ਪ੍ਰੈੱਸ ਦੇ ਨੁਮਾਇੰਦਿਆਂ ਤੋਂ ਇਲਾਵਾ ਵੱਖ-ਵੱਖ ਰਾਜਸੀ ਪਾਰਟੀਆਂ, ਸਮਾਜਿਕ ਸੰਗਠਨਾਂ ਤੇ ਸਕੱਤਰੇਤ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ। ਇਸ ਮੌਕੇ ਪੰਜਾਬ ਦੇ ਰਾਜਪਾਲ, ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ, ਪਿੰਡ ਚਲੈਲਾ ਦੀ ਸਮੁੱਚੀ ਪੰਚਾਇਤ, ਸਰਕਾਰੀ ਮਹਿੰਦਰਾ ਕਾਲਜ ਪਟਿਆਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ ਬਠਿੰਡਾ, ਮਾਡਰਨ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ, ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਬਾਰ ਕੌਂਸਲ, ਪੰਜਾਬ ਆਈ.ਏ.ਐਸ. ਤੇ ਪੀ.ਸੀ.ਐਸ. ਅਫਸਰਜ਼ ਐਸੋਸੀਏਸ਼ਨ, ਕਾਲਜ ਤੇ ਟੀਚਰਜ਼ ਐਸੋਸੀਏਸ਼ਨ ਸਣੇ ਵੱਖ-ਵੱਖ ਸੰਸਥਾਵਾਂ ਵੱਲੋਂ ਸ਼ੋਕ ਸੰਦੇਸ਼ ਰਾਹੀਂ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।


ਜਨਮ ਦਿਨ ਮੁਬਾਰਕ



ਸੈਮ ਖੋਸਲਾ, ਸ਼ਾਹਕੋਟ



ਜਯਸ ਖੰਨਾ, ਜਗਰਾਓਂ



ਅਧਿਆ ਜੈਨ


## ਨੌਂ ਮਹੀਨਿਆਂ ਤੋਂ ਸਾਊਦੀ ਜੇਲ੍ਹ 'ਚ ਬੰਦ ਕੂੰਬੇਵਾਲ ਦਾ ਨੌਜਵਾਨ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਜ਼ਿਲਾ ਰੂਪਨਗਰ ਦੇ ਪਿੰਡ ਕੂੰਬੇਵਾਲ ਦਾ 33ਸਾਲਾਂ ਦਾ ਨੌਜਵਾਨ ਸੁਰਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ ਗਾਂਧੀ ਸਜਾ ਪੂਰੀ ਹੋ ਜਾਣ ਦੇ ਬਾਵਜੂਦ ਬੀਤੇ ਨੌ ਮਹੀਨਿਆਂ ਤੋਂ ਸਊਦੀ ਅਰਬ ਦੀ ਜੇਲ੍ਹ ਵਿੱਚ ਬੰਦ ਆਪਣੀ ਰਿਹਾਈ ਦਾ ਇੰਤਜਾਰ ਕਰ ਰਿਹਾ ਹੈ। ਸੁਰਿੰਦਰ ਸਿੰਘ ਦਾ ਪਿਤਾ ਗੁਰਦੀਪ ਸਿੰਘ ਤੇ ਉਸਦੀ ਧਰਮ ਪਤਨੀ ਮਨਦੀਪ ਕੌਰ ਛੋਟੇ ਬੱਚਿਆਂ ਦੇ ਨਾਲ ਆਪਣੇ ਪਤੀ ਦੀ ਰਿਹਾਈ ਲਈ ਬਾਰ ਬਾਰ ਗੁਹਾਰ ਲਗਾ ਰਹੀ ਹੈ। ਪੀੜਤ ਪਰਿਵਾਰ ਨੇ ਦੁਖੀ ਮਨ ਨਾਲ ਦੱਸਿਆ ਕਿ ਸੁਰਿੰਦਰ ਸਿੰਘ ਢਾਈ ਸਾਲ ਪਹਿਲਾਂ ਸਊਦੀ ਅਰਬ ਵਿਖੇ ਰੋਜੀ ਰੋਟੀ ਕਮਾਣ ਦੇ ਲਈ ਡਰਾਈਵਰੀ ਕਰਨ ਲਈ ਗਿਆ ਸੀ। ਜਿੱਥੇ ਕਸੀਮ ਸ਼ਹਿਰ ਦੀ ਮੁਹੱਲਾ ਜੱਦੀ ਮਾਲਕਾਂ ਦੀ ਕੰਪਨੀ ਵੱਲੋਂ 15 ਜਨਵਰੀ 2023 ਨੂੰ ਸੁਰਿੰਦਰ ਸਿੰਘ ਤੇ ਇਸਦੇ ਸਾਥੀਆਂ ਨੂੰ ਆਪਣੇ ਹੱਕੀ ਤਨਖਾਹਾਂ ਦੀ ਮੰਗਾਂ ਲਈ ਸਟਰਾਈਕ ਕਰਨ ਵਜੋਂ ਰੋਸ ਵਿੱਚ ਆਏ ਮਾਲਕਾਂ ਨੇ ਜੇਲ ਕਰਵਾ ਦਿੱਤੀ। ਪੀੜਿਤ ਪਰਵਾਰ ਨੇ ਦੱਸਿਆ ਕਿ ਉਹਨਾਂ ਦੇ ਬੇਟੇ ਤੇ ਉਸਦੇ ਸਾਥੀਆਂ ਨੇ ਮਾਲਕ ਵੱਲੋਂ ਤਨਖਾਹ ਨਾ ਦਿੱਤੇ ਜਾਣ ਕਾਰਨ ਸਟਰਾਈਕ ਕੀਤੀ ਸੀ। ਉਸ ਦੇਸ਼ ਵਿੱਚ ਹੱਕੀ ਮੰਗਾਂ ਲਈ ਲੋਕ ਆਪਣੀ ਆਵਾਜ ਵੀ ਨਹੀਂ ਉਠਾ ਸਕਦੇ ਤੇ ਸਟਰਾਈਕ ਕਰਨ ਦੇ ਕਾਰਨ ਰੋਹ ਵਿੱਚ ਆਏ ਸਾਉਦੀ ਦੇਸ਼ ਦੇ ਉਸ ਦੇ ਸੰਬੰਧਿਤ ਮਾਲਕ ਨੇ ਕਿਹਾ ਕਿ ਤੁਸੀਂ ਹੁਣੇ ਮੇਰੇ ਤੋਂ ਲਿਖਤੀ ਮਾਫੀ ਮੰਗੋ ਨਹੀਂ ਤਾਂ ਮੈਂ ਤੁਹਾਨੂੰ ਅਜਿਹੇ ਕੇਸ ਵਿੱਚ ਫਸਾਵਾਂਗਾ ਤੁਹਾਡੀ ਜਮਾਨਤ ਤੱਕ ਨਹੀਂ ਹੋਵੇਗੀ। ਉੱਥੇ ਜੇ ਥਾਣੇ ਵਿੱਚ ਬੰਦ ਸੁਰਿੰਦਰ ਸਿੰਘ ਤੇ ਮਾਲਕ ਦੇ ਇਸ਼ਾਰੇ 'ਤੇ ਬਾਰ-ਬਾਰ ਮਾਫੀਨਾਮੇ ਤੇ ਦਸਤਕ ਕਰਨ ਦੇ ਦਬਾਅ ਬਣਾਇਆ ਜਾ ਰਿਹਾ ਸੀ। ਸੁਰਿੰਦਰ ਸਿੰਘ ਨੇ ਦਸਤਖਤ ਕਰਨ ਤੋਂ ਮਨਾ ਕੀਤਾ ਤਾਂ ਮਾਲਕ ਵੱਲੋਂ ਉਹਨਾਂ ਨੂੰ ਕਿਸੇ ਝੂਠੇ ਕੇਸ ਵਿੱਚ ਫਸਾ ਕੇ ਛੇ ਮਹੀਨੇ ਦੀ ਕੈਦ ਕਰ ਦਿੱਤੀ ਗਈ। ਹੁਣ ਤਾਂ ਸਜਾ ਪੂਰੇ ਹੋਇਆਂ ਵੀ ਤਿੰਨ ਮਹੀਨੇ ਬੀਤ ਗਏ ਹਨ। ਪਰ ਉਨ੍ਹਾਂ ਨੂੰ ਛੱਡਿਆ ਨਹੀਂ ਜਾ ਰਿਹਾ। ਉਹਨਾਂ ਦੇ ਪੁੱਤਰ ਉੱਤੇ ਉੱਥੋਂ ਦੀ ਅਦਾਲਤ ਨੇ 3000 ਰਿਆਲ ਦਾ ਜੁਰਮਾਨਾ ਲਗਾਇਆ ਹੈ। ਉਹਨਾਂ ਨੇ ਕਿਹਾ ਕਿ ਅਸੀਂ ਗਰੀਬ ਪਰਵਾਰ ਹਾਂ ਬਹੁਤ ਸਾਰੇ ਖਰਚੇ ਤੇ ਬਿਮਾਰੀਆਂ ਕਾਰਨ ਅਸੀਂ ਜੁਰਮਾਨਾ ਭਰਨ ਵਿੱਚ ਅਸਮਰਥ ਹਾਂ। ਉਹਨਾਂ ਨੇ ਭਾਰਤ ਸਰਕਾਰ ਤੋਂ ਤੁਰੰਤ ਇਸ ਮਾਮਲੇ ਵਿੱਚ ਦਖਲ ਦੇ ਕੇ ਆਪਣੇ ਪੁੱਤਰ ਨੂੰ ਛੁਡਾਉਣ ਦੀ ਮੰਗ ਕੀਤੀ ਹੈ। ਇਧਰ ਪੰਜਾਬ ਮੋਰਚੇ ਦੀ ਟੀਮ ਪੀੜਿਤ ਪਰਿਵਾਰ ਦੇ ਹੱਕ ਵਿੱਚ ਉਤਰ ਆਈ ਹੈ। ਇੱਥੇ ਗੱਲਬਾਤ ਕਰਦਿਆਂ ਪੰਜਾਬ ਮੋਰਚੇ ਦੇ ਕਨਵੀਨਰ ਗੌਰਵ ਰਾਣਾ ਨੇ ਕਿਹਾ ਕਿ ਸਾਡੇ ਦੇਸ ਦੇ ਸਿਸਟਮ ਵਿੱਚ ਅਜੇ ਕਾਫੀ ਕਮੀਆਂ ਹਨ। ਸੁਰਿੰਦਰ ਸਿੰਘ ਵਰਗੇ ਸੈਂਕੜੇ ਹਜਾਰਾਂ ਨੌਜਵਾਨ ਵਿਦੇਸਾਂ ਦੀਆਂ ਵੱਖ-ਵੱਖ ਜੇਲਾ ਵਿੱਚ ਇਸੇ ਕਾਰਨ ਬੰਦ ਹਨ,ਕਿ ਉਹਨਾਂ ਨੂੰ ਬਾਹਰ ਲਿਆਉਣ ਤੇ ਜੁਰਮਾਨੇ ਭਰਨ ਦੀ ਪ੍ਰਕਿਰਿਆ ਦੱਸਣ ਦੇ ਲਈ ਜਿਲਾ ਪੱਧਰ ਤੇ ਕੋਈ ਵੀ ਅਜਿਹੇ ਦਫਤਰ ਨਹੀਂ ਹਨ। ਜਿੱਥੇ ਪੀੜਤ ਪਰਿਵਾਰ ਜਾ ਕੇ ਆਪਣੇ ਬੱਚਿਆਂ ਨੂੰ ਰਿਹਾ ਕਰਾਉਣ ਦੀ ਕਾਰਵਾਈ ਸੁਰੂ ਕਰਵਾ ਸਕਣ। ਉਹਨਾਂ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਨੂੰ ਤੁਰੰਤ ਇਸ ਮਸਲੇ ਵੱਲ ਧਿਆਨ ਦੇਣਾ ਚਾਹੀਦਾ ਹੈ। ਜੇਕਰ ਸਰਕਾਰਾਂ ਨੇ ਇਸ ਮਸਲੇ ਵੱਲ ਧਿਆਨ ਨਾ ਦਿੱਤਾ ਤਾਂ ਸਾਡੀ ਟੀਮ ਵੱਲੋਂ ਠੀਕ 72 ਘੰਟੇ ਬਾਅਦ ਨੌਜਵਾਨ ਨੂੰ ਛੁਡਾਉਣ ਦੇ ਲਈ ਬਣਦਾ ਜੁਰਮਾਨਾ ਤੇ ਅੰਬੈਸੀ ਨਾਲ ਰਾਬਤਾ ਕਾਇਮ ਕਰਨ ਦੇ ਲਈ ਚਾਰਾਜੋਈ ਸ਼ੁਰੂ ਕਰ ਦਿੱਤੀ ਜਾਵੇਗੀ। ਇਸ ਮੌਕੇ ਉੱਥੇ ਯਾਦਵਿੰਦਰ ਸਿੰਘ, ਹਰਪ੍ਰੀਤ ਸਿੰਘ ਕ੍ਰਿਸ਼ਨ ਕੁਮਾਰ, ਗੁਰਦੀਪ ਸਿੰਘ, ਮਨਦੀਪ ਕੌਰ, ਕ੍ਰਿਸ਼ਨਾ ਦੇਵੀ, ਰਜਿੰਦਰ ਸਿੰਘ, ਹਰਜਿੰਦਰ ਸਿੰਘ, ਮਹਿੰਦਰ ਸਿੰਘ, ਹਰਜਿੰਦਰ ਕੌਰ ਸਰਪੰਚ ਯੋਗਰਾਜ ਸਿੰਘ ਤਲਵਿੰਦਰ ਸਿੰਘ, ਸੁਰਿੰਦਰ ਸਿੰਘ, ਰਣਜੀਤ ਸਿੰਘ, ਅਮਰਜੀਤ ਕੌਰ, ਭਜਨ ਕੌਰ, ਸੁਰਿੰਦਰ ਸਿੰਘ ਫੌਜੀ ਆਦਿ ਹਾਜਰ ਸਨ।

## ਸੀ ਟੀ ਗਰੁੱਪ ਨੇ ਟੀਮ ਪਰਿੰਦੇ ਦੇ ਸਹਿਯੋਗ ਨਾਲ ਵੀਕਐਂਡ ਆਫ਼ ਵੈੱਲਨੈੱਸ ਕਰਵਾਇਆ



**ਜਲੰਧਰ ( ਸ਼ੈਲੀ ਐਲਬਰਟ)**- ਸਿਹਤਮੰਦ ਜੀਵਨ ਅਤੇ ਤੰਦਰੁਸਤੀ ਦੇ ਸੰਦੇਸ਼ ਨੂੰ ਉਤਸ਼ਾਹਿਤ ਕਰਦੇ ਹੋਏ, ਸੀਟੀ ਗਰੁੱਪ ਨੇ ਟੀਮ ਪਰਿੰਦੇ ਦੇ ਸਹਿਯੋਗ ਨਾਲ ਇੱਕ ਹੈਲਥ ਐਂਡ ਫਿਟਨੈਸ ਫੈਸਟ ਵੀਕੈਂਡ ਆਫ ਵੈਲਨੈੱਸ ਦਾ ਆਯੋਜਨ ਕੀਤਾ। ਇਹ ਪ੍ਰੋਗਰਾਮ ਮਾਡਲ ਟਾਊਨ ਜਲੰਧਰ ਵਿਖੇ ਜਲੰਧਰ ਪੁਲਸ ਕਮਿਸ਼ਨਰੇਟ, ਜਲੰਧਰ ਨਗਰ ਨਿਗਮ ਅਤੇ 92.7 ਬਿਗ ਐਫ.ਐਮ ਦੇ ਸਹਿਯੋਗ ਨਾਲ ਕਰਵਾਇਆ ਗਿਆ। ਪ੍ਰੋਗਰਾਮ ਵਿੱਚ ਜਲੰਧਰ ਦੇ ਏ.ਡੀ.ਸੀ.ਪੀ-2 ਅਦਿੱਤਿਆ, ਏ.ਸੀ.ਪੀ ਜਲੰਧਰ ਹਰਜਿੰਦਰ ਸਿੰਘ, ਐਸ.ਐਚ.ਓ ਡਵੀਜ਼ਨ-6 ਅਜਾਇਬ ਸਿੰਘ, ਕੌਂਸਲਰ ਅਰੁਣਾ ਅਰੋੜਾ, ਡਾ. ਸੁਸ਼ਮਾ ਚਾਵਲਾ ਅਤੇ ਆਰ.ਜੇ ਧੀਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ । ਇਸ ਫਿਟਨੈੱਸ ਈਵੈਂਟ ਚ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਾਰਿਆਂ ਨੇ ਹਿੱਸਾ ਲਿਆ। ਸਿਹਤ, ਤੰਦਰੁਸਤੀ ਅਤੇ ਏਕਤਾ ਦਾ ਸੰਦੇਸ਼ ਮਨੋਰੰਜਕ ਢੰਗ ਨਾਲ ਦਿੱਤਾ ਗਿਆ। ਹਾਜ਼ਰ ਲੋਕਾਂ ਨੇ ਪਰਿੰਦੇ ਕਿਡਜ਼ ਕਾਰਨੀਵਲ, ਯੋਗਾ ਸੈਸ਼ਨ, ਜ਼ੁੰਬਾ, ਸਾਈਕਲਿੰਗ ਅਤੇ ਹੋਰ ਵੱਖ-ਵੱਖ ਫਿਟਨੈਸ ਗਤੀਵਿਧੀਆਂ ਵਿੱਚ ਹਿੱਸਾ ਲਿਆ। ਪ੍ਰੋਗਰਾਮ ਦੀ ਖਾਸ ਗੱਲ ਇਹ ਸੀ ਕਿ ਮਾਡਲ ਟਾਊਨ ਦੀਆਂ ਗਲੀਆਂ ਦੇ ਟ੍ਰੈਫਿਕ ਰਹਿਤ ਏਰੀਏ ਵਿੱਚ ਵੱਖ-ਵੱਖ ਉਮਰ ਦੇ ਲੋਕ ਵੱਖ ਵੱਖ ਗਤੀਵਿਧੀਆਂ ਵਿੱਚ ਭਾਗ ਲੈਂਦੇ ਨਜ਼ਰ ਆਏ । ਇਸ ਤੋਂ ਇਲਾਵਾ, ਇਵੈਂਟ ਨੂੰ ਵੱਖ-ਵੱਖ ਫਿਟਨੈਸ ਕਲੱਬਾਂ - ਸਕਾਈ ਰਾਈਡਰਜ਼ ਅਤੇ ਹੋਕ ਰਾਈਡਰਸ ਨੇ ਸ਼ਿਰਕਤ ਕੀਤੀ। ਇਸ ਮੌਕੇ ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ; ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ; ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਸੀਟੀ ਗਰੁੱਪ ਦੀ ਕੋ-ਚੇਅਰਪਰਸਨ ਪਰਮਿੰਦਰ ਕੌਰ; ਕੋਰ ਟੀਮ ਮੈਂਬਰ ਤਨਿਕਾ ਚੰਨੀ, ਦੇ ਨਾਲ ਨਾਲ ਸੀਟੀ ਗਰੁੱਪ ਦੇ ਸਟਾਫ਼ ਮੈਂਬਰਾਂ ਅਤੇ ਉਤਸ਼ਾਹੀ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ । ਟੀਮ ਪਰਿੰਦੇ ਦੇ ਸੰਸਥਾਪਕ ਰਾਜਨ ਸਿਆਲ ਨੇ ਕਿਹਾ ਕਿ ਹਰ ਕਿਸੇ ਨੂੰ ਫਿੱਟ ਰਹਿਣ ਲਈ ਸਿਹਤਮੰਦ ਜੀਵਨ ਸ਼ੈਲੀ ਅਪਣਾਉਣੀ ਚਾਹੀਦੀ ਹੈ। ਕਸਰਤ ਬਹੁਤ ਜ਼ਰੂਰੀ ਹੈ, ਭਾਵੇਂ ਉਹ ਭੰਗੜਾ ਦੇ ਰੂਪ ਵਿੱਚ ਹੋਵੇ।